@Qpatrika @qaumipatrika punjabi instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Wednesday, 2 July 2025

VISIT: www.qaumipatrika.org Email: qpatrika@gmail.com

ਨਵੀਂ ਦਿੱਲੀ: ਬੁੱਧਵਾਰ 2 ਜੁਲਾਈ 2025, 18 ਹਾੜ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 43, ਅੰਕ 232, qpatrika@gmail.com ਫੋਨ : 9971359517 www.qaumipatrika.org

## ਮੋਦੀ ਕੈਬਨਿਟ ਨੇ ਨਵੀਂ ਖੇਡ ਨੀਤੀ ਨੂੰ ਦਿੱਤੀ ਹਰੀ ਝੰਡੀ, ਮੀਟਿੰਗ 'ਚ ਲਏ ਗਏ 4 ਵੱਡੇ ਫੈਸਲੇ

ਕੌਮੀ ਪਤ੍ਰਿਕਾ

ਸਿੰਮੀ ਕੌਰ ਬੱਬਰ

ਨੈਸ਼ਨਲ ਡੈਸਕ 1 ਜੁਲਾਈ। ਮੰਗਲਵਾਰ, 1 ਜੁਲਾਈ, 2025 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਕੇਂਦਰੀ ਕੈਬਨਿਟ ਦੀ ਇੱਕ ਮੀਟਿੰਗ ਹੋਈ, ਜਿਸ 'ਚ ਦੇਸ਼ ਦੇ ਵਿਕਾਸ ਅਤੇ ਰੁਜ਼ਗਾਰ ਨਾਲ ਸਬੰਧਤ ਕਈ ਮਹੱਤਵਪੂਰਨ ਫੈਸਲੇ ਲਏ ਗਏ। ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ ਕਿ ਸਰਕਾਰ ਨੇ ਰੁਜ਼ਗਾਰ ਨਾਲ ਜੁੜੀ ਪ੍ਰੋਤਸਾਹਨ ਯੋਜਨਾ, ਖੋਜ ਅਤੇ ਵਿਕਾਸ ਅਤੇ ਨਵੀਨਤਾ ਯੋਜਨਾ, ਰਾਸ਼ਟਰੀ ਖੇਡ ਨੀਤੀ ਅਤੇ ਪਰਮਾਕੁਡੀ-ਰਾਮਨਾਥਪੁਰਮ ਹਾਈਵੇਅ ਨੂੰ ਚੌੜਾ ਕਰਨ ਨੂੰ ਮਨਜ਼ੂਰੀ ਦੇ ਦਿੱਤੀ ਹੈ। ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ ਕਿ ਕੈਬਨਿਟ ਨੇ ਪਰਮਾਕੁਡੀ ਤੋਂ ਰਾਮਨਾਥਪੁਰਮ ਤੱਕ ਰਾਸ਼ਟਰੀ ਰਾਜਮਾਰਗ ਨੂੰ ਚਾਰ ਮਾਰਗੀ ਬਣਾਉਣ ਦੀ ਯੋਜਨਾ ਨੂੰ ਹਰੀ ਝੰਡੀ ਦੇ ਦਿੱਤੀ ਹੈ। ਇਹ ਤਾਮਿਲਨਾਡੂ ਦੇ ਤੱਟਵਰਤੀ ਖੇਤਰ ਦੇ ਲੋਕਾਂ ਦੀ ਲੰਬੇ ਸਮੇਂ ਤੋਂ ਵੱਡੀ ਮੰਗ ਸੀ। ਇਸ ਪ੍ਰੋਜੈਕਟ ਨਾਲ ਪੰਬਨ ਪੁਲ ਦੀ ਕਨੈਕਟੀਵਿਟੀ ਵੀ ਬਿਹਤਰ ਹੋਵੇਗੀ। ਇਸ 46.7 ਕਿਲੋਮੀਟਰ ਲੰਬੇ ਹਾਈਵੇਅ ਦੇ ਨਿਰਮਾਣ ਦੀ ਕੁੱਲ ਲਾਗਤ ਲਗਭਗ 1,853 ਕਰੋੜ ਰੁਪਏ ਹੋਣ ਦਾ ਅਨੁਮਾਨ ਹੈ। ਕੇਂਦਰੀ ਮੰਤਰੀ ਨੇ ਰੁਜ਼ਗਾਰ ਨਾਲ ਜੁੜੇ ਪ੍ਰੋਤਸਾਹਨ (ELI) ਯੋਜਨਾ ਬਾਰੇ ਦੱਸਿਆ ਕਿ ਇਸ ਯੋਜਨਾ ਦਾ ਉਦੇਸ਼ ਦੇਸ਼ ਵਿੱਚ ਦੋ ਸਾਲਾਂ ਵਿੱਚ 3.5 ਕਰੋੜ ਤੋਂ ਵੱਧ ਨਵੀਆਂ ਨੌਕਰੀਆਂ ਪੈਦਾ ਕਰਨ ਨੂੰ ਉਤਸ਼ਾਹਿਤ ਕਰਨਾ ਹੈ। ਇਸ ਲਈ 99,446 ਕਰੋੜ ਰੁਪਏ ਅਲਾਟ ਕੀਤੇ ਗਏ ਹਨ। ਪਹਿਲਾ ਭਾਗ: ਪਹਿਲੀ ਵਾਰ ਨੌਕਰੀ ਲੱਭਣ ਵਾਲਿਆਂ ਨੂੰ ਦੋ ਕਿਸ਼ਤਾਂ ਵਿੱਚ ਇੱਕ ਮਹੀਨੇ ਦੀ ਤਨਖਾਹ (15,000 ਤੱਕ) ਦਿੱਤੀ ਜਾਵੇਗੀ। ਦੂਜਾ ਭਾਗ: ਘੱਟੋ-ਘੱਟ ਛੇ ਮਹੀਨਿਆਂ ਲਈ ਨਿਰੰਤਰ ਰੁਜ਼ਗਾਰ ਪ੍ਰਦਾਨ ਕਰਨ ਵਾਲੇ ਹਰੇਕ ਨਵੇਂ ਕਰਮਚਾਰੀ ਲਈ ਮਾਲਕਾਂ ਨੂੰ ਦੋ ਸਾਲਾਂ ਲਈ ਹਰ ਮਹੀਨੇ 3,000 ਤੱਕ ਦਾ ਪ੍ਰੋਤਸਾਹਨ ਮਿਲੇਗਾ। ਇਸ ਤੋਂ ਇਲਾਵਾ, ਇਹ ਪ੍ਰੋਤਸਾਹਨ ਨਿਰਮਾਣ ਖੇਤਰ ਵਿੱਚ ਤੀਜੇ ਅਤੇ ਚੌਥੇ ਸਾਲ ਲਈ ਜਾਰੀ ਰਹੇਗਾ।



ਅਸ਼ਵਿਨੀ ਵੈਸ਼ਨਵ ਨੇ ਖੋਜ ਵਿਕਾਸ ਅਤੇ ਨਵੀਨਤਾ ਯੋਜਨਾ ਬਾਰੇ ਇਹ ਵੀ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਹਿਲਾਂ ਹੀ ਨੈਸ਼ਨਲ ਰਿਸਰਚ ਫਾਊਂਡੇਸ਼ਨ (ANRF) ਨੂੰ ਮਨਜ਼ੂਰੀ ਦੇ ਦਿੱਤੀ ਹੈ। ANRF ਨੇ ਇਜ਼ਰਾਈਲ, ਅਮਰੀਕਾ, ਸਿੰਗਾਪੁਰ ਅਤੇ ਜਰਮਨੀ ਵਰਗੇ ਦੇਸ਼ਾਂ ਵਿੱਚ ਖੋਜ ਪ੍ਰੋਗਰਾਮਾਂ ਦਾ ਡੂੰਘਾਈ ਨਾਲ ਅਧਿਐਨ ਕੀਤਾ ਹੈ ਅਤੇ ਇਸ ਤੋਂ ਪ੍ਰਾਪਤ ਸਿੱਖਿਆ ਦੇ ਆਧਾਰ 'ਤੇ, ਇੱਕ ਨਵੀਂ ਯੋਜਨਾ ਤਿਆਰ ਕੀਤੀ ਗਈ ਹੈ, ਜੋ ਦੇਸ਼ ਵਿੱਚ ਖੋਜ ਅਤੇ ਨਵੀਨਤਾ ਨੂੰ ਉਤਸ਼ਾਹਿਤ ਕਰੇਗੀ। ਨਵੀਂ ਰਾਸ਼ਟਰੀ ਖੇਡ ਨੀਤੀ (**NSP**) 2025, ਜੋ ਖੇਡ ਨੀਤੀ-2001 ਦੀ ਥਾਂ ਲਵੇਗੀ, ਦਾ ਉਦੇਸ਼ ਭਾਰਤ ਨੂੰ ਖੇਡਾਂ ਦੇ ਖੇਤਰ ਵਿੱਚ ਇੱਕ ਵਿਸ਼ਵ ਪੱਧਰੀ ਸੁਪਰਪਾਵਰ ਬਣਾਉਣਾ ਹੈ। ਇਸ ਨੀਤੀ ਦਾ ਉਦੇਸ਼ ਓਲੰਪਿਕ 2036 ਅਤੇ ਹੋਰ ਅੰਤਰਰਾਸ਼ਟਰੀ ਖੇਡ ਸਮਾਗਮਾਂ ਵਿੱਚ ਦੇਸ਼ ਦੀ ਮਜ਼ਬੂਤ ਮੌਜੂਦਗੀ ਨੂੰ ਯਕੀਨੀ ਬਣਾਉਣਾ ਹੈ। NSP-2025 ਦੀ ਤਿਆਰੀ ਵਿੱਚ ਕੇਂਦਰੀ ਮੰਤਰਾਲਿਆਂ, ਨੀਤੀ ਆਯੋਗ, ਰਾਜ ਸਰਕਾਰਾਂ, ਰਾਸ਼ਟਰੀ ਖੇਡ ਸੰਘਾਂ, ਖਿਡਾਰੀਆਂ, ਮਾਹਿਰਾਂ ਅਤੇ ਆਮ ਜਨਤਾ ਦੀ ਰਾਏ ਸ਼ਾਮਲ ਕੀਤੀ ਗਈ ਹੈ। ਇਸ ਨੀਤੀ ਦੇ ਪੰਜ ਮੁੱਖ ਥੰਮ ਹਨ। ਇਹ ਨੀਤੀ ਜ਼ਮੀਨੀ ਪੱਧਰ ਤੋਂ ਲੈ ਕੇ ਅੰਤਰਰਾਸ਼ਟਰੀ ਪੱਧਰ ਤੱਕ ਖੇਡ ਢਾਂਚੇ ਨੂੰ ਮਜ਼ਬੂਤ ??ਕਰਨ 'ਤੇ ਕੇਂਦ੍ਰਿਤ ਹੈ। ਪ੍ਰਤਿਭਾ ਦੀ ਪਛਾਣ, ਸਿਖਲਾਈ, ਕੋਚਿੰਗ ਅਤੇ ਖਿਡਾਰੀਆਂ ਦੇ ਵਿਕਾਸ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ। ਇਸ ਦੇ ਨਾਲ, ਖੇਡ ਵਿਗਿਆਨ, ਦਵਾਈ ਅਤੇ ਤਕਨੀਕੀ ਤਰੱਕੀ ਨੂੰ ਉਤਸ਼ਾਹਿਤ ਕੀਤਾ ਜਾਵੇਗਾ।

## ਦਿੱਲੀ ਸਿੰਚਾਈ ਵਿਭਾਗ 'ਚ 4.6 ਕਰੋੜ ਰੁਪਏ ਦੀ ਧੋਖਾਦੇਹੀ, ਇੰਜੀਨੀਅਰ ਤੇ ਠੇਕੇਦਾਰ ਗ੍ਰਿਫ਼ਤਾਰ

ਨਵੀਂ ਦਿੱਲੀ 1 ਜੁਲਾਈ। ਦਿੱਲੀ ਸਰਕਾਰ ਦੀ ਭ੍ਰਿਸ਼ਟਾਚਾਰ ਰੋਕੂ ਸ਼ਾਖਾ (ਏ. ਸੀ. ਬੀ.) ਨੇ ਸਿੰਚਾਈ ਅਤੇ ਹੜ ਕੰਟਰੋਲ (ਆਈ. ਐਂਡ ਐੱਫ. ਸੀ.) ਵਿਭਾਗ ਵਿਚ 4.6 ਕਰੋੜ ਰੁਪਏ ਤੋਂ ਵੱਧ ਦੀ ਧੋਖਾਦੇਹੀ ਦੇ ਦੋਸ਼ ਹੇਠ ਇਕ ਮੁਅੱਤਲ ਕਾਰਜਕਾਰੀ ਇੰਜੀਨੀਅਰ ਅਤੇ ਇਕ ਨਿੱਜੀ ਠੇਕੇਦਾਰ ਨੂੰ ਗ੍ਰਿਫ਼ਤਾਰ ਕੀਤਾ ਹੈ। ਇਕ ਅਧਿਕਾਰੀ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਦੋਵਾਂ ਮੁਲਜ਼ਮਾਂ ਨੇ ਧੋਖਾਦੇਹੀ ਕਰਦੇ ਹੋਏ ਕਥਿਤ ਤੌਰ 'ਤੇ ਅਜਿਹੇ ਨਿਰਮਾਣ ਕੰਮਾਂ ਲਈ 4.6 ਕਰੋੜ ਰੁਪਏ ਤੋਂ ਵੱਧ ਦੇ ਭੁਗਤਾਨ ਕਰਵਾਏ ਜੋ ਕਦੇ ਹੋਏ ਹੀ ਨਹੀਂ। ਇਹ ਬੇਨਿਯਮੀਆਂ ਉੱਤਰੀ ਦਿੱਲੀ ਦੇ ਸਿਰਸਪੁਰ ਪਿੰਡ ਵਿਚ ਜਲ ਨਿਕਾਸੀ ਅਤੇ ਸੜਕ ਪ੍ਰਾਜੈਕਟਾਂ ਨਾਲ ਸੰਬੰਧਤ ਹਨ। ਇਨ੍ਹਾਂ ਜਲ ਨਿਕਾਸੀ ਅਤੇ ਸੜਕ ਪ੍ਰਾਜੈਕਟਾਂ ਦਾ ਕੰਮ ਸਿਰਫ ਕਾਗਜ਼ਾਂ 'ਤੇ ਹੋਇਆ। ਇਹ ਮਾਮਲਾ ਇਕ ਅੰਦਰੂਨੀ ਜਾਂਚ ਦੌਰਾਨ ਸਾਹਮਣੇ ਆਇਆ। ਜਾਂਚ ਦੌਰਾਨ ਪਤਾ ਲੱਗਾ ਹੈ ਕਿ ਕੰਮਾਂ ਦੇ ਮੌਕੇ 'ਤੇ ਤਸਦੀਕ ਕੀਤੇ ਬਿਨਾਂ ਕੁਝ ਠੇਕੇਦਾਰਾਂ ਨੂੰ ਭੁਗਤਾਨ ਕਰ ਦਿੱਤਾ ਗਿਆ।

## ਕੋਲਕਾਤਾ ਲਾਅ ਕਾਲਜ ਸਮੂਹਿਕ ਜਬਰ-ਜਨਾਹ ਖ਼ਿਲਾਫ਼ ਵਿਦਿਆਰਥੀਆਂ ਨੇ ਕੀਤਾ ਵਿਰੋਧ ਪ੍ਰਦਰਸ਼ਨ

ਨੈਸ਼ਨਲ ਡੈਸਕ 1 ਜੁਲਾਈ। ਦੱਖਣੀ ਕੋਲਕਾਤਾ ਲਾਅ ਕਾਲਜ ਦੇ ਵਿਦਿਆਰਥੀਆਂ ਨੇ ਇੱਕ ਵਿਦਿਆਰਥਣ ਨਾਲ ਪਿਛਲੇ ਮਹੀਨੇ ਹੋਏ ਸਮੂਹਿਕ ਜਬਰ-ਜਨਾਹ ਦੇ ਵਿਰੋਧ ਵਿੱਚ ਪ੍ਰਦਰਸ਼ਨ ਕੀਤਾ ਅਤੇ ਕੈਂਪਸ ਵਿੱਚ ਸੁਰੱਖਿਆ ਦੀ ਮੰਗ ਕੀਤੀ। ਹੱਥਾਂ ਵਿੱਚ ਤਖ਼ਤੀਆਂ ਫੜ ਕੇ, ਪ੍ਰਦਰਸ਼ਨਕਾਰੀ ਵਿਦਿਆਰਥੀਆਂ ਨੇ ਕਾਲਜ ਦੇ ਸਾਹਮਣੇ ਨਾਅਰੇਬਾਜ਼ੀ ਕੀਤੀ ਅਤੇ ਇਨਸਾਫ਼ ਦੀ ਮੰਗ ਕੀਤੀ ਅਤੇ ਕਾਲਜ ਦੀ ਗਵਰਨਿੰਗ ਬਾਡੀ ਵਿੱਚ ਵਿਆਪਕ ਸੁਧਾਰਾਂ ਦੀ ਲੋੜ 'ਤੇ ਜ਼ੋਰ ਦਿੱਤਾ। ਇਸ ਦੌਰਾਨ, ਕਾਲਜ ਪ੍ਰਸ਼ਾਸਨ ਨੇ ਸਮੂਹਿਕ ਬਲਾਤਕਾਰ ਦੀ ਘਟਨਾ ਵਿੱਚ ਸ਼ਾਮਲ ਦੋ ਵਿਦਿਆਰਥੀਆਂ ਨੂੰ ਕਾਲਜ ਵਿੱਚੋਂ ਕੱਢ ਦਿੱਤਾ ਹੈ, ਜਦੋਂ ਕਿ ਮੁੱਖ ਦੋਸ਼ੀ ਅਤੇ ਇੱਕ ਕਰਮਚਾਰੀ ਨੂੰ ਬਰਖਾਸਤ ਕਰ ਦਿੱਤਾ ਗਿਆ ਹੈ। ਇੱਕ ਪ੍ਰਦਰਸ਼ਨਕਾਰੀ ਵਿਦਿਆਰਥੀ ਨੇ ਕਿਹਾ, ਇਸ ਘਟਨਾ ਵਿੱਚ ਸ਼ਾਮਲ ਲੋਕਾਂ ਲਈ ਸਾਡੇ ਕਾਲਜ ਵਿੱਚ ਕੋਈ ਜਗ?ਹਾ ਨਹੀਂ ਹੋ ਸਕਦੀ। ਇੱਕ ਹੋਰ ਵਿਦਿਆਰਥੀ ਨੇ ਕਿਹਾ ਕਿ ਅਜਿਹੀਆਂ ਘਟਨਾਵਾਂ ਲਾਅ ਕਾਲਜ ਦੀ ਸਾਖ ਨੂੰ ਨੁਕਸਾਨ ਪਹੁੰਚਾ ਰਹੀਆਂ ਹਨ। ਕਾਲਜ ਕੈਂਪਸ ਵਿੱਚ ਸੁਰੱਖਿਆ ਪ੍ਰਬੰਧਾਂ 'ਤੇ ਸਵਾਲ ਉਠਾਉਂਦੇ ਹੋਏ, ਇੱਕ ਵਿਦਿਆਰਥਣ ਨੇ ਕਿਹਾ, ਸਾਡੇ ਮਾਪੇ ਸਾਨੂੰ ਇਸ ਵਿਸ਼ਵਾਸ ਨਾਲ ਕਾਲਜ ਭੇਜਦੇ ਹਨ ਕਿ ਪ੍ਰਸ਼ਾਸਨ ਸਾਡੀ ਸੁਰੱਖਿਆ ਨੂੰ ਯਕੀਨੀ ਬਣਾਏਗਾ।

## ਚੇਅਰਮੈਨ ਨੇ ਪ੍ਰਧਾਨ ਮੰਤਰੀ ਮੋਦੀ ਦੀਆਂ ਕੋਸ਼ਿਸ਼ਾਂ ਦੀ ਕੀਤੀ ਤਾਰੀਫ਼

ਨੈਸ਼ਨਲ ਡੈਸਕ 1 ਜੁਲਾਈ। ਬ੍ਰਿਕਸ ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀ ਦੇ ਚੇਅਰਮੈਨ ਹਰਵੰਸ਼ ਚਾਵਲਾ ਨੇ ਬ੍ਰਿਕਸ ਸਮੂਹ ਵਿਚ ਭਾਰਤ ਦੀ ਮਹੱਤਤਾ ਨੂੰ ਉਜਾਗਰ ਕਰਦੇ ਹੋਏ ਕਿਹਾ ਕਿ ਸਾਡੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸ਼ਖ਼ਸੀਅਤ ਅਤੇ ਪਹਿਲਕਦਮੀਆਂ ਦੇ ਕਾਰਨ, ਭਾਰਤ ਇਸ ਵਾਰ ਬ੍ਰਿਕਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਵੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ 5 ਤੋਂ 8 ਜੁਲਾਈ ਤੱਕ ਬ੍ਰਾਜ਼ੀਲ ਦਾ ਦੌਰਾ ਕਰਨਗੇ ਅਤੇ 17ਵੇਂ ਬ੍ਰਿਕਸ ਸੰਮੇਲਨ ਵਿਚ ਹਿੱਸਾ ਲੈਣਗੇ, ਜੋ ਕਿ 6 ਤੋਂ 7 ਜੁਲਾਈ ਤਕ ਰੀਓ ਡੀ ਜਨੇਰੀਓ ਵਿਚ ਆਯੋਜਿਤ ਕੀਤਾ ਜਾਵੇਗਾ। ਇਕ ਇੰਟਰਵਿਊ ਦੌਰਾਨ ਉਨ੍ਹਾਂ ਕਿਹਾ ਕਿ ਸਾਡੇ ਪ੍ਰਧਾਨ ਮੰਤਰੀ ਦੀ ਸ਼ਖ਼ਸੀਅਤ ਅਤੇ ਪਹਿਲਕਦਮੀਆਂ ਦੇ ਕਾਰਨ, ਭਾਰਤ ਨੂੰ ਇਸ ਵਾਰ ਬ੍ਰਿਕਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਣੀ ਹੈ। ਚਾਵਲਾ ਨੇ ਜ਼ੋਰ ਦੇ ਕੇ ਕਿਹਾ ਕਿ ਭਾਰਤ 2026 ਵਿਚ ਬ੍ਰਿਕਸ ਸੰਮੇਲਨ ਦਾ ਮੇਜ਼ਬਾਨ ਦੇਸ਼ ਹੋਵੇਗਾ ਅਤੇ ਅਗਲੇ ਸਾਲ ਲਈ ਸਮੂਹ ਦੀ ਪ੍ਰਧਾਨਗੀ ਕਰੇਗਾ।

## ਅੱਜ ਤੋਂ ਇਨ੍ਹਾਂ ਵਾਹਨਾਂ 'ਚ ਨਹੀਂ ਪਾਇਆ ਜਾਵੇਗਾ ਪੈਟਰੋਲ, ਲੱਗੇਗਾ 10000 ਰੁਪਏ ਦਾ ਜੁਰਮਾਨਾ

ਕੌਮੀ ਪਤ੍ਰਿਕਾ

ਨੈਸ਼ਨਲ ਡੈਸਕ 1 ਜੁਲਾਈ। ਦਿੱਲੀ ਸਰਕਾਰ ਨੇ ਰਾਜਧਾਨੀ ਵਿੱਚ ਪ੍ਰਦੂਸ਼ਣ ਕੰਟਰੋਲ ਸਬੰਧੀ ਇੱਕ ਮਹੱਤਵਪੂਰਨ ਅਤੇ ਸਖ਼ਤ ਕਦਮ ਚੁੱਕਿਆ ਹੈ। ਅੱਜ, ਯਾਨੀ 1 ਜੁਲਾਈ 2025 ਤੋਂ, ਦਿੱਲੀ ਸਰਕਾਰ ਪੁਰਾਣੇ ਵਾਹਨਾਂ ਦੀ ਵਰਤੋਂ ਨੂੰ ਰੋਕਣ ਲਈ ਇੱਕ ਵੱਡੀ ਕਾਰਜ ਯੋਜਨਾ ਨਾਲ ਪੂਰੀ ਤਰ੍ਹਾਂ ਤਿਆਰ ਹੈ। ਦਿੱਲੀ ਸਰਕਾਰ ਪ੍ਰਦੂਸ਼ਣ 'ਤੇ ਸਭ ਤੋਂ ਵੱਡਾ ਹਮਲਾ ਕਰਨ ਜਾ ਰਹੀ ਹੈ। 1 ਜੁਲਾਈ, 2025 ਤੋਂ 15 ਸਾਲ ਤੋਂ ਪੁਰਾਣੇ ਪੈਟਰੋਲ ਅਤੇ ਸੀਐਨਜੀ ਵਾਹਨਾਂ ਅਤੇ 10 ਸਾਲ ਤੋਂ ਪੁਰਾਣੇ ਡੀਜ਼ਲ ਵਾਹਨਾਂ ਨੂੰ ਜੀਵਨ ਦਾ ਅੰਤ (EOL) ਵਾਹਨ ਮੰਨਿਆ ਜਾਵੇਗਾ। ਅਜਿਹੇ ਸਾਰੇ ਵਾਹਨਾਂ ਨੂੰ ਨਾ ਸਿਰਫ਼ ਸੜਕਾਂ ਤੋਂ ਹਟਾਇਆ ਜਾਵੇਗਾ, ਸਗੋਂ ਉਨ੍ਹਾਂ ਨੂੰ ਹੁਣ ਕਿਸੇ ਵੀ ਪੈਟਰੋਲ ਪੰਪ ਤੋਂ ਪੈਟਰੋਲ ਨਹੀਂ ਦਿੱਤਾ ਜਾਵੇਗਾ। ਇਸ ਹੁਕਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਸਰਕਾਰ ਨੇ ਸਟੈਂਡਰਡ ਓਪਰੇਟਿੰਗ ਪ੍ਰਕਿਰਿਆਵਾਂ (SOPs) ਜਾਰੀ ਕੀਤੀਆਂ ਹਨ, ਜੋ ਕਿ ਦਿੱਲੀ ਦੇ ਸਾਰੇ ਬਾਲਣ ਪੰਪ ਸੰਚਾਲਕਾਂ ਅਤੇ ਲਾਗੂ ਕਰਨ ਵਾਲੇ ਅਧਿਕਾਰੀਆਂ ਲਈ ਲਾਜ਼ਮੀ ਹੋਣਗੀਆਂ। ਇਸ ਹੁਕਮ ਦੇ ਸਬੰਧ ਵਿਚ ਸਰਕਾਰ ਦਾ ਕਹਿਣਾ ਹੈ ਕਿ ਅੱਜ ਤੋਂ ਦਿੱਲੀ ਵਿੱਚ ਮਿਆਦ ਪੁੱਗਣ ਵਾਲੇ ਵਾਹਨਾਂ 'ਤੇ ਜੁਰਮਾਨੇ ਲਗਾਏ ਜਾਣਗੇ। ਜਿਨ੍ਹਾਂ ਵਾਹਨਾਂ ਦੀ ਉਮਰ ਪੂਰੀ ਹੋ ਗਈ ਹੈ, ਉਨ੍ਹਾਂ ਨੂੰ ਅੱਜ ਤੋਂ



ਜ਼ਬਤ ਕਰ ਲਿਆ ਜਾਵੇਗਾ। ਅੱਜ ਤੋਂ ਦਿੱਲੀ ਵਿੱਚ 15 ਸਾਲ ਪੁਰਾਣੇ ਪੈਟਰੋਲ ਵਾਹਨਾਂ ਅਤੇ 10 ਸਾਲ ਪੁਰਾਣੇ ਡੀਜ਼ਲ ਵਾਹਨਾਂ ਨੂੰ ਪੈਟਰੋਲ ਨਹੀਂ ਮਿਲੇਗਾ। ਜੇਕਰ ਫੜਿਆ ਗਿਆ ਤਾਂ 10,000 ਰੁਪਏ ਦਾ ਚਲਾਨ ਵੀ ਜਾਰੀ ਕੀਤਾ ਜਾਵੇਗਾ। ਜੇਕਰ ਦੋਪਹੀਆ ਵਾਹਨਾਂ ਨੂੰ ਉਨ੍ਹਾਂ ਦੀ ਉਮਰ ਪੂਰੀ ਹੋਣ ਤੋਂ ਬਾਅਦ ਜ਼ਬਤ ਕੀਤਾ ਜਾਂਦਾ ਹੈ, ਤਾਂ ਮਾਲਕ ਨੂੰ 5,000 ਰੁਪਏ ਦਾ ਜੁਰਮਾਨਾ ਲਗਾਇਆ ਜਾਵੇਗਾ। ਦਿੱਲੀ ਦੇ ਸਾਰੇ ਫਿਊਲ ਸਟੇਸ਼ਨਾਂ 'ਤੇ ANPR ਕੈਮਰੇ ਲਗਾਏ ਗਏ ਹਨ, ਜੋ ਵਾਹਨ ਦੀ ਨੰਬਰ ਪਲੇਟ ਨੂੰ ਸਕੈਨ ਕਰਨਗੇ। ਜਿਵੇਂ ਹੀ ਕੋਈ ਪੁਰਾਣਾ (5®*) ਵਾਹਨ ਪੰਪ 'ਤੇ ਪਹੁੰਚਦਾ ਹੈ, ਕੈਮਰਾ ਇਸਦੀ ਪਛਾਣ ਕਰੇਗਾ ਅਤੇ ਸਬੰਧਤ ਸਟਾਫ ਨੂੰ ਚਿਤਾਵਨੀ ਦੇਵੇਗਾ। ਇਸ ਤੋਂ ਬਾਅਦ ਪੰਪ ਅਟੈਂਡੈਂਟ ਵਾਹਨ ਮਾਲਕ ਨੂੰ ਈਂਧਨ ਦੇਣ ਤੋਂ ਸਪੱਸ਼ਟ ਤੌਰ 'ਤੇ ਇਨਕਾਰ ਕਰ ਦੇਵੇਗਾ। ਇਸ ਮੁਹਿੰਮ ਤਹਿਤ ਦਿੱਲੀ ਵਿੱਚ 350 ਪੈਟਰੋਲ ਪੰਪਾਂ ਦੀ ਪਛਾਣ ਕੀਤੀ ਗਈ। ਦਿੱਲੀ ਪੁਲਸ ਦੀਆਂ ਟੀਮਾਂ 100 ਸਭ ਤੋਂ ਵੱਧ ਵਿਅਸਤ ਪੈਟਰੋਲ ਪੰਪਾਂ 'ਤੇ ਤਾਇਨਾਤ ਕੀਤੀਆਂ ਜਾਣਗੀਆਂ। ਟਰਾਂਸਪੋਰਟ ਵਿਭਾਗ ਦੇ ਅਧਿਕਾਰੀ 59 ਪੰਪਾਂ ਦੀ ਨਿਗਰਾਨੀ ਕਰਨਗੇ। 91 ਸੰਵੇਦਨਸ਼ੀਲ ਪੈਟਰੋਲ ਪੰਪਾਂ 'ਤੇ ਸਾਂਝੀਆਂ ਟੀਮਾਂ ਤਾਇਨਾਤ ਕੀਤੀਆਂ ਜਾਣਗੀਆਂ, ਜਿਸ ਵਿੱਚ ਦਿੱਲੀ ਪੁਲਸ ਅਤੇ ਟਰਾਂਸਪੋਰਟ ਵਿਭਾਗ ਦੋਵੇਂ ਸ਼ਾਮਲ ਹੋਣਗੇ। ਨਗਰ ਨਿਗਮ (ਐੱਮਸੀਡੀ) ਦੇ ਕਰਮਚਾਰੀ 100 ਘੱਟ ਸੰਵੇਦਨਸ਼ੀਲ ਪੰਪਾਂ ਦੀ ਨਿਗਰਾਨੀ ਕਰਨਗੇ। ਦਿੱਲੀ ਵਿੱਚ ਲਗਭਗ 62 ਲੱਖ ਵਾਹਨ ਹਨ ਜੋ ਹੁਣ EoL ਸ਼੍ਰੇਣੀ ਵਿੱਚ ਆਉਂਦੇ ਹਨ। ਇਨ੍ਹਾਂ ਵਿੱਚ 41 ਲੱਖ ਦੋਪਹੀਆ ਵਾਹਨ ਅਤੇ 18 ਲੱਖ ਚਾਰ ਪਹੀਆ ਵਾਹਨ ਸ਼ਾਮਲ ਹਨ।

## ਪੰਜਾਬ ਸਰਕਾਰ ਦਾ ਵੱਡਾ ਫ਼ੈਸਲਾ, ਹੁਣ ਹਰ ਸਾਲ ਨਹੀਂ ਲੈਣੀ ਪਵੇਗੀ ਫਾਇਰ ਐੱਨ. ਓ. ਸੀ.

ਕੌਮੀ ਪਤ੍ਰਿਕਾ

ਚੰਡੀਗੜ੍ਹ 1 ਜੁਲਾਈ। ਪੰਜਾਬ ਦੇ ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਨੇ ਇੱਥੇ ਅਹਿਮ ਪ੍ਰੈੱਸ ਕਾਨਫਰੰਸ ਕਰਦਿਆਂ ਕਿਹਾ ਕਿ ਅਸੀਂ ਲੋਕਾਂ ਲਈ ਕਾਨੂੰਨ 'ਚ ਕਈ ਤਰ੍ਹਾਂ ਦੇ ਬਦਲਾਅ ਕੀਤੇ ਹਨ ਤਾਂ ਜੋ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਫਾਇਰ ਐੱਨ. ਓ. ਸੀ ਲਈ ਪਿਛਲੇ ਸਮੇਂ ਦੌਰਾਨ ਰਾਜਪਾਲ ਵਲੋਂ ਨਿਯਮਾਂ ਨੂੰ ਹਰੀ ਝੰਡੀ ਦਿੱਤੀ ਗਈ ਸੀ, ਜਿਸ ਤੋਂ ਬਾਅਦ ਕੈਬਨਿਟ ਨੇ ਵੀ ਇਸ ਦੀ ਮਨਜ਼ੂਰੀ ਦੇ ਦਿੱਤੀ। ਮੰਤਰੀ ਸੌਂਦ ਨੇ ਕਿਹਾ ਕਿ ਜੇਕਰ ਇਸ ਦੀਆਂ ਵਿਸ਼ੇਸ਼ਤਾਵਾਂ ਵੱਲ ਧਿਆਨ ਮਾਰੀਏ ਤਾਂ ਜਿਹੜੀ ਅੱਗ ਬੁਝਾਊ (ਫਾਇਰ) ਐੱਨ. ਓ. ਸੀ. ਹਰ ਸਾਲ ਲੈਣੀ ਪੈਂਦੀ ਸੀ, ਹੁਣ ਇਸ ਦੀ ਲੋੜ ਨਹੀਂ ਹੈ ਕਿਉਂਕਿ ਸਰਕਾਰ ਨੇ ਇਸ ਨੂੰ 3 ਸ਼?ਰੇਣੀਆਂ 'ਚ ਵੰਡ ਦਿੱਤਾ ਹੈ। ਪਹਿਲੀ ਸ਼੍ਰੇਣੀ 'ਚ ਐੱਨ. ਓ. ਸੀ. 5 ਸਾਲ, ਦੂਜੀ ਸ਼?ਰੇਣੀ 'ਚ ਐੱਨ.ਓ.ਸੀ. 3 ਸਾਲ ਅਤੇ ਤੀਜੀ ਸ਼?ਰੇਣੀ 'ਚ ਐੱਨ. ਓ. ਸੀ. ਲਈ ਇਕ ਸਾਲ ਦੀ ਮਾਨਤਾ ਰੱਖੀ ਗਈ ਹੈ। ਉਨ੍ਹਾਂ ਕਿਹਾ ਕਿ ਹੁਣ ਪੰਜਾਬ 'ਚੋਂ ਲਾਲ ਫੀਤਾਸ਼ਾਹੀ ਕਲਚਰ ਖ਼ਤਮ ਕਰ ਦਿੱਤਾ ਗਿਆ ਹੈ। ਪਹਿਲਾਂ ਪਾਣੀ ਜਾਂ ਰੇਤਾ ਨਾਲ ਅੱਗ ਬੁਝਾਈ ਜਾ ਸਕਦੀ ਸੀ, ਹੁਣ ਯੁੱਗ ਐਡਵਾਂਸ ਹੋ ਗਿਆ ਹੈ ਅਤੇ ਆਧੁਨਿਕ ਯੰਤਰ ਆ ਗਏ ਹਨ। ਉਨ੍ਹਾਂ ਕਿਹਾ ਕਿ ਜਦੋਂ ਕੋਈ ਫਾਇਰ ਨਾਲ ਸਬੰਧਿਤ ਆਰਕੀਟੈਕਟ ਬਿਲਡਿੰਗ ਦਾ



ਪਲਾਨ ਬਣਾਉਂਦਾ ਸੀ ਤਾਂ ਬਜ਼ਾਰ 'ਚ ਜਾ ਕੇ ਫਿਰ ਸਰਕਾਰ ਦੇ ਰਾਹੀਂ ਸਕੀਮਾਂ ਨੂੰ ਪਾਸ ਕਰਵਾਉਣਾ ਪੈਂਦਾ ਸੀ ਪਰ ਹੁਣ ਜਿਹੜੇ ਆਰਕੀਟੈਕਟ ਸਾਡੇ ਪੋਰਟਲ 'ਤੇ ਰਜਿਸਟਰਡ ਹੋਣਗੇ, ਜਦੋਂ ਉਹ ਡਰਾਇੰਗ ਬਣਾਉਣਗੇ ਅਤੇ ਪੋਰਟਲ 'ਤੇ ਸਬਮਿੱਟ ਕਰ ਦਿੱਤੀ ਜਾਵੇਗੀ ਅਤੇ ਇਸ ਨਾਲ ਵਿਚੋਲਗੀ ਖ਼ਤਮ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਫਾਇਰ ਸੇਫਟੀ ਪਲਾਨ ਦੇ ਤਹਿਤ ਜਿਹੜਾ ਨਕਸ਼ਾ ਆਰਕੀਟੈਕਟ ਤਿਆਰ ਕਰੇਗਾ, ਹੁਣ ਉਸ ਨੂੰ ਕੋਈ ਔਖ ਨਹੀਂ ਆਵੇਗੀ। ਤਰੁਣਪ੍ਰੀਤ ਸੌਂਦ ਨੇ ਕਿਹਾ ਕਿ ਹੁਣ ਤੱਕ ਕਈ ਬਿਲਡਿੰਗਾਂ ਦੀ 18 ਮੀਟਰ ਹਾਈਟ ਤੱਕ ਇਜਾਜ਼ਤ ਦਿੱਤੀ ਜਾਂਦੀ ਸੀ, ਜਿਸ ਨੂੰ ਹੁਣ ਵਧਾ ਕੇ 21 ਮੀਟਰ ਕਰ ਦਿੱਤਾ ਗਿਆ ਹੈ।

### 6 ਮਹੀਨਿਆਂ 'ਚ 130 ਪਾਕਿਸਤਾਨੀ ਡਰੋਨ ਕੀਤੇ ਬਰਾਮਦ

ਨੈਸ਼ਨਲ ਡੈਸਕ 1 ਜੁਲਾਈ। ਸਾਲ 2025 ਦੇ ਪਹਿਲੇ 6 ਮਹੀਨਿਆਂ ਦੌਰਾਨ ਭਾਰਤ-ਪਾਕਿਸਤਾਨ ਅੰਤਰਰਾਸ਼ਟਰੀ ਸਰਹੱਦ 'ਤੇ ਬੀ.ਐੱਸ.ਐੱਫ਼. ਨੇ ਪੰਜਾਬ ਵਿੱਚ 130 ਤੋਂ ਵੱਧ ਡਰੋਨ ਬਰਾਮਦ ਕੀਤੇ ਹਨ। ਇਹ ਡਰੋਨ ਨਸ਼ਾ, ਹਥਿਆਰ ਅਤੇ ਨਕਲੀ ਕਰੰਸੀ ਭਾਰਤ ਵਿੱਚ ਲਿਆਉਣ ਲਈ ਵਰਤੇ ਜਾਂਦੇ ਹਨ। ਜਾਣਕਾਰੀ ਅਨੁਸਾਰ 1 ਜਨਵਰੀ 2025 ਤੋਂ 30 ਜੂਨ 2025 ਤੱਕ, ਬੀ.ਐੱਸ.ਐੱਫ਼. ਨੇ ਲਗਭਗ 135 ਕਿਲੋ ਨਸ਼ੀਲਾ ਪਦਾਰਥ, ਜਿਵੇਂ ਕਿ ਹੈਰੋਇਨ ਅਤੇ 79 ਕਿਸਮਾਂ ਦੇ ਹਥਿਆਰ ਵੀ ਜ਼ਬਤ ਕੀਤੇ ਹਨ। ਪਿਛਲੇ ਸਾਲ 2024 ਦੌਰਾਨ ਬੀ.ਐੱਸ.ਐੱਫ਼. ਨੇ ਪੰਜਾਬ ਸਰਹੱਦ ਤੋਂ 283 ਕਿਲੋ ਨਸ਼ਾ ਅਤੇ 294 ਡਰੋਨ ਬਰਾਮਦ ਕੀਤੇ ਸਨ ਤੇ 2023 'ਚ 107 ਡਰੋਨ ਕਾਬੂ ਕੀਤੇ ਗਏ ਸਨ।

## ਬੇਡਕਰ ਨੇ ਕਦੇ ਕਿਸੇ ਰਾਜ ਲਈ ਵੱਖਰੇ ਸੰਵਿਧਾਨ ਦੇ ਵਿਚਾਰ ਦਾ ਸਮਰਥਨ ਨਹੀਂ ਕੀਤਾ: ਬੀ.ਆਰ. ਗਵਈ

ਕੌਮੀ ਪਤ੍ਰਿਕਾ

ਨਾਗਪੁਰ 1 ਜੁਲਾਈ। ਚੀਫ ਜਸਟਿਸ ਬੀ.ਆਰ. ਗਵਈ ਨੇ ਕਿਹਾ ਕਿ ਡਾ. ਭੀਮ ਰਾਓ ਅੰਬੇਡਕਰ ਨੇ ਦੇਸ਼ ਨੂੰ ਇਕਜੁੱਟ ਰੱਖਣ ਲਈ ਇੱਕ ਸੰਵਿਧਾਨ ਦੀ ਵਕਾਲਤ ਕੀਤੀ ਸੀ ਅਤੇ ਕਦੇ ਵੀ ਕਿਸੇ ਵੀ ਰਾਜ ਲਈ ਵੱਖਰੇ ਸੰਵਿਧਾਨ ਦੇ ਵਿਚਾਰ ਦਾ ਸਮਰਥਨ ਨਹੀਂ ਕੀਤਾ। ਇੱਥੇ ਸੰਵਿਧਾਨ ਪ੍ਰਸਤਾਵਨਾ ਪਾਰਕ ਦੇ ਉਦਘਾਟਨ ਮੌਕੇ ਬੋਲਦਿਆਂ ਚੀਫ਼ ਜਸਟਿਸ ਨੇ ਕਿਹਾ ਕਿ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ 370 ਨੂੰ ਖ਼ਤਮ ਕਰਨ ਦੇ ਕੇਂਦਰ ਦੇ ਫ਼ੈਸਲੇ ਨੂੰ ਬਰਕਰਾਰ ਰੱਖਦੇ ਹੋਏ ਸੁਪਰੀਮ ਕੋਰਟ ਨੇ ਇੱਕ ਸੰਵਿਧਾਨ ਤਹਿਤ ਸੰਯੁਕਤ ਭਾਰਤ ਦੇ ਡਾ. ਅੰਬੇਡਕਰ ਦੇ ਦ੍ਰਿਸ਼ਟੀਕੋਣ ਤੋਂ ਪ੍ਰੇਰਨਾ ਲਈ ਹੈ। ਚੀਫ਼ ਜਸਟਿਸ ਗਵਈ ਉਸ ਪੰਜ ਜੱਜਾਂ ਦੇ ਸੰਵਿਧਾਨਕ ਬੈਂਚ ਦਾ ਹਿੱਸਾ ਸਨ, ਜਿਸਦੀ ਅਗਵਾਈ ਉਸ ਸਮੇਂ ਦੇ ਚੀਫ਼ ਜਸਟਿਸ ਡੀਵਾਈ ਚੰਦਰਚੂੜ ਨੇ ਕੀਤੀ ਸੀ, ਜਿਸਨੇ ਜੰਮੂ-ਕਸ਼ਮੀਰ ਦੇ ਸਾਬਕਾ ਰਾਜ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ 370 ਨੂੰ ਰੱਦ ਕਰਨ ਦੇ ਕੇਂਦਰ ਦੇ ਫੈਸਲੇ ਨੂੰ ਸਰਬਸੰਮਤੀ ਨਾਲ ਬਰਕਰਾਰ ਰੱਖਿਆ ਸੀ। ਮਰਾਠੀ ਵਿੱਚ ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ, ਜਦੋਂ ਧਾਰਾ 370 ਨੂੰ ਚੁਣੌਤੀ ਦਿੱਤੀ ਗਈ ਸੀ, ਇਹ ਸਾਡੇ ਸਾਹਮਣੇ ਆਈ ਅਤੇ ਜਦੋਂ ਸੁਣਵਾਈ ਚੱਲ ਰਹੀ ਸੀ, ਮੈਨੂੰ ਡਾ. ਅੰਬੇਡਕਰ ਦੇ ਸ਼ਬਦ ਯਾਦ ਆਏ ਕਿ ਇੱਕ ਦੇਸ਼ ਲਈ ਸਿਰਫ਼ ਇੱਕ ਸੰਵਿਧਾਨ ਢੁਕਵਾਂ ਹੈ... ਜੇਕਰ ਅਸੀਂ ਦੇਸ਼ ਨੂੰ ਇਕਜੁੱਟ ਰੱਖਣਾ ਚਾਹੁੰਦੇ ਹਾਂ, ਤਾਂ ਸਾਨੂੰ ਸਿਰਫ਼ ਇੱਕ ਸੰਵਿਧਾਨ ਦੀ ਲੋੜ ਹੈ। ਕੇਂਦਰ ਨੇ 5 ਅਗਸਤ, 2019 ਨੂੰ ਜੰਮੂ-ਕਸ਼ਮੀਰ ਦੇ ਵਿਸ਼ੇਸ਼ ਦਰਜੇ ਨੂੰ ਰੱਦ ਕਰ ਦਿੱਤਾ ਅਤੇ ਇਸਨੂੰ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਵੰਡ ਦਿੱਤਾ। ਇਸ ਸਮਾਗਮ ਵਿੱਚ, ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਕਿਹਾ ਕਿ ਉਹ ਖੁਸ਼ ਹਨ ਕਿ ਚੀਫ਼ ਜਸਟਿਸ ਗਵਈ ਨੇ ਸੰਵਿਧਾਨ ਪ੍ਰਸਤਾਵਨਾ ਪਾਰਕ ਦਾ ਉਦਘਾਟਨ ਕੀਤਾ ਅਤੇ ਡਾ: ਅੰਬੇਡਕਰ ਦੀ ਮੂਰਤੀ ਦਾ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਆਜ਼ਾਦੀ, ਸਮਾਨਤਾ ਅਤੇ ਭਾਈਚਾਰਾ ਸੰਵਿਧਾਨ ਦੇ ਰੂਪ ਵਿੱਚ ਡਾ. ਅੰਬੇਡਕਰ ਦੁਆਰਾ ਦੇਸ਼ ਨੂੰ ਦਿੱਤੇ ਗਏ ਅਨਮੋਲ ਤੋਹਫ਼ੇ ਹਨ। ਗਡਕਰੀ ਨੇ ਕਿਹਾ ਕਿ ਸੰਵਿਧਾਨ ਵਿੱਚ ਲੋਕਤੰਤਰ ਦੇ ਚਾਰ ਥੰਮ?ਹਾਂ, ਅਰਥਾਤ ਕਾਰਜਪਾਲਿਕਾ, ਨਿਆਂਪਾਲਿਕਾ, ਵਿਧਾਨਪਾਲਿਕਾ ਅਤੇ ਮੀਡੀਆ ਦੇ ਅਧਿਕਾਰਾਂ ਅਤੇ ਕਰਤੱਵਾਂ ਦਾ ਸਪੱਸ਼ਟ ਤੌਰ 'ਤੇ ਜ਼ਿਕਰ ਹੈ। ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਕਿਹਾ ਕਿ ਸੀਜੇਆਈ ਗਵਈ ਭਾਰਤ ਦੇ ਮੁੱਖ ਜੱਜ ਵਜੋਂ ਆਪਣੀਆਂ ਜ਼ਿੰਮੇਵਾਰੀਆਂ ਨੂੰ ਕੁਸ਼ਲਤਾ ਨਾਲ ਨਿਭਾ ਰਹੇ ਹਨ।

## ਗਿਆਨੀ ਰਘਬੀਰ ਸਿੰਘ ਨੂੰ ਦੁਨਿਆਵੀ ਅਦਾਲਤ 'ਚ ਨਹੀਂ ਜਾਣਾ ਚਾਹੀਦਾ : ਸਰਨਾ

ਕੌਮੀ ਪਤ੍ਰਿਕਾ

ਨਵੀਂ ਦਿੱਲੀ 1 ਜੁਲਾਈ। ਦਿੱਲੀ ਅਕਾਲੀ ਮੁਖੀ ਪਰਮਜੀਤ ਸਿੰਘ ਸਰਨਾ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਰਘਬੀਰ ਸਿੰਘ ਦੀ ਦੁਨਿਆਵੀ ਅਦਾਲਤ ਵਿੱਚ ਸਹਾਰਾ ਲੈਣ ਲਈ ਸਖ਼ਤ ਆਲੋਚਨਾ ਕੀਤੀ ਹੈ। ਸਰਨਾ ਨੇ ਕਿਹਾ ਕਿ ਕਿਸੇ ਨੂੰ ਉਸ ਅਹੁਦੇ ਦਾ ਇਤਿਹਾਸ ਪਤਾ ਹੋਣਾ ਚਾਹੀਦਾ ਹੈ ਜਿਸ ਵਿੱਚ ਕੋਈ ਸੇਵਾ ਕਰਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਅਜਿਹੇ ਪਵਿੱਤਰ ਅਹੁਦੇ ਰੱਖਣ ਵਾਲਿਆਂ ਨੂੰ ਹਮੇਸ਼ਾ ਉਨ੍ਹਾਂ ਲੋਕਾਂ ਦੀਆਂ ਕੁਰਬਾਨੀਆਂ ਅਤੇ ਸਮਰਪਣ ਨੂੰ ਯਾਦ ਰੱਖਣਾ ਚਾਹੀਦਾ ਹੈ ਜੋ ਉਨ੍ਹਾਂ ਤੋਂ ਪਹਿਲਾਂ ਸੇਵਾ ਕਰਦੇ ਸਨ। ਸਰਨਾ ਨੇ ਦੋਸ਼ ਲਗਾਇਆ ਕਿ ਅਦਾਲਤ ਵਿੱਚ ਪਹੁੰਚ ਕਰਕੇ, ਗਿਆਨੀ ਰਘਬੀਰ ਸਿੰਘ ਨੇ ਹੈੱਡ ਗ੍ਰੰਥੀ ਦੇ ਸਤਿਕਾਰਯੋਗ ਅਹੁਦੇ ਨੂੰ ਹੀ ਕਟਹਿਰੇ 'ਚ ਖੜ੍ਹਾ ਕਰ ਦਿੱਤਾ ਹੈ, ਇੱਕ ਅਜਿਹਾ ਦਫ਼ਤਰ ਜਿਸਦਾ ਦੁਨੀਆ ਭਰ ਦੇ ਸਿੱਖਾਂ ਅਤੇ ਗੁਰੂ ਨਾਨਕ ਦੇਵ ਜੀ ਦੇ ਪੈਰੋਕਾਰਾਂ ਦੁਆਰਾ ਬਹੁਤ ਸਤਿਕਾਰ ਕੀਤਾ ਜਾਂਦਾ ਹੈ। ਸਰਨਾ ਨੇ ਟਿੱਪਣੀ ਕੀਤੀ ਕਿ ਅਜਿਹਾ ਕਰ ਕੇ, ਉਨ੍ਹਾਂ ਨੇ ਨਾ ਸਿਰਫ਼ ਅਹੁਦੇ ਦੀ ਸ਼ਾਨ ਨੂੰ ਘਟਾਇਆ ਹੈ, ਸਗੋਂ ਆਪਣੇ ਕੱਦ ਨੂੰ ਵੀ ਘਟਾਇਆ ਹੈ। ਉਨ੍ਹਾਂ ਕਿਹਾ ਕਿ ਇਹ ਉਹੀ ਅਹੁਦਾ ਸੀ ਜੋ ਕਦੇ ਬਾਬਾ ਬੁੱਢਾ ਸਾਹਿਬ, ਜਿਨ੍ਹਾਂ ਨੇ ਜੀਵਨ ਭਰ ਸੇਵਾ ਕੀਤੀ ਸੀ, ਅਤੇ ਭਾਈ ਮਨੀ ਸਿੰਘ ਜੀ, ਜਿਨ੍ਹਾਂ ਨੂੰ ਸੇਵਾ ਕਰਦਿਆਂ ਸ਼ਹੀਦ ਕਰ ਦਿੱਤਾ ਗਿਆ ਸੀ, ਦੁਆਰਾ ਪ੍ਰਾਪਤ ਕੀਤਾ ਗਿਆ ਸੀ। ਕਿਸੇ ਵੀ ਧਾਰਮਿਕ ਸ਼ਖ਼ਸੀਅਤ ਨੂੰ ਅਜਿਹੇ ਅਹੁਦੇ ਨੂੰ ਪਰਿਭਾਸ਼ਿਤ ਕਰਨ ਵਾਲੇ ਸਨਮਾਨ, ਮਰਿਆਦਾ ਅਤੇ ਮਾਰਗਦਰਸ਼ਕ ਸਿਧਾਂਤਾਂ ਨੂੰ ਤੋੜਨ ਦਾ ਅਧਿਕਾਰ ਨਹੀਂ ਹੈ। ਸਰਨਾ ਨੇ ਐੱਸਜੀਪੀਸੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਇਸ ਮਾਮਲੇ ਦਾ ਤੁਰੰਤ ਨੋਟਿਸ ਲੈਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਕਿਉਂਕਿ ਗਿਆਨੀ ਰਘਬੀਰ ਸਿੰਘ ਨੇ ਅਦਾਲਤ ਦੇ ਕਟਹਿਰੇ ਵਿੱਚ ਖੜ੍ਹੇ ਹੋਣ ਦੀ ਚੋਣ ਕੀਤੀ ਹੈ, ਇਸ ਲਈ ਉਨ੍ਹਾਂ ਨੂੰ ਤੁਰੰਤ ਧਾਰਮਿਕ ਡਿਊਟੀਆਂ ਤੋਂ ਮੁਕਤ ਕਰ ਦਿੱਤਾ ਜਾਣਾ ਚਾਹੀਦਾ ਹੈ ਅਤੇ ਸੇਵਾ ਨਿਯਮਾਂ ਅਨੁਸਾਰ ਪ੍ਰਸ਼ਾਸਕੀ ਕੰਮ ਸੌਂਪਿਆ ਜਾਣਾ ਚਾਹੀਦਾ ਹੈ। ਅਖੀਰ ਉਨ੍ਹਾਂ ਚੇਤਾਵਨੀ ਦਿੱਤੀ ਕਿ ਜੋ ਵਿਅਕਤੀ ਸਿੱਖ ਪੰਥ ਦੇ ਦੋ ਸਰਵਉੱਚ ਅਹੁਦਿਆਂ 'ਤੇ ਕਾਬਜ਼ ਹੋਣ ਦੇ ਬਾਵਜੂਦ, ਸਿੱਖੀ ਦੇ ਸਨਮਾਨ ਅਤੇ ਸਿਧਾਂਤਾਂ ਨੂੰ ਸਮਝਣ ਵਿੱਚ ਅਸਫਲ ਰਿਹਾ ਹੈ, ਉਹ ਸੰਗਤ ਲਈ ਇੱਕ ਗੁੰਮਰਾਹਕੁੰਨ ਮਿਸਾਲ ਕਾਇਮ ਕਰਨ ਦਾ ਜੋਖਮ ਲੈਂਦਾ ਹੈ।

## ਭਾਜਪਾ ਨੇ ਵਿਸ਼ਵਕਰਮਾ ਸਮਾਜ ਦਾ ਕੰਮ ਚਾਈਨਾ ਦੇ ਵਿਸ਼ਵਕਰਮੀਆ ਨੂੰ ਦਿੱਤਾ: ਰਾਹੁਲ ਗਾਂਧੀ

ਕੌਮੀ ਪਤ੍ਰਿਕਾ

ਲੁਧਿਆਣਾ, 1ਜੁਲਾਈ : ਬਿਹਾਰ ਦੇ ਗਾਂਧੀ ਮੈਦਾਨ ਵਿੱਚ 30 ਜੁਲਾਈ ਨੂੰ ਵਿਸ਼ਵਕਰਮਾ ਓਬੀਸੀ ਸਮਾਜ ਦੀ ਮਹਾਂ ਰੈਲੀ ਕੀਤੀ ਜਾ ਰਹੀ ਹੈ। ਜਿਸ ਵਿੱਚ ਵਿਸ਼ਵਕਰਮਾ ਸਮਾਜ ਦੇ ਪੰਜੇ ਪੁੱਤਰ ਲੋਹਾਰ, ਸੁਨਿਆਰ, ਘੁਮਾਰ ਅਤੇ ਠਠਿਅਰਾ ਜਾਤਿ ਦੇ ਲੋਕਾਂ ਨੂੰ ਇਕੱਠਾ ਕੀਤਾ ਜਾਵੇਗਾ ਅਤੇ ਰਾਜਨੀਤਿਕ ਖੇਤਰ ਵਿਚ ਆਪਣੀ ਭਾਈਵਾਲੀ ਨੂੰ ਮਜ਼ਬੂਤ ਦਰਸਾ ਕੇ ਰਾਜਨੀਤੀਕ ਪਾਰਟੀਆਂ ਨੂੰ ਏਕਤਾ ਦਾ ਸਬੂਤ ਦਿੱਤਾ ਜਾਵੇਗਾ।ਇਸ ਮਹਾਂ ਰੈਲੀ ਵਿੱਚ ਸ਼ਾਮਲ ਹੋਣ ਲਈ ਬਿਹਾਰ ਤੋਂ ਮੁਕਲਅੰਨਦ ਵਿਸ਼ਵਕਰਮਾ ਉਨ੍ਹਾਂ ਦੇ ਸਾਥੀ,ਰਾਮਗੜ੍ਹੀਆ ਦਿੱਲੀ ਬੋਰਡ ਸਮੂਹ ਮੈਂਬਰ ਇੰਦਰਜੀਤ ਸਿੰਘ ਬੱਬੂ ਪੋਤੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦੀ ਅਗਵਾਈ ਹੇਠ ਕਾਂਗਰਸ ਦੇ ਨੇਤਾ ਅਪੋਜ਼ੀਸ਼ਨ ਦੇ ਲੀਡਰ ਰਾਹੁਲ ਗਾਂਧੀ ਨਾਲ ਮੁਲਾਕਾਤ ਕੀਤੀ।ਇਸ ਸਮੇਂ ਅਗਵਾਈ ਕਰਨ ਵਾਲੇ ਸਮਾਜ ਦੇ ਨੁਮਾਇੰਦਿਆਂ ਨੂੰ ਰਾਹੁਲ ਗਾਂਧੀ ਨੇ ਕਿਹਾ ਕਿ ਅੱਜ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਵਿੱਚ ਸੀਵੀਓ ਡੈਮੋਕਸੀ, ਮੀਡੀਆ, ਹਾਇਰ ਜੁਡੀਸ਼ਲ ਅਤੇ



ਕਾਰਪੋਰੇਟ ਇੰਡੀਆ, ਸੀਨੀਅਰ ਜਰਨਲਸ ਵਿਚ ਵਿਸ਼ਵਕਰਮਾ ਸਮਾਜ ਦਾ ਕੋਈ ਵੀ ਨਹੀਂ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਨੇ ਇਸ ਸਮਾਜ ਦਾ ਕੰਮ ਚਾਈਨਾ ਦੀ ਮਾਰਕੀਟ ਨੂੰ ਹੀ ਨਹੀਂ ਬਲਕਿ ਚਾਇਨਾ ਦੇ ਸਮਾਜ ਨੂੰ ਦੇ ਦਿੱਤਾ ਹੈ। ਉਹਨਾਂ ਭਾਰਤ ਦੇਸ਼ ਵਿੱਚ ਜ਼ਾਤੀ ਜਨਗਣਨਾ ਕਰਵਾਉਣ ਲਈ ਜ਼ੋਰ ਦਿੱਤਾ ਤਾ ਜੋਂ ਹਰ ਸਮਾਜ ਨੂੰ ਉਸ ਦਾ ਬਣਦਾ ਹੱਕ ਮਿਲ ਸਕੇ। ਉਨ੍ਹਾਂ ਕਿਹਾ ਕਿ ਜੇਕਰ ਜ਼ਾਤ ਜਨਗਣਨਾ ਹੁੰਦੀ ਹੈ ਤਾਂ ਪਾਵਰ ਸਿਸਟਮ ਓਬੀਸੀ ਮਜਬੂਤ ਹੋਵੇਗਾ। ਉਹਨਾਂ ਕਿਹਾ ਕਿ ਕਿਸੇ ਵੀ ਪਾਰਟੀ ਵਿਚ ਪੇਸ਼ਕਾਰੀ ਦੀ ਜ਼ਰੂਰਤ ਨਹੀਂ ਜ਼ਰੂਰਤ 50% ਅੱਦ ਦੇ ਹੱਕਦਾਰ ਬਣਨ ਦੀ।ਬਾਪੂ ਗਾਂਧੀ ਨੇ 1929 ਵਿੱਚ ਪੂਰਨ ਸਵਰਾਜ ਦੀ ਮੰਗ ਕੀਤੀ ਸੀ। ਉਹਨਾਂ ਕਿਹਾ ਕਿ ਤੁਸੀਂ ਆਪਣੀ ਲੜਾਈ ਜਾਰੀ ਰਖੋ ਅਤੇ ਆਪਣੇ ਬਣਾਦੇ ਹੱਕ ਦੀ ਮੰਗ ਕਰੋ। ਉਨ੍ਹਾਂ ਵਿਸ਼ਵਾਸ ਸਾਹਿਤ ਬਣਦੇ ਹੱਕ ਜੋਂ ਓਬੀਸੀ ਐਸ ਸੀ ਦਲਿਤ ਅਤੇ ਆਦਿ ਵਾਸੀ ਜਾਤਾ ਹਨ ਦੇਣ ਦੀ ਇਛਾ ਪ੍ਰਗਟਾਈ।ਇਸ ਮੌਕੇ ਸ, ਬੱਬੂ ਵੱਲੋਂ ਆਪਣੇ ਸਮਾਜ ਦੀ ਅਗਵਾਈ ਕਰਦੇ ਵਿਸ਼ਵਾਸ ਪ੍ਰਗਟਾਇਆ ਕਿ ਸਾਡਾ ਸਮਾਜ ਪੂਰੇ ਦੇਸ਼ ਵਿਚ ਬੁੱਧੀਜੀਵੀ,ਕਿਰਤੀ ਇਮਾਨਦਾਰ ਹੈ ਸਾਡੇ ਸਮਾਜ ਨੂੰ ਸਾਰੀਆਂ ਨੈਸ਼ਨਲ ਪਾਰਟੀਆਂ ਅਤੇ ਖੇਤਰੀ ਪਾਰਟੀਆਂ ਨੇ ਵਰਤਿਆ ਹੈ ਪਰ ਉਨ੍ਹਾਂ ਦੇ ਬਣਦੇ ਹੱਕ ਨਹੀਂ ਮਿਲ ਰਹੇ। ਉਹਨਾਂ ਇਕ ਵਿਸ਼ਵਕਰਮਾ ਵਨਸੀ ਹੋਣ ਦੇ ਨਾਤੇ ਅਤੇ ਇਸ ਸਭਾ ਦੀ ਅਗਵਾਈ ਕਰਨ ਹੇਠ ਬਣਦੇ ਹੱਕਾਂ ਬਾਰੇ ਜਾਗਰੂਕ ਕੀਤਾ।

# ਬਰਸੀ ਮੇਲੇ ਤੋਂ ਚੋਰੀ ਹੋਏ ਮੋਟਰਸਾਈਕਲ ਪੁਲਸ ਨੇ ਕੀਤੇ ਬਰਾਮਦ, ਅੜਿੱਕੇ ਚੜ੍ਹ ਆ ਚੋਰ

ਕੌਮੀ ਪਤ੍ਰਿਕਾ

ਬੇਗੋਵਾਲ 1 ਜੁਲਾਈ। ਐੱਸ.ਐੱਸ.ਪੀ. ਕਪੂਰਥਲਾ ਗੌਰਵ ਤੂਰਾ ਦੇ ਦਿਸ਼ਾ - ਨਿਰਦੇਸ਼ਾਂ ਹੇਠ ਥਾਣਾ ਬੇਗੋਵਾਲ ਦੀ ਪੁਲਸ ਨੇ ਮੋਟਰਸਾਈਕਲ ਚੋਰਾਂ ਖਿਲਾਫ ਸ਼ਿਕੰਜਾ ਕੱਸਦੇ ਹੋਏ ਮੋਟਰਸਾਈਕਲ ਚੋਰੀ ਦੇ ਮਾਮਲੇ ਵਿਚ ਵੱਡੀ ਪ੍ਰਾਪਤੀ ਕੀਤੀ ਹੈ, ਜਿਸ ਦੌਰਾਨ ਪੁਲਸ ਨੇ ਇਕ ਵਿਅਕਤੀ ਨੂੰ ਕਾਬੂ ਕਰਕੇ ਚੋਰੀ ਦੇ 10 ਮੋਟਰਸਾਈਕਲ ਬਿਨਾਂ ਨੰਬਰ ਤੋਂ ਬਰਾਮਦ ਕੀਤੇ ਹਨ। ਇਹ ਜਾਣਕਾਰੀ ਡੀ.ਐੱਸ.ਪੀ. ਭੁਲੱਥ ਕਰਨੈਲ ਸਿੰਘ ਨੇ ਅੱਜ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਦਿੱਤੀ। ਉਨ੍ਹਾਂ ਦਸਿਆ ਕਿ ਬੇਗੋਵਾਲ ਵਿਖੇ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਸਲਾਨਾ ਬਰਸੀ ਦੌਰਾਨ ਮੇਲੇ ਵਿਚੋਂ ਚੋਰੀ ਹੋਏ ਮੋਟਰਸਾਈਕਲਾਂ ਸੰਬੰਧੀ ਐੱਸ.ਐੱਚ.ਓ. ਬੇਗੋਵਾਲ ਹਰਜਿੰਦਰ ਸਿੰਘ ਵੱਲੋਂ ਏ.ਐੱਸ.ਆਈ. ਅਰਵਿੰਦਰਜੀਤ ਸਿੰਘ ਸਮੇਤ ਪੁਲਸ ਕਾਰਵਾਈ ਅਮਲ ਵਿਚ ਲਿਆਂਦੀ ਗਈ। ਜਿਸ ਦੌਰਾਨ ਸੀ.ਸੀ.ਟੀ.ਵੀ. ਫੁਟੇਜ ਦੇ ਅਧਾਰ 'ਤੇ ਗੁਰਸੇਵਕ ਸਿੰਘ ਉਰਫ ਕਰਨਦੀਪ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਭਰਥ ਥਾਣਾ ਸ੍ਰੀ ਹਰਗੋਬਿੰਦਪੁਰ ਜ਼ਿਲ੍ਹਾ ਗੁਰਦਾਸਪੁਰ ਨੂੰ ਸ਼ਨਾਖਤ ਕੀਤਾ ਗਿਆ। ਡੀ.ਐੱਸ.ਪੀ. ਭੁਲੱਥ ਨੇ ਦਸਿਆ ਕਿ ਇਸੇ ਦੌਰਾਨ ਮੁਖਬਰ ਖਾਸ ਨੇ ਪੁਲਸ ਨੂੰ ਇਤਲਾਹ ਦਿੱਤੀ ਉਕਤ ਵਿਅਕਤੀ ਗੁਰਸੇਵਕ ਸਿੰਘ ਉਰਫ ਕਰਨਦੀਪ ਸਿੰਘ ਚੋਰੀ ਦੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਅਕਬਰਪੁਰ ਵੱਲੋਂ ਬੇਗੋਵਾਲ ਨੂੰ ਆ ਰਿਹਾ ਹੈ। ਜਿਸ ਨੂੰ ਐੱਸ.ਐੱਚ.ਓ. ਬੇਗੋਵਾਲ ਹਰਜਿੰਦਰ ਸਿੰਘ ਅਤੇ ਏ.ਐੱਸ.ਆਈ. ਅਰਵਿੰਦਰਜੀਤ ਸਿੰਘ ਵੱਲੋਂ ਰਸਤੇ ਵਿਚ ਟਾਊਨ ਹਾਰਟ ਬੇਗੋਵਾਲ ਨੇੜੇ ਚੋਰੀ ਸ਼ੁਦਾ ਮੋਟਰਸਾਈਕਲ ਸਮੇਤ ਕਾਬੂ ਕਰਕੇ, ਉਸ ਪਾਸੋਂ ਚੋਰੀ ਸ਼ੁਦਾ ਮੋਟਰਸਾਈਕਲ ਬਰਾਮਦ ਕੀਤਾ ਗਿਆ। ਇਸ ਦੌਰਾਨ ਮੁਢਲੀ ਪੁੱਛਗਿੱਛ ਤੋਂ ਬਾਅਦ ਇਸ ਵਿਅਕਤੀ ਦੀ ਨਿਸ਼ਾਨਦੇਹੀ 'ਤੇ 9 ਹੋਰ ਚੋਰੀ ਕੀਤੇ ਮੋਟਰਸਾਈਕਲ ਬਰਾਮਦ ਕੀਤੇ ਗਏ। ਜੋ ਕਿ ਬਿਨਾਂ ਨੰਬਰ ਤੋਂ ਹਨ।



ਡੀ.ਐੱਸ.ਪੀ.ਭੁਲੱਥ ਨੇ ਦਸਿਆ ਕਿ ਗੁਰਸੇਵਕ ਸਿੰਘ ਉਰਫ ਕਰਨਦੀਪ ਸਿੰਘ ਦੇ ਖਿਲਾਫ ਥਾਣਾ ਬੇਗੋਵਾਲ ਵਿਖੇ ਕੇਸ ਦਰਜ ਇਸ ਨੂੰ ਮਾਨਯੋਗ ਅਦਾਲਤ ਵਿਚ ਪੇਸ਼ ਕੀਤਾ ਗਿਆ ਹੈ। ਅਦਾਲਤ ਤੋਂ ਉਕਤ ਵਿਅਕਤੀ ਦਾ 2 ਦਿਨ ਦਾ ਪੁਲਸ ਰਿਮਾਂਡ ਮਿਲਿਆ ਹੈ। ਹੁਣ ਇਸ ਕੋਲੋਂ ਹੋਰ ਪੁੱਛਗਿੱਛ ਕੀਤੀ ਜਾਵੇਗੀ, ਜਿਸ ਦੌਰਾਨ ਹੋਰ ਖੁਲਾਸੇ ਹੋਣ ਦੀ ਸੰਭਾਵਨਾ ਹੈ। ਡੀ.ਐੱਸ.ਪੀ.ਭੁਲੱਥ ਕਰਨੈਲ ਸਿੰਘ ਨੇ ਹੋਰ ਦੱਸਿਆ ਕਿ ਇਸ ਵਿਅਕਤੀ ਖ਼?ਲਾਫ਼ ਪਹਿਲਾਂ ਵੀ ਚੋਰੀ ਦੇ ਦੋ ਕੇਸ ਦਰਜ ਹਨ। ਜਿਸ ਵਿਚੋਂ ਇਕ ਕੇਸ ਦੌਰਾਨ ਥਾਣਾ ਟਾਂਡਾ ਜ਼ਿਲ੍ਹਾ ਹੁਸ਼ਿਆਰਪੁਰ ਦੀ ਪੁਲਸ ਨੇ ਚੋਰੀ ਦੇ 9 ਮੋਟਰਸਾਈਕਲ ਬਰਾਮਦ ਕੀਤੇ ਹਨ ਅਤੇ ਦੂਜੇ ਕੇਸ ਵਿਚ ਥਾਣਾ ਸ੍ਰੀ ਹਰਗੋਬਿੰਦਪੁਰ ਦੀ ਪੁਲਸ ਨੇ ਚੋਰੀ ਦੇ 7 ਮੋਟਰਸਾਈਕਲ ਬਰਾਮਦ ਕੀਤੇ ਹਨ।

## ਰੰਜਿਸ਼ ਕਾਰਨ ਬੰਧਕ ਬਣਾ ਕੇ ਕੀਤੀ ਕੁੱਟਮਾਰ

ਮੋਗਾ 1 ਜੁਲਾਈ। ਥਾਣਾ ਬੱਧਨੀ ਕਲਾਂ ਅਧੀਨ ਪੈਂਦੇ ਪਿੰਡ ਰਾਮਾ ਨਿਵਾਸੀ ਗੁਰਮੇਲ ਸਿੰਘ ਨੂੰ ਜ਼ਮੀਨ ਦੀ ਵੱਟ ਨੂੰ ਲੈ ਕੇ ਚੱਲਦੀ ਆ ਰਹੀ ਰੰਜਿਸ਼ ਕਾਰਨ ਹਥਿਆਰਬੰਦ ਵਿਅਕਤੀਆਂ ਵੱਲੋਂ ਬੰਧਕ ਬਣਾ ਕੇ ਬੁਰੀ ਤਰ੍ਹਾਂ ਨਾਲ ਕੁੱਟਮਾਰ ਕਰਕੇ ਜ਼ਖ਼ਮੀ ਕੀਤੇ ਜਾਣ ਦਾ ਪਤਾ ਲੱਗਾ ਹੈ, ਜਿਸ ਨੂੰ ਹਸਪਤਾਲ ਦਾਖ਼ਲ ਕਰਾਉਣਾ ਪਿਆ। ਇਸ ਸਬੰਧ ਵਿਚ ਕਥਿਤ ਮੁਲਜ਼ਮਾਂ ਸੁਖਮੰਦਰ ਸਿੰਘ ਨਿਵਾਸੀ ਪਿੰਡ ਰਾਮਾ ਭੂਰੀ ਸਿੰਘ ਪਿੰਡ ਰੱਤਾ ਖੇੜਾ, ਰੇਸਮ ਪ੍ਰੀਤ ਸਿੰਘ, ਅਮਨਦੀਪ ਕੌਰ ਨਿਵਾਸੀ ਪਿੰਡ ਰਾਮਾ ਅਤੇ ਤਿੰਨ-ਚਾਰ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਇਸ ਮਾਮਲੇ ਦੀ ਜਾਂਚ ਸਹਾਇਕ ਥਾਣੇਦਾਰ ਨਛੱਤਰ ਸਿੰਘ ਕਰ ਰਹੇ ਹਨ, ਉਨ੍ਹਾਂ ਦੱਸਿਆ ਕਿ ਪੁਲਸ ਨੂੰ ਦਿੱਤੇ ਸ਼ਿਕਾਇਤ ਪੱਤਰ ਵਿਚ ਗੁਰਮੇਲ ਸਿੰਘ ਨੇ ਕਿਹਾ ਕਿ ਕਥਿਤ ਮੁਲਜ਼ਮਾ ਨਾਲ ਵੱਟ ਨੂੰ ਲੈ ਕੇ ਝਗੜਾ ਚੱਲਦਾ ਹੈ, ਜਿਸ ਕਾਰਨ ਕਥਿਤ ਮੁਲਜ਼ਮ ਟਰੈਕਟਰ 'ਤੇ ਸਾਡੇ ਘਰ ਆਏ, ਜਿਨ੍ਹਾਂ ਕੋਲ ਹਥਿਆਰ ਸਨ, ਉਨ੍ਹਾਂ ਮੈਨੂੰ ਰੱਸੇ ਨਾਲ ਬੰਨ੍ਹ ਲਿਆ ਅਤੇ ਬੁਰੀ ਤਰ੍ਹਾਂ ਨਾਲ ਕੁੱਟਮਾਰ ਕਰਨ ਲੱਗ ਪਏ, ਜਿਸ 'ਤੇ ਮੈਂ ਰੌਲਾ ਪਾਇਆ ਤਾਂ ਹਮਲਾਵਰ ਧਮਕੀਆਂ ਦਿੰਦੇ ਹੋਏ ਫਰਾਰ ਹੋ ਗਏ। ਜਾਂਚ ਅਧਿਕਾਰੀ ਨੇ ਕਿਹਾ ਕਿ ਕਥਿਤ ਮੁਲ਼ਜ਼ਮਾਂ ਨੂੰ ਕਾਬੂ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

# ਪੰਜਾਬੀਓ ਕਰ ਲਓ ਤਿਆਰੀ, ਅੱਜ ਫਿਰ ਬਿਜਲੀ ਸਪਲਾਈ ਰਹੇਗੀ ਬੰਦ

ਕੌਮੀ ਪਤ੍ਰਿਕਾ

ਜਲੰਧਰ 1 ਜੁਲਾਈ। ਪੰਜਾਬ ਵਿਚ ਅਤਿ ਦੀ ਪੈ ਰਹੀ ਗਰਮੀ ਵਿਚਾਲੇ ਲੋਕਾਂ ਨੂੰ ਬਿਜਲੀ ਸਪਲਾਈ ਵਿਚ ਆ ਰਹੀਆਂ ਮੁਸ਼ਕਿਲਾਂ ਕਾਰਨ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦਰਅਸਲ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਪਾਵਰ ਕੱਟ ਕਾਰਨ ਲੋਕਾਂ ਨੂੰ ਕਈ ਦਿੱਕਤਾਂ ਆ ਰਹੀਆਂ ਹਨ। ਇਸ ਵਿਚਾਲੇ ਜਲੰਧਰ ਸ਼ਹਿਰ ਅੱਜ ਫੋਕਲ ਪੁਆਇੰਟ 1-2 ਸਬ-ਸਟੇਸ਼ਨ ਦੀ ਬਿਜਲੀ ਸਪਲਾਈ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਰਹੇਗੀ। ਇਸ ਕਾਰਨ 11 ਕੇਵੀ ਸ਼ੰਕਰ, ਗੁਰੂ ਨਾਨਕ, ਟਾਵਰ, ਬੁਲੰਦਪੁਰ ਰੋਡ, ਡਰੇਨ, ਰਾਜਾ ਗਾਰਡਨ, ਵਿਵੇਕਾਨੰਦ, ਰਾਮ ਵਿਹਾਰ, ਸਤਯਮ, ਬਾਬਾ ਮੰਦਰ, ਸਨਫਲੈਗ, ਗਦਾਈਪੁਰ 1-2, ਸਲੇਮਪੁਰ, ਫਾਜ਼ਿਲਪੁਰ, ਡੀ. ਆਈ. ਸੀ. 1-2, ਬੀ. ਐੱਸ. ਐੱਨ. ਐੱਲ, ਬਾਬਾ ਮੋਹਨ ਦਾਸ ਨਗਰ, ਬਾਬਾ ਵਿਸ਼ਵਕਰਮਾ, ਵਾਟਰ ਸਪਲਾਈ, ਨਿਊ ਲਕਸ਼ਮੀ, ਉਦਯੋਗ ਨਗਰ, ਨਹਿਰ ਨੰਬਰ 1, ਕਾਲੀਆ ਕਲੋਨੀ, ਰੰਧਾਵਾ ਮਸੰਦ, ਰਾਏਪੁਰ ਰੋਡ, ਬੇਦੀ, ਕੇਸੀ, ਕੋਲਡ ਸਟੋਰ, ਨਿਊਕੋਨ ਅਤੇ ਮੋਹਕੇ ਆਦਿ ਫੀਡਰ ਬੰਦ ਰਹਿਣਗੇ। ਇਸ ਕਾਰਨ ਫੋਕਲ ਪੁਆਇੰਟ ਇੰਡਸਟਰੀਜ਼, ਸਵਰਨ ਪਾਰਕ, ??ਰਾਜਾ ਗਾਰਡਨ, ਉਦਯੋਗ ਨਗਰ, ਬੁਲੰਦਪੁਰ ਰੋਡ, ਇੰਡਸਟਰੀਅਲ ਏਰੀਆ, ਕਾਲੀਆ ਕਲੋਨੀ, ਰੰਧਾਵਾ ਮਸੰਦ ਟਾਵਰ, ਬੁਲੰਦਪੁਰ ਰੋਡ, ਡਰੇਨ, ਰਾਜਾ ਗਾਰਡਨ, ਵਿਵੇਕਾਨੰਦ, ਰਾਮ ਵਿਹਾਰ, ਸਤਯਮ, ਬਾਬਾ ਮੰਦਰ, ਸਨਫਲੈਗ, ਗਦਾਈਪੁਰ 1-2, ਸਲੇਮਪੁਰ, ਫਾਜ਼ਿਲਪੁਰ, ਡੀ. ਆਈ. ਸੀ. 1-2, ਬੀ. ਐੱਸ. ਐੱਨ. ਐੱਲ, ਬਾਬਾ ਮੋਹਨ ਦਾਸ ਨਗਰ, ਬਾਬਾ ਵਿਸ਼ਵਕਰਮਾ, ਵਾਟਰ ਸਪਲਾਈ, ਨਿਊ ਲਕਸ਼ਮੀ, ਉਦਯੋਗ ਨਗਰ, ਨਹਿਰ ਨੰਬਰ 1, ਕਾਲੀਆ ਕਲੋਨੀ, ਰੰਧਾਵਾ ਮਸੰਦ, ਰਾਏਪੁਰ ਰੋਡ, ਬੇਦੀ, ਕੇਸੀ, ਕੋਲਡ ਸਟੋਰ, ਨਿਊਕੋਨ ਅਤੇ ਅਤੇ ਆਲੇ-ਦੁਆਲੇ ਦੇ ਖੇਤਰ ਪ੍ਰਭਾਵਿਤ ਹੋਣਗੇ। ਇਥੇ ਇਹ ਵੀ ਦੱਸਣਯੋਗ ਹੈ ਕਿ ਇਕ ਦਿਨ ਪਹਿਲਾਂ ਸ਼ਨੀਵਾਰ ਨੂੰ ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ ਬਿਜਲੀ ਸਪਲਾਈ ਠੱਪ ਰਹੀ ਸੀ। ਇਹ ਜਾਣਕਾਰੀ ਸਬ-ਡਿਵੀਜ਼ਨ ਸਬ-ਅਰਬਨ ਬਰਨਾਲਾ ਦੇ ਐਸਡੀਓ ਇੰਜੀਨੀਅਰ ਅੰਤਪਾਲ ਸਿੰਘ ਅਤੇ ਜੇਈ ਇੰਜੀਨੀਅਰ ਲਵਪ੍ਰੀਤ ਸਿੰਘ ਨੇ ਦਿੱਤੀ ਸੀ। ਉਨ੍ਹਾਂ ਕਿਹਾ ਕਿ ਹੰਡਿਆਇਆ ਗਰਿੱਡ ਤੋਂ ਚੱਲਣ ਵਾਲੇ 11 ਕੇਵੀ ਪੱਟੀ ਰੋਡ (ਡੀ. ਐੱਚ. ਕਿਊ) ਫੀਡਰ 'ਤੇ ਜ਼ਰੂਰੀ ਰੱਖ-ਰਖਾਅ ਦਾ ਕੰਮ ਕੀਤਾ ਜਾਵੇਗਾ। ਇਸ ਰੱਖ-ਰਖਾਅ ਕਾਰਨ ਬਾਜਾਖਾਨਾ ਰੋਡ, ਐੱਸ. ਟੀ. ਪੀ. ਪਲਾਂਟ, ਟਿੱਬਾ ਬਸਤੀ, ਬਾਬਾ ਜੀਵਨ ਸਿੰਘ ਨਗਰ ਅਤੇ ਹੋਰ ਨੇੜਲੇ ਇਲਾਕਿਆਂ ਵਿੱਚ ਬਿਜਲੀ ਸਪਲਾਈ ਪ੍ਰਭਾਵਿਤ ਹੋਈ। ਉਥੇ ਹੀ ਬਿਜਲੀ ਵਿਭਾਗ ਨੇ ਇਸ ਅਸੁਵਿਧਾ ਲਈ ਖ਼ਪਤਕਾਰਾਂ ਨੂੰ ਸਹਿਯੋਗ ਦੀ ਅਪੀਲ ਕੀਤੀ। ਖ਼ਪਤਕਾਰਾਂ ਨੂੰ ਬਿਜਲੀ ਕੱਟਾਂ ਦੌਰਾਨ ਆਪਣੀਆਂ ਜ਼ਰੂਰੀ ਜ਼ਰੂਰਤਾਂ, ਜਿਵੇਂ ਕਿ ਪਾਣੀ ਸਟੋਰ ਕਰਨਾ ਅਤੇ ਮੋਬਾਇਲ ਫੋਨ ਅਤੇ ਹੋਰ ਇਲੈਕਟ?ਰਾਨਿਕ ਉਪਕਰਣਾਂ ਨੂੰ ਚਾਰਜ ਕਰਨਾ, ਲਈ ਵਿਕਲਪਕ ਪ੍ਰਬੰਧ ਕਰਨ ਦੀ ਸਲਾਹ ਦਿੱਤੀ ਗਈ। ਇਹ ਵੀ ਸੁਝਾਅ ਦਿੱਤਾ ਗਿਆ ਸੀ ਕਿ ਉਹ ਕਿਸੇ ਵੀ ਅਸੁਵਿਧਾ ਤੋਂ ਬਚਣ ਲਈ ਆਪਣੇ ਰੋਜ਼ਾਨਾ ਦੇ ਕੰਮਾਂ ਦੀ ਪਹਿਲਾਂ ਤੋਂ ਯੋਜਨਾ ਬਣਾਉਣ।

## ਪੰਜਾਬ 'ਚ ਵੱਡਾ ਐਨਕਾਊਂਟਰ, ਹਥਿਆਰ ਬਰਾਮਦਗੀ ਦੌਰਾਨ ਮੁਲਜ਼ਮ ਨੇ ਚਲਾਈਆਂ ਗੋਲੀਆਂ

ਅੰਮ੍ਰਿਤਸਰ 1 ਜੁਲਾਈ। ਅੰਮ੍ਰਿਤਸਰ ਦੇ ਪਿੰਡ ਚੰਨਣਕੇ ਨੇੜੇ ਮਹਿਤਾ ਚੌਂਕ 'ਤੇ ਹੋਏ ਜ਼ਬਰਦਸਤ ਪੁਲਸ ਮੁਕਾਬਲੇ 'ਚ ਇੱਕ ਮੁਲਜ਼ਮ ਗੋਲੀ ਲੱਗਣ ਨਾਲ ਜ਼ਖ਼ਮੀ ਹੋ ਗਿਆ। ਮੁਲਜ਼ਮ ਦੀ ਪਛਾਣ ਸੋਨੀ ਸਿੰਘ ਉਰਫ ਸੋਨੂ ਵਾਸੀ ਪਿੰਡ ਤਨੇਲ ਵਜੋਂ ਹੋਈ ਹੈ, ਜਿਸ ਖ਼?ਲਾਫ ਤਿੰਨ ਮਾਮਲੇ ਦਰਜ ਹਨ। ਹਾਲ ਹੀ 'ਚ ਉਸ ਨੇ ਇੱਕ ਡਾਕਟਰ ਕੋਲੋਂ 20 ਲੱਖ ਫਿਰੌਤੀ ਮੰਗੀ ਸੀ ਅਤੇ ਉਕਤ ਡਾਕਟਰ ਵੱਲੋਂ ਇਨਕਾਰ ਕਰਨ 'ਤੇ ਉਸ ਦੀ ਦੁਕਾਨ ਬਾਹਰ ਫਾਇਰਿੰਗ ਕੀਤੀ ਸੀ। ਜਿਸਦੇ ਚਲਦੇ ਸਾਡੇ ਥਾਣਾ ਮੱਤੇਵਾਲ ਵਿਖੇ ਇਸ ਦੇ ਖਿਲਾਫ ਮਾਮਲਾ ਦਰਜ ਕੀਤਾ ਗਿਆ ਸੀ। ਪੁਲਸ ਨੇ ਦੱਸਿਆ ਕਿ ਗ੍ਰਿਫ਼ਤਾਰੀ ਵੇਲੇ ਮੁਲਜ਼ਮ ਕੋਲੋਂ 262 ਗ੍ਰਾਮ ਹੈਰੋਇਨ, ਇੱਕ 32 ਬੋਰ ਪਿਸਟਲ ਅਤੇ 2 ਰਾਊਂਡ ਮਿਲੇ ਸਨ। ਪੁੱਛਗਿੱਛ ਦੌਰਾਨ ਸੋਨੀ ਨੇ ਦੱਸਿਆ ਕਿ ਉਸ ਨੇ ਇੱਕ ਹੋਰ ਹਥਿਆਰ ਪਿੰਡ ਚੰਨਣਕੇ ਦੀ ਡਰੇਨ ਨੇੜੇ ਛੁਪਾ ਕੇ ਰੱਖਿਆ ਹੈ।

### ਦੋ ਸਾਲ ਘਰ 'ਚ ਰੱਖੀ ਨੌਕਰਾਣੀ ਨਾਲ ਮਾਲਕ ਧੱਕੇ ਨਾਲ ਕਰਦਾ ਰਿਹਾ 'ਗੰਦਾ ਕੰਮ'

ਈਟਾਨਗਰ 1 ਜੁਲਾਈ। ਪੁਲਸ ਨੇ ਸੋਮਵਾਰ ਨੂੰ ਕਿਹਾ ਕਿ ਇੱਕ ਵਿਅਕਤੀ ਨੂੰ 20 ਸਾਲਾ ਘਰੇਲੂ ਨੌਕਰਾਣੀ ਨਾਲ ਉਸਦੇ ਘਰ ਵਿੱਚ ਦੋ ਸਾਲਾਂ ਤੋਂ ਕਥਿਤ ਤੌਰ 'ਤੇ ਬਲਾਤਕਾਰ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਔਰਤ ਨੇ ਚਾਂਗਲਾਂਗ ਜ਼ਿਲ੍ਹੇ ਦੇ ਬੋਰਡੁਮਸਾ ਪੁਲਸ ਸਟੇਸ਼ਨ ਵਿੱਚ 13 ਜੂਨ ਨੂੰ ਐੱਫਆਈਆਰ ਦਰਜ ਕਰਵਾਈ ਸੀ, ਜਿਸ ਦੇ ਆਧਾਰ 'ਤੇ ਐਤਵਾਰ ਨੂੰ ਆਦਮੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਐੱਸਪੀ (ਈਟਾਨਗਰ ਰਾਜਧਾਨੀ ਖੇਤਰ) ਜੁੰਮਰ ਬਸਰ ਨੇ ਕਿਹਾ ਕਿ ਕੇਸ ਨੂੰ ਬਾਅਦ 'ਚ ਈਟਾਨਗਰ ਮਹਿਲਾ ਪੁਲਸ ਸਟੇਸ਼ਨ 'ਚ ਤਬਦੀਲ ਕਰ ਦਿੱਤਾ ਗਿਆ। ਗੋਜੂ ਪਿੰਡ ਦੀ ਰਹਿਣ ਵਾਲੀ ਔਰਤ 2023 ਵਿੱਚ ਦੋਸ਼ੀ ਦੇ ਘਰ ਘਰੇਲੂ ਨੌਕਰਾਣੀ ਵਜੋਂ ਕੰਮ ਕਰਦੀ ਸੀ। ਪੁਲਸ ਨੇ ਸ਼ਿਕਾਇਤ ਦੇ ਹਵਾਲੇ ਨਾਲ ਕਿਹਾ ਕਿ ਪੀੜਤਾ ਦੇ ਵਿਰੋਧ ਦੇ ਬਾਵਜੂਦ ਵਾਰ-ਵਾਰ ਉਸ ਦਾ ਜਿਨਸੀ ਸ਼ੋਸ਼ਣ ਕੀਤਾ ਗਿਆ।

# 9 ਮਹੀਨਿਆਂ ਦੀ ਗਰਭਵਤੀ ਔਰਤ ਦੀ ਖੇਤਾਂ 'ਚੋਂ ਮਿਲੀ ਲਾਸ਼, ਜਬਰ-ਜ਼ਿਨਾਹ ਮਗਰੋਂ ਕਤਲ ਦਾ ਸ਼ੱਕ

ਕੌਮੀ ਪਤ੍ਰਿਕਾ

ਫਾਜ਼ਿਲਕਾ 1 ਜੁਲਾਈ। ਫਾਜ਼ਿਲਕਾ ਦੇ ਪਿੰਡ ਪਾਲੀਵਾਲਾ 'ਚ ਇਕ ਗਰਭਵਤੀ ਔਰਤ



ਦੀ ਭੇਤਭਰੇ ਹਾਲਾਤ 'ਚ ਲਾਸ਼ ਬਰਾਮਦ ਕੀਤੀ ਗਈ ਹੈ। ਇਸ ਤੋਂ ਬਾਅਦ ਮ੍ਰਿਤਕ ਔਰਤ ਦੇ ਪਰਿਵਾਰ ਵਾਲਿਆਂ ਵੱਲੋਂ ਪੁਲਸ 'ਤੇ ਸੁਣਵਾਈ ਨਾ ਕਰਨ ਦੇ ਦੋਸ਼ ਲਾਉਂਦਿਆਂ ਮ੍ਰਿਤਕਾ ਦੀ ਲਾਸ਼ ਨੂੰ ਹਾਈਵੇ 'ਤੇ ਰੱਖ ਕੇ ਜਾਮ ਲਾਇਆ ਗਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਮ੍ਰਿਤਕਾ 9 ਮਹੀਨੇ ਦੀ ਗਰਭਵਤੀ ਸੀ ਅਤੇ ਕਰੀਬ 10 ਦਿਨ ਬਾਅਦ ਬੱਚਾ ਹੋਣ ਵਾਲਾ ਸੀ। ਸ਼ੁੱਕਰਵਾਰ ਨੂੰ ਪੁਲਸ ਵੱਲੋਂ ਉਨ੍ਹਾਂ ਨੂੰ ਫੋਨ ਰਾਹੀਂ ਉਨ੍ਹਾਂ ਦੀ ਧੀ ਦੀ ਲਾਸ਼ ਮਿਲਣ ਦੀ ਸੂਚਨਾ ਦਿੱਤੀ ਗਈ। ਇਸ ਤੋਂ ਬਾਅਦ ਜਦੋਂ ਉਨ੍ਹਾਂ ਜਾ ਕੇ ਦੇਖਿਆ ਤਾਂ ਉਸ ਦੀ ਲਾਸ਼ ਪਿੰਡ ਮੀਨਿਆ ਵਾਲੀ ਦੇ ਖੇਤਾਂ 'ਚ ਬਹੁਤ ਮਾੜੀ ਹਾਲਤ ਪਈ ਹੋਈ ਸੀ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਧੀ ਨਾਲ ਜਬਰ-ਜ਼ਿਨਾਹ ਕਰਨ ਤੋਂ ਬਾਅਦ ਕਤਲ ਹੋਇਆ ਹੈ। ਉਨ੍ਹਾਂ ਵੱਲੋਂ ਸ਼ੱਕੀ ਵਿਅਕਤੀਆਂ ਬਾਰੇ ਪੁਲਸ ਨੂੰ ਸੂਚਨਾ ਦਿੱਤੀ ਗਈ। ਇਸ ਤੋਂ ਬਾਅਦ ਪੁਲਸ ਨੇ ਮੁਲਜ਼ਮ ਨੂੰ ਥਾਣੇ ਲਿਆਂਦਾ ਪਰ ਚਾਹ-ਪਾਣੀ ਪਿਆ ਕੇ ਘਰੇ ਤੋਰ ਦਿੱਤਾ। ਉਨ੍ਹਾਂ ਦੱਸਿਆ ਕਿ ਉਨ੍ਹਾਂ ਕੋਲ ਇਸ ਘਟਨਾ ਤੋਂ ਪਹਿਲਾਂ ਦੀ ਸੀ. ਸੀ. ਟੀ. ਵੀ. ਫੁਟੇਜ ਵੀ ਮੌਜੂਦ ਹੈ। ਜਿਸ 'ਚ ਇਕ ਮੁੰਡਾ ਉਨ੍ਹਾਂ ਦੀ ਧੀ ਨੂੰ ਆਪਣੇ ਨਾਲ ਲੈ ਕੇ ਜਾਂਦਾ ਦਿਖਾਈ ਦੇ ਰਿਹਾ ਹੈ। ਉਨ੍ਹਾਂ ਵੱਲੋਂ ਇਸ ਸੀ. ਸੀ. ਟੀ. ਵੀ. ਫੁਟੇਜ ਬਾਰੇ ਪੁਲਸ ਨੂੰ ਵੀ ਜਾਣਕਾਰੀ ਦਿੱਤੀ ਗਈ ਹੈ ਅਤੇ ਉਸ ਮੁੰਡੇ ਬਾਰੇ ਵੀ ਦੱਸਿਆ ਗਿਆ ਹੈ। ਇਸ ਤੋਂ ਬਾਅਦ ਵੀ ਪੁਲਸ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਉਨ੍ਹਾਂ ਨੇ ਮੰਗ ਕੀਤੀ ਹੈ ਕਿ ਉਨ੍ਹਾਂ ਦੀ ਧੀ ਅਤੇ ਉਸ ਦੇ ਗਰਭ 'ਚ ਪਲ ਰਹੇ ਬੱਚੇ ਦਾ ਕਤਲ ਕਰਨ ਵਾਲਿਆਂ 'ਤੇ ਬਣਦੀ ਕਨੂੰਨੀ ਕਾਰਵਾਈ ਕੀਤੀ ਜਾਵੇ।

## ਨਸ਼ਿਆਂ ਖ਼ਿਲਾਫ਼ ਮੋਗਾ ਪੁਲਸ ਦਾ ਸਰਚ ਆਪਰੇਸ਼ਨ

ਮੋਗਾ 1 ਜੁਲਾਈ। ਜ਼ਿਲਾ ਪੁਲਸ ਮੁਖੀ ਅਜੇ ਗਾਂਧੀ ਨੇ ਦੱਸਿਆ ਕਿ ਯੁੱਧ ਨਸ਼ਿਆ ਵਿਰੁੱਧ ਮੁਹਿੰਮ ਦੇ ਤਹਿਤ ਮੋਗਾ ਅਤੇ ਸਬ ਡਵੀਜ਼ਨ ਬਾਘਾ ਪੁਰਾਣਾ ਵਿਚ ਚਲਾਇਆ ਗਿਆ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਦੋ ਦੇ ਮੁਖੀ ਵਰੁਣ ਸਿੰਘ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਇਹ ਸਰਚ ਅਭਿਆਨ ਚਲਾਇਆ ਹੈ ਜਿਹੜਾ ਕਿ ਮੋਗਾ ਦੇ ਸਾਧਾਂਵਾਲੀ ਬਸਤੀ ਅਤੇ



ਹੋਰ ਥਾਵਾਂ 'ਤੇ ਜਾਰੀ ਹੈ। ਉੱਥੇ ਹੀ ਬਾਘਾ ਪੁਰਾਣਾ ਦੇ ਦੱਸਿਆ ਕਿ ਕਈ ਪਿੰਡਾਂ ਦੀ ਵਿਸ਼ੇਸ਼ ਘੇਰਾਬੰਦੀ ਕਰਕੇ ਸਰਚ ਆਪਰੇਸ਼ਨ ਡੀਐੱਸਪੀ ਦਲਵੀਰ ਸਿੰਘ ਸਿੱਧੂ ਦੀ ਅਗਵਾਈ ਹੇਠ ਚਲਾਇਆ ਗਿਆ। ਉਨ੍ਹਾਂ ਦੱਸਿਆ ਕਿ ਉਕਤ ਸਰਚ ਮੁਹਿੰਮ ਪਿੰਡ ਸੰਗਤਪੁਰਾ, ਰਾਜਿਆਣਾ, ਸਮਾਧ ਭਾਈ, ਘੋਲੀਆਂ ਕਲਾਂ, ਮਹੰਤਾਂ ਵਾਲਾ ਬਾਘਾ ਪੁਰਾਣਾ, ਭਲੂਰ ਰੋਡ, ਸਮਾਲਸਰ, ਮੱਲਕੇ ਆਦਿ ਪਿੰਡਾਂ ਵਿਚ ਚਲਾਈ ਗਈ। ਇਸ ਦੌਰਾਨ 22 ਸ਼ੱਕੀ ਵਿਅਕਤੀਆਂ ਦੇ ਘਰਾਂ ਅਤੇ ਉਨ੍ਹਾਂ ਦੇ ਸ਼ੱਕੀ ਟਿਕਾਣਿਆਂ ਦੀ ਤਲਾਸ਼ੀ ਲਈ ਗਈ ਅਤੇ ਕਈਆਂ ਕੋਲੋਂ ਪੁੱਛਗਿੱਛ ਕੀਤੀ ਗਈ। ਪੁਲਸ ਨੇ 18 ਸ਼ੱਕੀ ਵ?ਹੀਕਲਾਂ ਨੂੰ ਚੈੱਕ ਕੀਤਾ ਜੋ ਠੀਕ ਪਾਏ ਗਏ। ਇਸ ਮੌਕੇ ਡੀ.ਐੱਸ.ਪੀ ਬਾਘਾ ਪੁਰਾਣਾ ਦਲਵੀਰ ਸਿੰਘ ਸਿੱਧੂ ਨੇ ਕਿਹਾ ਕਿ ਨਸ਼ਾ ਮੁਕਤ ਪੰਜਾਬ ਦੀ ਸਿਰਜਣਾ ਲਈ ਲੋਕ ਪੁਲਸ ਵਿਭਾਗ ਨੂੰ ਆਪਣਾ ਪੂਰਾ ਸਹਿਯੋਗ ਕਰਨ ਤਾਂ ਕਿ ਨਸ਼ਿਆਂ ਦਾ ਖਾਤਮਾ ਹੋ ਸਕੇ ਅਤੇ ਸਾਡੀ ਨੌਜਵਾਨ ਪੀੜੀ ਬਚ ਸਕੇ।

### ਥਾਣੇ ਤੋਂ ਮਹਿਜ਼ 50 ਮੀਟਰ ਦੀ ਦੂਰੀ 'ਤੇ ਡੀਲਰ ਨੂੰ ਮਾਰੀ ਗੋਲੀ

ਜ਼ੀਰਕਪੁਰ 1 ਜੁਲਾਈ। ਥਾਣੇ ਤੋਂ ਮਹਿਜ਼ 50 ਮੀਟਰ ਦੀ ਦੂਰੀ 'ਤੇ ਸੋਮਵਾਰ ਦੁਪਹਿਰ ਨੂੰ 2 ਅਣਪਛਾਤੇ ਮੋਟਰਸਾਈਕਲ ਸਵਾਰ ਹਮਲਾਵਰਾਂ ਨੇ ਐਕਟਿਵਾ ਸਵਾਰ ਪ੍ਰਾਪਰਟੀ ਡੀਲਰ ਨੂੰ ਗੋਲੀ ਮਾਰ ਜ਼ਖ਼ਮੀ ਕਰ ਦਿੱਤਾ, ਜਦਕਿ ਉਸ ਦਾ ਸਾਥੀ ਵੀ ਮਾਮੂਲੀ ਜ਼ਖ਼ਮੀ ਹੋ ਗਿਆ। ਹਮਲਾਵਰ ਗੋਲੀ ਮਾਰਨ ਤੋਂ ਬਾਅਦ ਤੰਗ ਗਲੀਆਂ 'ਚੋਂ ਫ਼ਰਾਰ ਹੋ ਗਏ। ਡੀਲਰ ਦੀ ਪਛਾਣ ਜਗਤਾਰ ਸਿੰਘ ਪਿੰਡ ਖੇੜੀ ਸੁੰਡਰਾਂ ਡੇਰਾਬੱਸੀ ਵਜੋਂ ਹੋਈ ਹੈ। ਸੂਚਨਾ



ਮਿਲਣ ਤੋਂ ਬਾਅਦ ਐੱਸ. ਪੀ. ਜ਼ੀਰਕਪੁਰ ਜਸਪਿੰਦਰ ਸਿੰਘ ਗਿੱਲ, ਥਾਣਾ ਮੁਖੀ ਸਤਿੰਦਰ ਸਿੰਘ ਨੇ ਮੌਕੇ 'ਤੇ ਪਹੁੰਚ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਜਾਣਕਾਰੀ ਮੁਤਾਬਕ ਸੋਮਵਾਰ ਦੁਪਹਿਰ ਕਰੀਬ ਢਾਈ ਵਜੇ ਪ੍ਰਾਪਰਟੀ ਡੀਲਰ ਸਾਥੀ ਨਾਲ ਐਕਟਿਵਾ 'ਤੇ ਸਵਾਰ ਹੋ ਕੇ ਜ਼ੀਰਕਪੁਰ ਤਹਿਸੀਲ ਵੱਲ ਜਾ ਰਿਹਾ ਸੀ। ਇਸ ਦੌਰਾਨ ਜਦੋਂ ਉਹ ਰਾਹ 'ਚ ਡਾਕੂਮੈਂਟ ਸੈਂਟਰ ਦੀ ਦੁਕਾਨ ਦੇ ਬਾਹਰ ਰੁੱਕਿਆ ਤਾਂ ਪਿੱਛੋਂ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਏ 2 ਹਮਲਾਵਰਾਂ ਨੇ ਐਕਟਿਵਾ ਦੇ ਪਿੱਛੇ ਬੈਠੇ ਪ੍ਰਾਪਰਟੀ ਡੀਲਰ 'ਤੇ ਫਾਇਰ ਕੀਤਾ, ਜੋ ਉਸ ਦੀ ਪਿੱਠ 'ਤੇ ਲੱਗਿਆ। ਗੋਲੀ ਲੱਗਣ ਨਾਲ ਪ੍ਰਾਪਰਟੀ ਡੀਲਰ ਜਗਤਾਰ ਜ਼ਖ਼ਮੀ ਹੋ ਗਿਆ, ਜਦੋਂ ਕਿ ਐਕਟਿਵਾ ਚਲਾ ਰਿਹਾ ਸਾਥੀ ਜਗਤਾਰ ਸਿੰਘ ਵਾਸੀ ਪਿੰਡ ਪੰਡਵਾਲਾ ਪਿੱਠ 'ਤੇ ਗੋਲੀ ਦਾ ਛਰਲਾ ਲੱਗਣ ਨਾਲ ਜ਼ਖ਼ਮੀ ਹੋ ਗਿਆ। ਦੋਵੇਂ ਨੂੰ ਨਿੱਜੀ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ। ਹਮਲਾਵਰਾਂ ਨੇ ਹੈਲਮੇਟ ਪਾਏ ਸਨ, ਇਸ ਕਾਰਨ ਉਨ੍ਹਾਂ ਦੀ ਪਛਾਣ ਨਹੀਂ ਹੋ ਪਈ।

## ਸ਼ੱਕੀ ਹਾਲਾਤ 'ਚ ਈ-ਰਿਕਸ਼ਾ ਚਲਾਉਣ ਵਾਲੇ ਨੌਜਵਾਨ ਦੀ ਮੌਤ

ਫਗਵਾੜਾ 1 ਜੁਲਾਈ। ਫਗਵਾੜਾ ਦੇ ਸੰਘਣੀ ਆਬਾਦੀ ਵਾਲੇ ਹਦੀਆਬਾਦ ਦੇ ਹਾਕੂਪੁਰਾ ਇਲਾਕੇ ਵਿੱਚ ਉਸ ਵੇਲੇ ਦਹਿਸ਼ਤ ਫੈਲ ਗਈ, ਜਦੋਂ ਇੱਕ ਪਾਰਕ 'ਚ ਈ-ਰਿਕਸ਼ਾ ਚਲਾਉਣ ਵਾਲਾ ਨੌਜਵਾਨ ਬੇਹੋਸ਼ੀ ਦੀ ਹਾਲਤ ਵਿੱਚ ਲੋਕਾਂ ਨੇ ਵੇਖਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਲੋਕਾਂ ਨੇ ਦੱਸਿਆ ਕਿ ਨੌਜਵਾਨ ਦੀ ਹਾਲਤ ਬੇਹੱਦ ਖਰਾਬ ਜਾਪ ਰਹੀ ਸੀ ਜਿਸ ਨੂੰ ਦੇਖਦੇ ਹੋਏ ਉਹਨਾਂ ਵੱਲੋਂ ਇਸ ਦੀ ਸੂਚਨਾ ਪੁਲਸ ਥਾਣਾ ਸਤਨਾਮਪੁਰਾ ਦੀ ਟੀਮ ਨੂੰ ਦਿੱਤੀ ਗਈ। ਇਸ ਤੋਂ ਬਾਅਦ ਮੌਕੇ 'ਤੇ ਪੁੱਜੀ ਸਰਕਾਰੀ ਐਂਬੂਲੈਂਸ ਨੇ ਨੌਜਵਾਨ ਨੂੰ ਸਿਵਲ ਹਸਪਤਾਲ ਫਗਵਾੜਾ ਪਹੁੰਚਾਇਆ, ਜਿੱਥੇ ਸਰਕਾਰੀ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਮ੍ਰਿਤਕ ਨੌਜਵਾਨ ਦੀ ਪਛਾਣ ਕਰਨ ਵਾਸੀ ਪਲਾਹੀ ਗੇਟ ਵਜੋਂ ਦੱਸੀ ਜਾ ਰਹੀ ਹੈ। ਮੌਕੇ 'ਤੇ ਮੌਜੂਦ ਰਹੇ ਲੋਕਾਂ ਨੇ ਦੱਸਿਆ ਕਿ ਮ੍ਰਿਤਕ ਨੌਜਵਾਨ ਦੇ ਹੱਥ ਵਿੱਚ ਇੱਕ ਸਰਿੰਜ ਸੀ ਜਿਸ ਨੂੰ ਵੇਖ ਕੇ ਇੰਝ ਜਾਪ ਰਿਹਾ ਸੀ ਕਿ ਉਸਨੇ ਦਵਾਈ ਦੀ ਓਵਰਡੋਜ਼ ਲੈ ਲਈ ਹੋਵੇ? ਖ਼ਬਰ ਲਿਖੇ ਜਾਣ ਤੱਕ ਥਾਣਾ ਸਤਨਾਮਪੁਰਾ ਫਗਵਾੜਾ ਦੀ ਪੁਲਸ ਨੇ ਮ੍ਰਿਤਕ ਨੌਜਵਾਨ ਦੀ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਦੇ ਮੁਰਦਾਘਰ ਭੇਜ ਦਿੱਤਾ ਹੈ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।

## 'ਆਪ' ਵਲੋਂ ਲਿਆਂਦੀ ਲੈਂਡ ਪੂਲਿੰਗ ਸਕੀਮ 'ਤੇ ਸੁਨੀਲ ਜਾਖੜ ਨੇ ਖੜ੍ਹੇ ਕੀਤੇ ਸਵਾਲ

ਚੰਡੀਗੜ੍ਹ 1 ਜੁਲਾਈ। ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਲਿਆਂਦੀ ਲੈਂਡ ਪੂਲਿੰਗ ਪਾਲਸੀ ਨੂੰ ਇੱਕ ਚਿੱਟ ਫੰਡ ਸਕੀਮ ਦੱਸਦਿਆਂ ਕਿਹਾ ਹੈ ਕਿ ਸੂਬਾ ਸਰਕਾਰ ਲੋਕਾਂ ਨੂੰ ਗੁੰਮਰਾਹ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਚਾਰ ਗੁਣਾ ਮੁਨਾਫ਼ੇ ਦਾ ਝੂਠਾ ਲਾਲਚ ਦੇ ਕੇ ਕਿਸਾਨਾਂ ਦੀ ਜ਼ਮੀਨ ਹਥਿਆਈ ਜਾ ਰਹੀ ਹੈ। ਇੱਥੇ ਅੱਜ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਜਪਾ ਸੂਬਾ ਪ੍ਰਧਾਨ ਨੇ ਆਖਿਆ ਕਿ ਇਹ ਸਕੀਮ ਪੰਜਾਬ ਦੀ ਲੁੱਟ ਕਰਨ ਦੇ ਇਰਾਦੇ ਨਾਲ ਤਿਆਰ ਕੀਤੀ ਗਈ ਹੈ। ਉਨ੍ਹਾਂ ਨੇ ਕਿਹਾ ਕਿ ਸਰਕਾਰ ਦੇ ਲੋਕ ਗਲਤ ਬਿਆਨਬਾਜ਼ੀ ਕਰ ਰਹੇ ਹਨ ਕਿ ਕਿਸਾਨ ਤੋਂ ਉਸਦੀ ਜ਼ਮੀਨ ਖੋਹੀ ਨਹੀਂ ਜਾਵੇਗੀ ਪਰ ਜਿਸ ਜ਼ਮੀਨ ਦਾ ਨੋਟੀਫਿਕੇਸ਼ਨ ਹੋ ਗਿਆ, ਉਹ ਜ਼ਮੀਨ ਤਾਂ ਹੁਣ ਕਿਸਾਨ ਵੇਚ ਵੀ ਨਹੀਂ ਸਕਦਾ। ਜਦ ਕੋਈ ਮਾਲਕ ਆਪਣੀ ਜ਼ਮੀਨ ਵੇਚ ਨਹੀਂ ਸਕਦਾ ਤਾਂ ਫਿਰ ਕੀ ਇਹ ਉਸ ਦੇ ਅਧਿਕਾਰਾਂ ਦਾ ਹਣਨ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਇਹ ਇੱਕ ਪੋਂਜੀ ਸਕੀਮ/ ਚਿੱਟ ਫੰਡ ਸਕੀਮ ਵਰਗੀ ਯੋਜਨਾ ਹੈ, ਜਿਸ ਦਾ ਮਕਸਦ ਆਪਣੇ ਚਹੇਤੇ ਰੀਅਲ ਅਸਟੇਟ ਦੇ ਲੋਕਾਂ ਰਾਹੀਂ ਕਮਿਸ਼ਨ ਖੋਰੀ ਕਰਨਾ ਹੈ।

# ਕਮਿਸ਼ਨਰੇਟ ਜਲੰਧਰ ਪੁਲਸ ਨੇ ਸ਼ਹਿਰ ਦੀਆਂ ਮੁੱਖ ਥਾਵਾਂ 'ਤੇ ਕੇਂਦਰਿਤ ਕੇਸੋ ਆਪ੍ਰੇਸ਼ਨ ਚਲਾਇਆ

ਕੌਮੀ ਪਤ੍ਰਿਕਾ

ਜਲੰਧਰ 1 ਜੁਲਾਈ। ਚੱਲ ਰਹੇ 'ਯੁੱਧ ਨਸ਼ਿਆਂ ਵਿਰੁੱਧ' ਪਹਿਲਕਦਮੀ ਦੇ ਹਿੱਸੇ ਵਜੋਂ ਕਮਿਸ਼ਨਰੇਟ ਪੁਲਸ ਜਲੰਧਰ ਨੇ ਸਿਟੀ ਜ਼ੋਨ-1, ਜਲੰਧਰ ਦੀਆਂ ਕਈ ਮੁੱਖ ਥਾਵਾਂ 'ਤੇ ਇੱਕ ਕੇਂਦਰਿਤ ਕੇਸੋ ਆਪ੍ਰੇਸ਼ਨ ਚਲਾਇਆ, ਖਾਸ ਤੌਰ 'ਤੇ ਅਪਰਾਧਿਕ ਤੱਤਾਂ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਨੈੱਟਵਰਕਾਂ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ। ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਦੱਸਿਆ ਕਿ ਇਹ ਆਪ੍ਰੇਸ਼ਨ ਡੀਸੀਪੀ (ਇਨਵੈਸਟੀਗੇਸ਼ਨ), ਮਨਪ੍ਰੀਤ ਸਿੰਘ ਢਿੱਲੋਂ ਅਤੇ ਏਡੀਸੀਪੀ-1, ਆਕਰਸ਼ੀ ਜੈਨ ਦੀ ਨਿਗਰਾਨੀ ਹੇਠ ਸਬੰਧਤ ਏਸੀਪੀਜ਼ ਦੁਆਰਾ ਰਣਨੀਤਕ ਤਾਲਮੇਲ ਨਾਲ ਕੀਤਾ ਗਿਆ ਸੀ। ਇੱਕ ਵਿਆਪਕ ਅਤੇ ਤਾਲਮੇਲ ਵਾਲੇ ਯਤਨ ਨੂੰ ਯਕੀਨੀ ਬਣਾਉਣ ਲਈ ਸਿਟੀ ਜ਼ੋਨ-1 ਡਿਵੀਜ਼ਨ ਦੀਆਂ ਪੁਲਸ ਟੀਮਾਂ ਨੂੰ ਲਾਮਬੰਦ ਕੀਤਾ ਗਿਆ ਸੀ। ਇਸ ਆਪ੍ਰੇਸ਼ਨ ਵਿੱਚ ਜਾਣੇ-ਪਛਾਣੇ ਡਰੱਗ ਹੌਟਸਪੌਟਾਂ, ਖਾਸ ਕਰਕੇ ਤਸਕਰਾਂ ਦੁਆਰਾ ਆਮ ਤੌਰ 'ਤੇ ਟ?ਰਾਂਜ਼ਿਟ ਪੁਆਇੰਟ ਵਜੋਂ ਵਰਤੇ ਜਾਂਦੇ ਖੇਤਰਾਂ



'ਤੇ ਸਾਵਧਾਨੀ ਨਾਲ ਯੋਜਨਾਬੱਧ ਛਾਪੇਮਾਰੀ ਸ਼ਾਮਲ ਸੀ। ਸ਼ੱਕੀ ਵਿਅਕਤੀਆਂ ਦੇ ਘਰਾਂ ਅਤੇ ਨਾਲ ਲੱਗਦੇ ਅਹਾਤਿਆਂ ਦੀ ਪੂਰੀ ਤਲਾਸ਼ੀ ਲਈ ਗਈ। ਲੁਕੇ ਹੋਏ ਤਸਕਰੀ, ਖਾਸ ਕਰਕੇ ਨਸ਼ੀਲੇ ਪਦਾਰਥਾਂ ਦੀ ਤਲਾਸ਼ੀ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ। ਕਾਨੂੰਨੀ ਪਾਲਣਾ ਅਤੇ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਲਈ ਅਧਿਕਾਰਤ ਆਈਡੀ ਜਾਂਚਾਂ ਰਾਹੀਂ ਨਿਵਾਸੀਆਂ ਦੀ ਪਛਾਣ ਦੀ ਪੁਸ਼ਟੀ ਸਖ਼ਤੀ ਨਾਲ ਕੀਤੀ ਗਈ। ਕਿਸੇ ਵੀ ਚੱਲ ਰਹੀ ਗੈਰ-ਕਾਨੂੰਨੀ ਗਤੀਵਿਧੀ ਨੂੰ ਰੋਕਣ ਲਈ ਖਾਲੀ ਅਤੇ ਸੁੰਨਸਾਨ ਇਲਾਕਿਆਂ ਦਾ ਵੀ ਨਿਰੀਖਣ ਕੀਤਾ ਗਿਆ। ਇਹ ਪਹਿਲ ਕਾਨੂੰਨ ਵਿਵਸਥਾ ਨੂੰ ਬਣਾਈ ਰੱਖਣ ਅਤੇ ਨਾਗਰਿਕਾਂ ਦੀ ਸੁਰੱਖਿਆ ਅਤੇ ਤੰਦਰੁਸਤੀ ਨੂੰ ਬਣਾਈ ਰੱਖਣ ਲਈ ਵਿਭਾਗ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਸੀਪੀ ਜਲੰਧਰ ਨੇ ਜ਼ੋਰ ਦੇ ਕੇ ਕਿਹਾ ਕਿ ਜਲੰਧਰ ਨੂੰ ਇੱਕ ਸੁਰੱਖਿਅਤ ਅਤੇ ਨਸ਼ਾ ਮੁਕਤ ਸ਼ਹਿਰ ਬਣਾਉਣ ਲਈ ਨਿਰੰਤਰ ਯਤਨਾਂ ਦੇ ਹਿੱਸੇ ਵਜੋਂ ਭਵਿੱਖ ਵਿੱਚ ਵੀ ਅਜਿਹੇ ਕਾਰਜ ਜਾਰੀ ਰਹਿਣਗੇ।

## ਕਮਿਸ਼ਨਰ ਦਫ਼ਤਰ 'ਚੋਂ ਕਠਲ ਚੋਰੀ ਕਰਨ ਦਰਖ਼ਤ 'ਤੇ ਚੜ੍ਹ ਆ ਨੌਜਵਾਨ

ਨੈਸ਼ਨਲ ਡੈਸਕ 1 ਜੁਲਾਈ। ਇਕ ਅਜੀਬੋ-ਗਰੀਬ ਘਟਨਾ 'ਚ ਇਕ ਨੌਜਵਾਨ ਜੋ ਨਸ਼ੇ ਦੀ ਹਾਲਤ ਵਿਚ ਸੀ, ਕਮਿਸ਼ਨਰ ਦਫ਼ਤਰ ਦੇ ਅਪਾਰਟਮੈਂਟ 'ਚ ਲੱਗੇ ਕਠਲ ਦੇ ਦਰੱਖਤ 'ਤੇ ਚੜ੍ਹ ਗਿਆ। ਦਰਅਸਲ ਨੌਜਵਾਨ ਦਰੱਖਤ 'ਤੇ ਚੜ੍ਹ ਕੇ ਕਠਲ ਚੋਰੀ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ ਪਰ ਸੰਤੁਲਨ ਗੁਆ ਬੈਠਾ ਅਤੇ ਲਗਭਗ 50 ਫੁੱਟ ਦੀ ਉੱਚਾਈ ਤੋਂ ਡਿੱਗ ਪਿਆ। ਇਹ ਮਾਮਲਾ ਕਰਨਾਟਕ ਦੀ ਰਾਜਧਾਨੀ ਬੈਂਗਲੁਰੂ ਦਾ ਹੈ। ਜਾਣਕਾਰੀ ਮੁਤਾਬਕ ਨੌਜਵਾਨ ਪੂਰੀ ਤਰ੍ਹਾਂ ਨਸ਼ੇ ਵਿਚ ਸੀ। ਉਹ ਕਮਿਸ਼ਨਰ ਦਫ਼ਤਰ ਦੇ ਅਪਾਰਟਮੈਂਟ ਵਿਚ ਦਾਖ਼ਲ ਹੋ ਗਿਆ ਅਤੇ ਉਥੇ ਖੜ੍ਹੇ ਇਕ ਉੱਚੇ ਕਠਲ ਦੇ ਦਰੱਖਤ 'ਤੇ ਚੜ੍ਹ ਗਿਆ। ਉੱਪਰ ਚੜ੍ਹਨ ਮਗਰੋਂ ਉਹ ਫਲ ਤੋੜਣ ਦੀ ਕੋਸ਼ਿਸ਼ ਕਰ ਰਿਹਾ ਸੀ ਪਰ ਪੈਰ ਫਿਸਲਣ ਕਾਰਨ ਉਹ ਧੜਾਮ ਕਰ ਕੇ ਹੇਠਾਂ ਆ ਡਿੱਗਿਆ। ਡਿੱਗਣ ਕਾਰਨ ਨੌਜਵਾਨ ਦੇ ਸਿਰ, ਪਿੱਠ ਅਤੇ ਪੈਰਾਂ ਵਿੱਚ ਗੰਭੀਰ ਸੱਟਾਂ ਲੱਗੀਆਂ। ਉਸ ਨੂੰ ਤੁਰੰਤ ਨਜ਼ਦੀਕੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ, ਜਿੱਥੇ ਡਾਕਟਰਾਂ ਵੱਲੋਂ ਉਸ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਪੁਲਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਦਫ਼ਤਰ ਦੀ ਸੁਰੱਖਿਆ ਵਿਚ ਲਾਪ੍ਰਵਾਹੀ ਦੀ ਵੀ ਜਾਂਚ ਹੋ ਰਹੀ ਹੈ ਕਿ ਨਸ਼ੇ ਵਿਚ ਧੁੱਤ ਵਿਅਕਤੀ ਕਿਵੇਂ ਦਫ਼ਤਰ ਅਪਾਰਟਮੈਂਟ ਵਿਚ ਦਾਖਲ ਹੋ ਗਿਆ। ਇਹ ਘਟਨਾ ਨਸ਼ੇ ਦੀ ਲਤ ਦੇ ਭਿਆਨਕ ਨਤੀਜਿਆਂ ਵੱਲ ਧਿਆਨ ਖਿੱਚਦੀ ਹੈ। ਕਠਲ ਚੋਰੀ ਕਰਨ ਦੀ ਇਕ ਨਾਕਾਮ ਕੋਸ਼ਿਸ਼ ਨੇ ਇਕ ਨੌਜਵਾਨ ਦੀ ਜ਼ਿੰਦਗੀ ਖਤਰੇ ਵਿਚ ਪਾ ਦਿੱਤੀ ਹੈ।

## ਤੇਜ਼ਧਾਰ ਹਥਿਆਰਾਂ ਦੀ ਨੋਕ 'ਤੇ ਲੁੱਟੇ ਸਨ ਲੱਖਾਂ ਰੁਪਏ, ਪੁਲਸ ਨੇ ਕਾਬੂ ਕਰ ਭੰਨ੍ਹੇ ਗਿੱਟੇ

ਫਤਹਿਗੜ੍ਹ ਸਾਹਿਬ 1 ਜੁਲਾਈ। ਖਮਾਣੋ ਵਿਖੇ 3 ਨਕਾਬਪੋਸ਼ ਲੁਟੇਰਿਆਂ ਵੱਲੋਂ ਮਨੀ ਟ?ਰਾਂਸਫਰ ਦਾ ਕੰਮ ਕਰਨ ਵਾਲੇ ਨੌਜਵਾਨ ਨੂੰ ਦੇਰ ਰਾਤ ਘਰ ਜਾਣ ਸਮੇਂ ਤੇਜ਼ਧਾਰ ਹਥਿਆਰਾਂ ਨਾਲ ਜ਼ਖਮੀ ਕਰਕੇ ਲੱਖਾਂ ਰੁਪਏ ਦੀ ਲੁੱਟ ਕਰਨ ਵਾਲਿਆਂ ਨੂੰ ਖਮਾਣੋ ਪੁਲਸ ਨੇ 24 ਘੰਟਿਆਂ 'ਚ ਗ੍ਰਿਫਤਾਰ ਕਰਨ 'ਚ ਸਫਲਤਾ ਹਾਸਿਲ ਕੀਤੀ। ਐੱਸਪੀਡੀ ਫਤਹਿਗੜ੍ਹ ਸਾਹਿਬ ਰਾਕੇਸ਼ ਯਾਦਵ ਨੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਇਨ੍ਹਾਂ ਲੁਟੇਰਿਆ ਪਾਸੋਂ ਵਾਰਦਾਤ 'ਚ ਵਰਤੇ ਗਏ ਤੇਜ਼ਧਾਰ ਹਥਿਆਰਾਂ ਤੇ ਮੋਟਰਸਾਈਕਲ ਦੇ ਨਾਲ ਨਾਲ 4 ਲੱਖ ਦੇ ਲਗਭਗ ਪੂਰੀ ਰਕਮ ਨੂੰ ਵੀ ਬਰਾਮਦ ਕਰ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਮਨਸੂਰਪੁਰ ਰੋਡ ਖਮਾਣੋ ਜੋ ਕਿ ਨੇੜੇ ਮਸਜਿਦ ਪੁਲ ਸੂਆ ਖਮਾਣੋ ਪਾਸ ਸਲੀਮ ਮਨੀ ਟਰਾਂਸਫਰ ਦੀ ਦੁਕਾਨ ਕਰਦੇ ਮੁੰਹਮਦ ਜੀਆਰੂਪ ਤੋਂ ਲੁੱਟ ਖੋਹ ਕਰਦੇ ਸਮੇਂ ਨਕਾਬ ਪੋਸ਼ਾਂ ਵਿੱਚੋਂ ਇੱਕ ਨਕਾਬ ਪੋਸ਼ ਦਾ ਰੁਮਾਲ ਮੂੰਹ ਤੋਂ ਉਤਰ ਕਾਰਨ ਇੱਕ ਨੂੰ ਪਹਿਚਾਣ ਲਿਆ ਜੋ ਕਿ ਉਸ ਦੀ ਦੁਕਾਨ 'ਤੇ ਆਉਂਦਾ-ਜਾਂਦਾ ਕਰਨਵੀਰ ਸਿੰਘ ਨਮਕ ਨੌਜਵਾਨ ਸੀ। ਉਨ੍ਹਾਂ ਦੱਸਿਆ ਕਿ ਲੁਟੇਰੇ ਪਿੰਡ ਭਾਬਰੀ ਨਾਲ ਸੰਬੰਧਿਤ ਹਨ ਅਤੇ ਕਰਨਵੀਰ ਸਿੰਘ ਇਸ ਲੁੱਟ ਦੀ ਵਾਰਦਾਤ ਦਾ ਮਾਸਟਰ ਮਾਇੰਡ ਹੈ, ਕਿਉਂਕਿ ਕਰਨਵੀਰ ਸਿੰਘ ਦੀ ਮਨੀ ਟ?ਰਾਂਸਫਰ ਦਾ ਕੰਮ ਕਰਨ ਵਾਲੇ ਨੌਜਵਾਨ ਮੁੰਹਮਦ ਜੀਆਰੂਪ ਨਾਲ ਜਾਣ ਪਛਾਣ ਹੋਣ ਕਰ ਕੇ ਉਸ ਦੀ ਦੁਕਾਨ 'ਚ ਆਉਣ ਜਾਣ ਕਾਰਨ ਜਾਣਕਾਰੀ ਰੱਖਦਾ ਸੀ ਕਿ ਕਿੱਥੋਂ-ਕਿੱਥੋਂ ਪੈਸਾ ਇਕੱਠਾ ਕਰ ਕੇ ਕਦੋਂ ਜਾਂਦਾ ਹੈ, ਜਿਸ ਕਰ ਕੇ ਕਰਨਵੀਰ ਸਿੰਘ ਨੇ ਆਪਣੇ ਹੋਰ ਦੋ ਸਾਥੀਆਂ ਨਾਲ ਮਿਲ ਕੇ ਇਸ ਲੁੱਟ ਦੀ ਵਾਰਦਾਤ ਨੂੰ ਅੰਜਾਮ ਦਿੱਤਾ। ਐੱਸਪੀਡੀ ਨੇ ਦੱਸਿਆ ਕਿ ਇਨ੍ਹਾਂ ਲੁਟੇਰਿਆਂ ਨੂੰ ਮਾਨਯੋਗ ਅਦਾਲਤ 'ਚ ਪੇਸ਼ ਕਰ ਕੇ ਪੁਲਸ ਵੱਲੋਂ ਦੋ ਦਿਨ ਦਾ ਰਿਮਾਂਡ ਹਾਸਲ ਕੀਤਾ ਗਿਆ ਹੈ ਤੇ ਇਨ੍ਹਾਂ ਲੁਟੇਰਿਆਂ ਪਾਸੋਂ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਤਾਂ ਕਿ ਇਨ੍ਹਾਂ ਪਾਸੋਂ ਹੋਰ ਵੀ ਕੀਤੀਆਂ ਹੋਈਆਂ ਵਾਰਦਾਤਾਂ ਦੇ ਮਾਮਲੇ ਸਾਹਮਣੇ ਆ ਸਕਣ।

# 2 ਔਰਤਾਂ ਵੱਲੋਂ ਬਲੈਕਮੇਲ ਕਰਨ ''ਤੇ ਨੌਜਵਾਨ ਨੇ ਲੈ ਲਿਆ ਫਾਹਾ

ਕੌਮੀ ਪਤ੍ਰਿਕਾ

ਕਾਠਗੜ੍ਹ 1 ਜੁਲਾਈ। ਥਾਣਾ ਕਾਠਗੜ੍ਹ ਦੇ ਨਜ਼ਦੀਕੀ ਪਿੰਡ ਸੋਭੂਵਾਲ ਦੇ ਇਕ ਨੌਜਵਾਨ ਨੂੰ 2 ਮਹਿਲਾਵਾਂ ਵੱਲੋਂ ਤੰਗ ਪ੍ਰੇਸ਼ਾਨ ਅਤੇ ਬਲੈਕਮੇਲ ਇਥੇ ਜਾਣ ਨਾਲ ਨੌਜਵਾਨ ਨੇ ਚੰਡੀਗੜ੍ਹ ਦੇ ਇਕ ਹੋਟਲ ਵਿਚ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਏ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਚੰਡੀਗੜ੍ਹ ਪੁਲਸ ਨੇ ਮਾਮਲਾ ਦਰਜ ਕਰਕੇ ਦੋਵੇਂ ਮੁਲਜ਼ਮ ਔਰਤਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧ ਵਿਚ ਚੰਡੀਗੜ੍ਹ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਪੀੜਤ ਲਵਪ੍ਰੀਤ ਪੁੱਤਰ ਓਮ ਨਾਥ ਵਾਸੀ ਸੋਭੂਵਾਲ ਤਹਿਸੀਲ ਬਲਾਚੌਰ ਨੇ ਦੱਸਿਆ ਕਿ ਉਸਦੇ ਚਾਚੇ ਦਾ ਲੜਕਾ ਦੀਪਕ ਕੁਮਾਰ ਪੁੱਤਰ ਭੋਲਾ ਨਾਥ ਵਾਸੀ ਸੋਭੂਵਾਲ 18 ਜੂਨ ਨੂੰ ਘਰ ਤੋਂ ਨਿੱਜੀ ਫੈਕਟਰੀ ਰੈਲਮਾਜਰਾ ਡਿਊਟੀ ''ਤੇ ਗਿਆ ਸੀ ਪਰ ਸ਼ਾਮ ਨੂੰ 5.20 ''ਤੇ ਡਿਊਟੀ ਖ਼ਤਮ ਹੋਣ ''ਤੇ ਉਹ ਘਰ ਆਉਣ ਦੀ ਬਜਾਏ ਆਪਣਾ ਮੋਟਰਸਾਈਕਲ ਕਿਸੇ ਜਾਣਕਾਰ ਨੂੰ ਦੇ ਗਿਆ ਅਤੇ ਆਪ ਪਤਾ ਨਹੀਂ ਕਿੱਥੇ



ਚਲਾ ਗਿਆ ਪ੍ਰੰਤੂ ਜਦੋਂ ਉਹ ਘਰ ਨਾ ਪਹੁੰਚਿਆ ਤਾਂ ਇਸ ਦੀ ਸੂਚਨਾ ਉਨ੍ਹਾਂ ਕਾਠਗੜ੍ਹ ਪੁਲਸ ਨੂੰ ਦਿੱਤੀ। ਪਰਿਵਾਰਕ ਮੈਂਬਰਾਂ ਨੇ ਉਸ ਨੂੰ ਲੱਭਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਉਸ ਦਾ ਕੋਈ ਵੀ ਪਤਾ ਨਹੀਂ ਲੱਗਾ। ਦੂਜੇ ਦਿਨ 19 ਜੂਨ ਨੂੰ ਮਾਮੇ ਦੇ ਲੜਕੇ ਮਨਿੰਦਰ ਕੁਮਾਰ ਦੇ ਫੋਨ ਦੇ ਵਟਸਐਪ ਤੇ ਵਾਈਸ ਮੈਸੇਜ ਆਇਆ ਜਿਸ ਵਿਚ ਉਸ ਨੇ ਸਾਫ ਬੋਲ ਕੇ ਦੱਸਿਆ ਕਿ ਉਸ ਨੂੰ 2 ਮਹਿਲਾਵਾਂ ਪਿਛਲੇ ਕਈ ਮਹੀਨਿਆਂ ਤੋਂ ਬਲੈਕਮੇਲ ਕਰ ਰਹੀਆਂ ਸਨ ਅਤੇ ਮੈਂ ਉਨ੍ਹਾਂ ਤੋਂ ਪ੍ਰੇਸ਼ਾਨ ਹੋ ਕੇ ਬਿਨਾਂ ਦੱਸੇ ਆਪਣਾ ਘਰ ਛੱਡ ਕੇ ਕਿਤੇ ਬਾਹਰ ਆਇਆ ਹਾਂ। ਪੀੜਤ ਪਰਿਵਾਰਿਕ ਮੈਂਬਰਾਂ ਨੇ ਦੱਸਿਆ ਕਿ ਦੀਪਕ ਕੁੱਝ ਸਮੇਂ ਤੋਂ ਉਕਤ ਹੋਟਲ ਵਿਚ ਰਹਿ ਰਿਹਾ ਸੀ ਤੇ ਹੋਟਲ ਵਾਲਿਆਂ ਨੇ ਇਹ ਕਹਿ ਦਿੱਤਾ ਕਿ ਦੀਪਕ ਇੱਥੋਂ ਚਲਾ ਗਿਆ ਪਰ ਜਦੋਂ ਪਰਿਵਾਰਕ ਮੈਬਰਾਂ ਨੇ ਉਨ੍ਹਾਂ ਤੋਂ ਹੋਟਲ ਦੇ ਕਮਰੇ ਦੀ ਚਾਬੀ ਮੰਗੀ ਤਾਂ ਉਨ੍ਹਾਂ ਨੇ ਚਾਬੀ ਨਾ ਦਿੱਤੀ । ਫਿਰ ਪਿੰਡ ਦੇ ਨੌਜਵਾਨਾਂ ਨੇ ਪੈਰ ਮਾਰ ਕੇ ਹੋਟਲ ਦਾ ਦਰਵਾਜ਼ਾ ਤੋੜ ਦਿੱਤਾ ਤਾਂ ਕਮਰੇ ਦੇ ਅੰਦਰ ਦੀਪਕ ਦੀ ਲਾਸ਼ ਪੱਖੇ ਨਾਲ ਲਟਕ ਰਹੀ ਸੀ ਅਤੇ ਇਸ ਸਬੰਧੀ ਚੰਡੀਗੜ੍ਹ ਪੁਲਸ ਨੂੰ ਸੂਚਿਤ ਕੀਤਾ ਗਿਆ । ਪੁਲਸ ਨੇ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੀੜਤ ਪਰਿਵਾਰ ਨੇ ਚੰਡੀਗੜ੍ਹ ਪੁਲਸ ਤੋਂ ਇਨਸਾਫ ਦੀ ਗੁਹਾਰ ਲਗਾਈ ਹੈ ਕਿ ਆਰੋਪੀ ਮਹਿਲਾਵਾਂ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਕੀਤਾ ਜਾਵੇ ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਦਫ਼ਤਰ, ਜ਼ਿਲ੍ਹਾ ਭਾਸ਼ਾ ਅਫ਼ਸਰ,ਕਪੂਰਥਲਾ ਵੱਲੋਂ ਜ਼ਿਲ੍ਹਾ ਪੱਧਰ ਦੇ ਪ੍ਰਸ਼ਨੋਤਰੀ (ਕੁਇਜ਼) ਮੁਕਾਬਲੇ ਸਾਲ 2025 ਮੁਕਾਬਲੇ ਲਈ ਮਿਤੀ 05-07-2025 ਤੱਕ ਐਂਟਰੀਆਂ ਦੀ ਮੰਗ

ਕੌਮੀ ਪੱਤ੍ਰਿਕਾ

ਫਗਵਾੜਾ 1 ਜੁਲਾਈ (ਸ਼ਿਵ ਕੌੜਾ) ਜ਼ਿਲ੍ਹਾ ਭਾਸ਼ਾ ਅਫ਼ਸਰ,ਕਪੂਰਥਲਾ ਵੱਲੋਂ ਦੱਸਿਆ ਗਿਆ ਹੈ ਕਿ ਨਿਰਦੇਸ਼ਕ, ਭਾਸ਼ਾ ਵਿਭਾਗ ਪੰਜਾਬ ਪਟਿਆਲਾ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪੱਧਰ ਦੇ ਪ੍ਰਸ਼ਨੋਤਰੀ (ਕੁਇਜ਼) ਮੁਕਾਬਲੇ ਸਾਲ 2025 ਜੋ ਕਿ ਮਹੀਨਾ ਅਗਸਤ 2025 ਵਿੱਚ ਕਰਵਾਏ ਜਾਣੇ ਹਨ, ਇਸ ਮੁਕਾਬਲੇ ਲਈ ਆਪਣੀ ਸੰਸਥਾ ਦੇ ਵਿਦਿਆਰਥੀਆਂ ਦੀਆਂ ਐਂਟਰੀਆਂ ਮਿਤੀ 05-07-2025 ਤੱਕ ਦਫ਼ਤਰ ਨੂੰ ਭੇਜੇ ਜਾਣ। ਇਸ ਵਿੱਚ ਤਜਵੀਜ ਭੇਜਣ ਲਈ ਸੰਸਥਾ ਦਾ ਨਾਮ, ਵਿਦਿਆਰਥੀ ਦਾ ਨਾਮ,ਮਾਤਾ/ਪਿਤਾ ਦਾ ਨਾਮ, ਕੀਤੇ ਜਾ ਰਹੇ ਕੋਰਸ/ਜਮਾਤ ਦਾ ਨਾਮ, ਜਨਮ ਮਿਤੀ,ਸੰਪਰਕ ਨੰਬਰ ਆਦਿ ਵੇਰਵੇ ਆਪਣੀ ਸੰਸਥਾ ਤੋਂ ਤਸਦੀਕ ਕਰਵਾ ਕੇ ਜ਼ਿਲ੍ਹਾ ਭਾਸ਼ਾ ਦਫ਼ਤਰ ਕਪੂਰਥਲਾ ਵਿਖੇ ਮਿਤੀ 05/07/2025 ਤੱਕ ਹਰ ਹਾਲਤ ਲਿਖਤੀ ਰੂਪ ਵਿੱਚ ਪੁੱਜਦੇ ਕੀਤੇ ਜਾਣ ਇਹ ਧਿਆਨ ਦੇਣ ਯੋਗ ਹੈ ਕਿ ਇਸ ਮੁਕਾਬਲੇ ਲਈ ਵਰਗ (ੳ) ਅੱਠਵੀਂ ਸ਼੍ਰੇਣੀ ਤੱਕ, ਵਰਗ (ਅ) ਨੌਵੀਂ ਤੋਂ ਬਾਰਵੀਂ ਤੱਕ ਅਤੇ ਵਰਗ ((ੲ) ਲਈ ਬੀ.ਏ/ ਬੀ.ਕਾਮ/ ਬੀ.ਐਸ.ਸੀ. / ਅਤੇ ਬੀ.ਸੀ.ਏ (ਗਰੈਜੂਏਸ਼ਨ) ਤੱਕ ਲਈ ਤਜਵੀਜ ਭੇਜੀ ਜਾ ਸਕਦੀ ਹੈ। ਇੱਕ ਸੰਸਥਾ ਹਰ ਵਰਗ ਵਿੱਚ ਵੱਧ ਤੋਂ ਵੱਧ ਦੋ ਵਿਦਿਆਰਥੀ ਹੀ ਭੇਜ ਸਕਦੀ ਹੈ। ਇਸ ਮੁਕਾਬਲੇ ਵਿੱਚ ਐਂਟਰੀ ਭੇਜਣ ਲਈ ਕੋਈ ਵੀ ਫ਼ੀਸ ਨਹੀਂ ਹੈ। ਸਿੱਧੇ ਤੌਰ 'ਤੇ ਐਂਟਰੀ ਲੈ ਕੇ ਆਉਣ ਵਾਲੇ ਵਿਦਿਆਰਥੀ ਆਪਣੀ ਜਨਮ ਮਿਤੀ ਸੰਸਥਾ ਤੋਂ ਤਸਦੀਕ ਕਰਵਾ ਕੇ ਲਿਆਉਣਾ ਯਕੀਨੀ ਬਣਾਉਣ। ਇਸ ਮੁਕਾਬਲੇ ਵਿੱਚ ਵਿਦਿਆਰਥੀਆਂ ਤੋਂ ਪੰਜਾਬੀ ਸਾਹਿਤ, ਧਰਮ, ਭਾਸ਼ਾ, ਸ਼ਖ਼ਸੀਅਤਾ, ਸੱਭਿਆਚਾਰ, ਇਤਿਹਾਸ ਅਤੇ ਭੂਗੋਲ ਨਾਲ ਸਬੰਧਤ ਪ੍ਰਸ਼ਨ ਪੁੱਛੇ ਜਾਣਗੇ। ਇਹ ਮੁਕਾਬਲਾ ਜ਼ਿਲ੍ਹਾ ਪੱਧਰ ਅਤੇ ਰਾਜ ਪੱਧਰ ਤੇ ਕਰਵਾਇਆ ਜਾਵੇਗਾ। ਜ਼ਿਲ੍ਹੇ ਵਿੱਚੋਂ ਪਹਿਲੇ ਪੱਧਰ ਤੇ ਆਉਣ ਵਾਲੇ ਵਿਦਿਆਰਥੀ ਰਾਜ ਪੱਧਰੀ ਮੁਕਾਬਲੇ ਵਿੱਚ ਹਿੱਸਾ ਲੈਣਗੇ। ਜ਼ਿਲ੍ਹਾ ਪੱਧਰੀ ਮੁਕਾਬਲਾ ਲਿਖਤੀ ਹੋਵੇਗਾ ਅਤੇ ਰਾਜ ਪੱਧਰੀ ਮੁਕਾਬਲਾ ਮੌਖਿਕ ਅਤੇ ਵਿਅਕਤੀਗਤ ਰੂਪ ਵਿੱਚ ਹੋਵੇਗਾ। ਜ਼ਿਲ੍ਹਾ ਪੱਧਰ ਤੇ ਪਹਿਲੇ, ਦੂਜੇ ਅਤੇ ਤੀਜੇ ਨੰਬਰ ਤੇ ਆਉਣ ਵਾਲੇ



ਵਿਦਿਆਰਥੀਆਂ ਨੂੰ ਭਾਸ਼ਾ ਵਿਭਾਗ, ਵੱਲੋਂ ਨਕਦੀ ਪੁਰਸਕਾਰ ਅਤੇ ਸਰਟੀਫ਼ਿਕੇਟ ਦਿੱਤਾ ਜਾਵੇਗਾ ਇਸ ਮੁਕਾਬਲੇ ਸੰਬੰਧੀ ਨਿਯਮ ਅਤੇ ਨਮੂਨਾ ਪੁਸਤਕ ਜ਼ਿਲ੍ਹਾ ਭਾਸ਼ਾ ਦਫ਼ਤਰ ਕਮਰਾ ਨੰਬਰ 404,ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਕਪੂਰਥਲਾ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਜ਼ਿਲ੍ਹੇ ਦੀਆਂ ਸਮੂਹ ਵਿਦਿਅਕ ਸੰਸਥਾਵਾਂ ਨੂੰ ਬੇਨਤੀ ਹੈ ਕਿ ਉਹ ਇਸ ਪ੍ਰਸ਼ਨੋਤਰੀ ਮੁਕਾਬਲੇ ਵਿੱਚ ਆਪਣੇ ਵਿਦਿਆਰਥੀਆਂ ਦੀ ਸ਼ਮੂਲੀਅਤ ਯਕੀਨੀ ਬਣਾਉਣ। ਸੰਸਥਾ ਇਹ ਤਜਵੀਜ ਤਿਆਰ ਕਰਕੇ ਇਸ ਦਫ਼ਤਰ ਦੀ ਈ ਮੇਲ ਤੇ ਜਾਂ ਦਫ਼ਤਰ ਦੇ ਕਲਰਕ ਸ਼੍ਰੀ ਮਨੀਸ਼ ਕੁਮਾਰ ਦੇ ਮੋਬਾਇਲ ਨੰਬਰ 64840-61290 ਤੇ ਵੱਟਸ ਐਪ ਸੰਦੇਸ਼ ਰਾਹੀਂ ਭੇਜ ਸਕਦੀ ਹੈ।

### ਪੰਜਾਬ 'ਚ ਘਨੌਣੀ ਵਾਰਦਾਤ, ਕੁੜੀ ਨਾਲ ਗੈਂਗਰੇਪ, ਗਰਭਵਤੀ ਹੋਣ ਤੋਂ ਬਾਅਦ ਇੰਝ ਹੋਇਆ ਖੁਲਾਸਾ

ਪਟਿਆਲਾ 1 ਜੁਲਾਈ। ਨਾਬਾਲਗਾ ਨਾਲ ਗੈਂਗ ਰੇਪ ਕਰਕੇ ਉਸ ਨੂੰ ਗਰਭਵਤੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਮਾਮਲੇ ਵਿਚ ਥਾਣਾ ਸਨੌਰ ਦੀ ਪੁਲਸ ਨੇ ਲੜਕੀ ਦੀ ਮਾਂ ਦੀ ਸ਼ਿਕਾਇਤ 'ਤੇ ਚਾਰ ਵਿਅਕਤੀਆਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ, ਜਿਨ੍ਹਾਂ ਵਿਅਕਤੀਆਂ ਖਿਲਾਫ ਕੇਸ ਕੀਤਾ ਗਿਆ ਹੈ, ਉਨ੍ਹਾਂ ਵਿਚ ਗੁਰਸੇਵਕ ਸਿੰਘ, ਜਸ਼ਨ ਸਿੰਘ, ਗੁਰਪ੍ਰੀਤ ਸਿੰਘ , ਕਰਨ ਸਿੰਘ ਸ਼ਾਮਲ ਹਨ, ਜਿਨ੍ਹਾਂ ਖਿਲਾਫ ਪੁਲਸ ਨੇ 70(2), 351(2) ਬੀ. ਐੱਨ. ਐੱਸ. ਅਤੇ ਪੋਕਸੋ ਐਕਟ ਦੀ ਧਾਰਾ 6 ਦੇ ਤਹਿਤ ਕੇਸ ਦਰਜ ਕੀਤਾ ਹੈ। ਲੜਕੀ ਦੀ ਮਾਂ ਨੇ ਪੁਲਸ ਨੂੰ ਦੱਸਿਆ ਕਿ ਉਸ ਦੀ ਲੜਕੀ ਦੀ ਉਮਰ 16 ਸਾਲ ਹੈ ਅਤੇ ਉਹ ਆਪਣੇ ਦੂਜੇ ਪਿਤਾ ਦੀ ਮੌਤ ਹੋਣ ਤੋਂ ਬਾਅਦ ਕਾਫੀ ਪਰੇਸ਼ਾਨ ਚੱਲ ਰਹੀ ਸੀ। ਕਾਫੀ ਪੁੱਛਗਿੱਛ ਕਰਨ ਤੋਂ ਬਾਅਦ ਉਸ ਦੀ ਲੜਕੀ ਨੇ ਦੱਸਿਆ ਕਿ ਜਨਵਰੀ ਦੇ ਮਹੀਨੇ ਵਿਚ ਉਹ ਸ਼ਾਮ ਨੂੰ 6 ਵਜੇ ਘਰ ਤੋਂ ਕੁੱਝ ਲੈਣ ਲਈ ਡੇਅਰੀ 'ਤੇ ਜਾ ਰਹੇ ਸੀ ਤਾਂ ਉਥੇ ਉਕਤ ਵਿਅਕਤੀ ਦੋ ਮੋਟਰਸਾਈਕਲਾਂ 'ਤੇ ਆਏ ਅਤੇ ਉਸ ਨੂੰ ਮੋਟਰਸਾਈਕਲ 'ਤੇ ਬਿਠਾ ਕੇ ਪਿੰਡ ਦੇ ਨਾਲ ਲੱਗਦੀ ਨਹਿਰ 'ਤੇ ਲੈ ਗਏ, ਜਿੱਥੇ ਸਾਰਿਆਂ ਨੇ ਵਾਰੋ-ਵਾਰੀ ਉਸ ਨਾਲ ਸਰੀਰਕ ਸਬੰਧ ਬਣਾਏ ਅਤੇ ਅਗਲੇ ਦਿਨ ਸਵੇਰੇ 5 ਵਜੇ ਉਸ ਨੂੰ ਘਰ ਦੇ ਕੋਲ ਛੱਡ ਕੇ ਚਲੇ

## ਕੱਚੇ ਕਾਮਿਆਂ ਨੇ ਮਿਊਂਸੀਪਲ ਮੁਲਾਜ਼ਮ ਐਕਸ਼ਨ ਕਮੇਟੀ ਨੂੰ ਦਿੱਤਾ ਸਮਰਥਨ ਪੱਤਰ

ਕੌਮੀ ਪੱਤ੍ਰਿਕਾ

ਬੁਢਲਾਡਾ 1 ਜੁਲਾਈ। ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਆਊਟਸੋਰਸ ਵਰਕਰਜ਼ ਯੂਨੀਅਨ ਦੇ ਆਗੂਆਂ ਵੱਲੋਂ ਮਿਊਂਸੀਪਲ ਮੁਲਾਜ਼ਮ ਐਕਸ਼ਨ ਕਮੇਟੀ ਪੰਜਾਬ ਦੇ ਸਰਪ੍ਰਸਤ ਕੁਲਵੰਤ ਸਿੰਘ ਸੈਣੀ ਨਾਲ ਸੀਵਰੇਜ ਬੋਰਡ ਦੇ



ਕੱਚੇ ਕਾਮਿਆਂ ਵੱਲੋਂ ਪੰਜਾਬ ਪੱਧਰੀ ਸੰਘਰਸ਼ ਸਬੰਧੀ ਮੀਟਿੰਗ ਕੀਤੀ ਗਈ। ਯੂਨੀਅਨ ਦੇ ਆਗੂਆਂ ਵਲੋਂ ਉਨ੍ਹਾਂ ਨੂੰ ਸਮਰਥਨ ਪੱਤਰ ਵੀ ਦਿੱਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬ੍ਰਾਂਚ ਬੁਢਲਾਡਾ ਦੇ ਪ੍ਰਧਾਨ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਆਊਟਸੋਰਸ ਵਰਕਰਜ਼ ਯੂਨੀਅਨ ਵੱਲੋਂ ਮਿਤੀ 10 ਜੂਨ ਤੋਂ ਅਣਮਿੱਥੇ ਸਮੇਂ ਲਈ ਹੜਤਾਲ ਚੱਲ ਰਹੀ ਹੈ ਪਰ ਸੂਬਾ ਸਰਕਾਰ ਦੇ ਕਿਸੇ ਵੀ ਨੁਮਾਇੰਦੇ ਵੱਲੋਂ ਕੱਚੇ ਮੁਲਾਜ਼ਮਾਂ ਦੀਆਂ ਮੰਗਾਂ ਸਬੰਧੀ ਕੋਈ ਪ੍ਰਖਤਾ ਸੁਣਵਾਈ ਨਹੀਂ ਕੀਤੀ ਗਈ। ਉਨ੍ਹਾਂ ਅੱਗੇ ਕਿਹਾ ਕਿ ਜੇਕਰ ਸੂਬਾ ਸਰਕਾਰ ਵੱਲੋਂ ਕੱਚੇ ਮੁਲਾਜ਼ਮਾਂ ਦੀ ਕੋਈ ਸੁਣਵਾਈ ਨਾ ਕੀਤੀ ਗਈ ਤਾਂ ਸੰਘਰਸ਼ ਨੂੰ ਹੋਰ ਵੀ ਤਿੱਖਾ ਕੀਤਾ ਜਾਵੇਗਾ। ਯੂਨੀਅਨ ਨੂੰ ਵਿਸ਼ਵਾਸ਼ ਦਿਵਾਉਂਦਿਆਂ ਮਿਊਂਸੀਪਲ ਮੁਲਾਜ਼ਮ ਐਕਸ਼ਨ ਕਮੇਟੀ ਪੰਜਾਬ ਦੇ ਸਰਪ੍ਰਸਤ ਕੁਲਵੰਤ ਸਿੰਘ ਸੈਣੀ ਨੇ ਕਿਹਾ ਕਿ ਉਹ ਸੀਵਰੇਜ ਵਿਭਾਗ ਦੇ ਕੱਚੇ ਕਾਮਿਆਂ ਦੇ ਪੰਜਾਬ ਪੱਧਰੀ ਸੰਘਰਸ਼ ਵਿੱਚ ਪੂਰਨ ਸਹਿਯੋਗ ਕਰਨਗੇ। ਇਸ ਮੌਕੇ ਸੂਬਾ ਪ੍ਰਧਾਨ ਗੁਰਦੇਵ ਸਿੰਘ ਨਿਹੰਗ, ਜਨਰਲ ਸਕੱਤਰ ਜਗਵੀਰ ਸਿੰਘ, ਕੁਲਵਿੰਦਰ ਸਿੰਘ, ਸੱਤਪਾਲ ਸਿੰਘ, ਬੀਰਾ ਸਿੰਘ, ਰਾਜੇਸ਼ ਕੁਮਾਰ ਤੋਂ ਇਲਾਵਾ ਹੋਰ ਵੀ ਮੌਜੂਦ ਸਨ।

## ਪੰਜਾਬ ਦੇ ਮੰਤਰੀ ਦੀ ਅਕਾਲੀਆਂ ਨੂੰ ਸਲਾਹ, 'ਬਿਕਰਮ ਮਜੀਠੀਆ ਦੁੱਧ ਧੋਤਾ ਹੈ ਤਾਂ...'

ਚੰਡੀਗੜ੍ਹ 1 ਜੁਲਾਈ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਹਿਰਾਸਤ 'ਚ ਲਏ ਜਾਣ ਮਗਰੋਂ ਪੰਜਾਬ ਦੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਪੰਜਾਬ ਦੇ ਲੋਕ ਇਹ ਯਾਦ ਕਰਿਆ ਕਰਨਗੇ ਕਿ ਪੰਜਾਬ 'ਚ ਕਿਸੇ ਸਰਕਾਰ ਨੇ ਨਸ਼ਿਆਂ ਦੇ ਵੱਡੇ ਮਗਰਮੱਛਾਂ ਨੂੰ ਹੱਥ ਪਾਇਆ ਸੀ। ਮੰਤਰੀ ਕਟਾਰੂਚੱਕ ਨੇ ਅਕਾਲੀ ਲੀਡਰਸ਼ਿਪ ਨੂੰ ਸਲਾਹ ਦਿੱਤੀ ਹੈ ਕਿ ਜੇਕਰ ਬਿਕਰਮ ਮਜੀਠੀਆ ਦੁੱਧ ਧੋਤਾ ਹੈ ਅਤੇ ਸੱਚਾ ਹੈ ਤਾਂ ਫਿਰ ਉਸ ਨੂੰ ਇਸ ਕਾਰਵਾਈ ਦਾ ਸਾਹਮਣਾ ਕਰਨਾ ਚਾਹੀਦਾ ਹੈ। ਮੰਤਰੀ ਕਟਾਰੂਚੱਕ ਨੇ ਕਿਹਾ ਕਿ ਨਸ਼ਾ ਤਸਕਰ ਪੰਜਾਬ ਦੀ ਤਬਾਹੀ ਲਈ ਜ਼ਿੰਮੇਵਾਰ ਹਨ। ਪੰਜਾਬ ਅੰਦਰ ਅਕਾਲੀ-ਭਾਜਪਾ ਦੀ ਸਰਕਾਰ ਦੇ 10 ਸਾਲਾਂ ਦੇ ਕਾਰਜਕਾਲ ਦੌਰਾਨ ਲੋਕਾਂ ਨੇ ਚਿੱਟੇ ਦਾ ਨਾਂ ਸੁਣਿਆ। ਸਰਕਾਰੀ ਗੱਡੀਆਂ 'ਚ ਨਸ਼ਾ ਆਉਂਦਾ-ਜਾਂਦਾ ਰਿਹਾ ਹੈ ਅਤੇ ਇਸ 'ਤੇ ਸੇਵਾਮੁਕਤ ਡੀ. ਐੱਸ. ਪੀ. ਜਗਦੀਸ਼ ਭੋਲਾ ਵਲੋਂ ਮੋਹਰ ਲਾਈ ਗਈ ਸੀ। ਉਸ ਨੇ ਕਿਹਾ ਸੀ ਕਿ ਲੀਡਰਾਂ ਦੇ ਕਾਰਨ ਹੀ ਪੰਜਾਬ ਅੰਦਰ ਨਸ਼ਾ ਵਿਕ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸੇ ਕਾਰਜਕਾਲ ਦੌਰਾਨ ਆਪ ਮੁਹਾਰੇ ਲੋਕਾਂ ਦੇ ਮਨਾਂ 'ਚੋਂ ਗੀਤ ਨਿਕਲੇ ਕਿ ਸਰਕਾਰਾਂ ਹੀ ਵਿਕਾਉਂਦੀਆਂ ਨੇ ਨਸ਼ੇ, ਤਾਹੀਓਂ ਸ਼ਰੇਆਮ ਵਿਕਦੇ। ਪੰਜਾਬ 'ਚ ਨਸ਼ਿਆਂ 'ਤੇ ਬੋਲੀਆਂ ਬਣ ਗਈਆਂ। ਪੰਜਾਬ 'ਚ ਅਕਾਲੀ-ਭਾਜਪਾ ਸਰਕਾਰ ਦੇ ਸਭ ਤੋਂ ਬਦਨਾਮ ਚਿਹਰੇ ਬਿਕਰਮ ਮਜੀਠੀਆ ਨੇ ਨਸ਼ਿਆਂ ਦੇ ਕਾਰੋਬਾਰ 'ਚ ਸ਼ਾਮਲ ਹੋ ਕੇ ਪੰਜਾਬ ਦੀ ਤਬਾਹੀ ਕੀਤੀ ਹੈ। ਉਨ੍ਹਾਂ ਕਿਹਾ ਕਿ ਅੱਜ ਮੈਨੂੰ ਖ਼ੁਸ਼ੀ ਹੈ ਕਿ ਅੱਜ ਪੰਜਾਬ 'ਚ ਵਿਜੀਲੈਂਸ ਨੇ ਵੱਡਾ ਐਕਸ਼ਨ ਕੀਤਾ ਹੈ। ਦੁੱਖ ਇਸ ਗੱਲ ਦਾ ਹੈ ਕਿ ਜਿਹੜੇ ਲੋਕ ਕੱਲ੍ਹ ਤੱਕ ਸਰਕਾਰ ਨੂੰ ਉਲਾਂਭਾ ਦਿੰਦੇ ਸਨ ਕਿ ਤੁਸੀਂ ਤਾਂ ਛੋਟੀਆਂ ਮੱਛੀਆਂ ਨੂੰ ਫੜ੍ਹ ਰਹੇ ਹੋ, ਵੱਡੀਆਂ ਮੱਛੀਆਂ ਨੂੰ ਹੱਥ ਪਾਓ। ਅੱਜ ਉਸ ਬੇਈਮਾਨ ਟੋਲੇ ਨੂੰ ਮਜੀਠੀਆ ਦੀ ਬੜੀ ਚਿੰਤਾ ਪਈ ਹੋਈ ਹੈ ਅਤੇ ਉਨ੍ਹਾਂ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਡਰੱਗ ਮਾਫ਼ੀਆ ਨਾਲ ਖੜ੍ਹੇ ਹਨ। ਅੱਜ ਭਾਜਪਾ, ਅਕਾਲੀ ਦਲ ਅਤੇ ਕਾਂਗਰਸ ਦੇ ਆਗੂ ਕਹਿ ਰਹੇ ਹਨ ਕਿ ਵਿਜੀਲੈਂਸ ਨੇ ਗਲਤ ਕਾਰਵਾਈ ਕੀਤੀ ਹੈ। ਮੰਤਰੀ ਕਟਾਰੂਚੱਕ ਨੇ ਕਿਹਾ ਕਿ ਉਕਤ ਲੋਕ ਉਨ੍ਹਾਂ ਸਿਵਿਆਂ ਵੱਲ ਤੱਕਣ, ਉਨ੍ਹਾਂ ਚਿੱਟੀਆਂ ਚੁੰਨੀਆਂ ਵਾਲੇ ਪਾਸੇ ਦੇਖਣ, ਜਿਹੜੀਆਂ ਬਿਕਰਮ ਮਜੀਠੀਆ ਕਰਕੇ ਔਰਤਾਂ ਦੇ ਸਿਰਾਂ 'ਤੇ ਆਈਆਂ।

# ਜ਼ਿਮਨੀ ਚੋਣਾਂ ਵਾਲੇ ਦਿਨ ਵੱਡੀ ਵਾਰਦਾਤ ! ਲੁੱਟ ਦੀ ਨੀਅਤ ਨਾਲ ਟੈਕਸੀ ਡਰਾਈਵਰ ਦਾ ਕੀਤਾ ਕਤਲ

ਕੌਮੀ ਪੱਤ੍ਰਿਕਾ

ਹਲਵਾਰਾ 1 ਜੁਲਾਈ। ਲੁਧਿਆਣਾ ਵਿੱਚ ਜਿੱਥੇ ਇਕ ਪਾਸੇ ਜ਼ਿਮਨੀ ਚੋਣ ਦੀ ਗਿਣਤੀ ਚਲ ਰਹੀ ਸੀ ਅਤੇ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ, ਉਥੇ ਹੀ ਦੂਜੇ ਪਾਸੇ ਟੈਕਸੀ ਲੁੱਟ ਕੇ ਡਰਾਈਵਰ ਦਾ ਕਤਲ ਕਰਨ ਦੀ ਦਿਲ ਦਹਿਲਾ ਦੇਣ ਵਾਲੀ ਵਾਰਦਾਤ ਹੋ ਗਈ ਹੈ। ਗ੍ਰੈਂਡ ਵਾਕ ਮਾਲ ਲੁਧਿਆਣਾ ਤੋਂ ਸੋਮਵਾਰ ਤੜਕੇ ਪੌਣੇ ਤਿੰਨ ਵਜੇ ਦੇ ਕਰੀਬ ਭਾੜੇ 'ਤੇ ਟੈਕਸੀ ਲੈ ਕੇ ਮੁੱਲਾਂਪੁਰ ਵੱਲ ਨਿਕਲੇ ਨੌਜਵਾਨਾਂ ਨੇ ਵੱਡੀ ਵਾਰਦਾਤ ਨੂੰ ਅੰਜਾਮ ਦਿੱਤਾ ਹੈ, ਡਰਾਈਵਰ ਦਾ ਕਤਲ ਕਰਕੇ ਲਾਸ਼ ਨੂੰ ਖੁਰਦ-ਬੁਰਦ ਕਰ ਦਿੱਤਾ ਗਿਆ ਹੈ। ਸੁਧਾਰ ਪੁਲਸ ਨੇ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜ਼ਿਲ੍ਹਾ ਲੁਧਿਆਣਾ ਦਿਹਾਤੀ ਪੁਲਸ ਨੇ ਖ਼ੂਨ ਨਾਲ ਲੱਥ-ਪੱਥ ਸਵਿਫਟ ਡਿਜ਼ਾਇਰ ਕਾਰ ਮੋਹੀ ਪਿੰਡ ਦੇ ਸਰਕਾਰੀ ਹਸਪਤਾਲ ਨਾਲ ਲੱਗਦੇ ਖਾਲੀ ਪਲਾਟ ਤੋਂ ਬਰਾਮਦ ਕਰ ਲਈ ਹੈ। ਟੈਕਸੀ ਦੇ ਮਾਲਕ ਅਤੇ ਡਰਾਈਵਰ ਗੁਰਮੀਤ ਸਿੰਘ ਪੁੱਤਰ ਜੋਗਿੰਦਰ ਸਿੰਘ (56) ਵਾਸੀ ਬਾੜੇਵਾਲ ਲੁਧਿਆਣਾ ਦਾ ਕਤਲ ਕਰਕੇ ਅਬੋਹਰ ਬ੍ਰਾਂਚ ਨਹਿਰ ਵਿੱਚ ਸੁੱਟੇ ਜਾਣ ਦਾ ਸ਼ੱਕ ਜਤਾਇਆ ਜਾ ਰਿਹਾ ਹੈ। ਕਾਰ ਦੀਆਂ ਸੀਟਾਂ ਅਤੇ ਹੋਰ ਥਾਵਾਂ 'ਤੇ ਖ਼ੂਨ ਖਿੱਲਰਿਆ ਹੋਇਆ ਸੀ ਅਤੇ ਕਿਰਾਏ 'ਤੇ ਕਾਰ ਲੈਣ ਵਾਲੇ ਨੌਜਵਾਨਾਂ ਨੇ ਹਮਲਾ ਕਰਕੇ ਗੁਰਮੀਤ ਸਿੰਘ ਦਾ ਕਤਲ ਕਰਨ ਤੋਂ ਬਾਅਦ ਕਾਰ ਲੁੱਟ ਕੇ ਫਰਾਰ ਹੋ ਗਏ ਸਨ।

ਪ੍ਰਾਪਤ ਜਾਣਕਾਰੀ ਅਨੁਸਾਰ ਐਤਵਾਰ ਰਾਤ ਪੌਣੇ ਤਿੰਨ ਵਜੇ ਤਿੰਨ ਨੌਜਵਾਨਾਂ ਨੇ ਗ੍ਰੈਂਡ ਵਾਕ ਮਾਲ ਤੋਂ ਗੁਰਮੀਤ ਸਿੰਘ ਦੀ ਟੈਕਸੀ ਲਈ



ਅਤੇ ਮੁੱਲਾਂਪੁਰ ਵੱਲ ਨਿਕਲੇ, ਰਸਤੇ ਵਿੱਚ ਗੁਰਮੀਤ ਸਿੰਘ ਨੂੰ ਸ਼ੱਕ ਹੋਇਆ ਤਾਂ ਉਸਨੇ ਆਪਣੇ ਡਰਾਈਵਰ ਸਾਥੀਆਂ ਨੂੰ ਫੋਨ ਕਰਕੇ ਖਤਰੇ ਦੀ ਗੱਲ ਕਹੀ। ਜਿਸ ਤੋਂ ਬਾਅਦ ਕਈ ਟੈਕਸੀ ਡਰਾਈਵਰ ਮੁੱਲਾਂਪੁਰ ਵੱਲ ਗਏ। ਮੁੱਲਾਂਪੁਰ ਰਾਏਕੋਟ ਰਾਜ ਮਾਰਗ 'ਤੇ ਪਿੰਡ ਰਕਬਾ ਦੇ ਨੇੜੇ ਇੱਕ ਸਵਿਫਟ ਡਿਜ਼ਾਇਰ ਕਾਰ ਬਹੁਤ ਤੇਜ਼ ਰਫ਼ਤਾਰ ਨਾਲ ਜਾਂਦੀ ਦਿਖਾਈ ਦਿੱਤੀ। ਹਾਲਾਂਕਿ ਉਸ ਕਾਰ ਦੀ ਨੰਬਰ ਪਲੇਟ ਉਤਾਰ ਦਿੱਤੀ ਗਈ ਸੀ ਪਰ ਟੈਕਸੀ ਡਰਾਈਵਰਾਂ ਨੇ ਗੁਰਮੀਤ ਸਿੰਘ ਦੀ ਕਾਰ ਪਛਾਣ ਲਈ ਅਤੇ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਲੁਟੇਰੇ ਕਾਰ ਨੂੰ ਹਿੱਸੋਵਾਲ ਪਿੰਡ ਤੋਂ ਹੁੰਦੇ ਹੋਏ ਮੋਹੀ ਵੱਲ ਲੈ ਗਏ। ਲੁਟੇਰਿਆਂ ਨੂੰ ਪਤਾ ਲੱਗ ਚੁੱਕਾ ਸੀ ਕਿ ਕਈ ਵਾਹਨ ਉਨ੍ਹਾਂ ਦਾ ਪਿੱਛਾ ਕਰ ਰਹੇ ਹਨ। ਲੁਟੇਰਿਆਂ ਨੇ ਕਾਰ ਮੋਹੀ ਦੇ ਖਾਲੀ ਪਲਾਟ ਵਿੱਚ ਖੜ੍ਹੀ ਕੀਤੀ ਅਤੇ ਥੋੜ੍ਹੀ ਦੂਰ ਜਾ ਕੇ ਛਿਪ ਗਏ ਜਦੋਂ ਸਾਰੇ ਵਾਹਨ ਉੱਥੋਂ ਗੁਜ਼ਰ ਗਏ ਤਾਂ ਲੁਟੇਰੇ ਗੁਰਮੀਤ ਦੀ ਕਾਰ ਲੈਣ ਪਲਾਟ ਵੱਲ ਜਾਣ ਲੱਗੇ ਤਦ ਤੱਕ ਹੋਰ ਟੈਕਸੀ ਡਰਾਈਵਰ ਉੱਥੇ ਪਹੁੰਚ ਗਏ ਅਤੇ ਉਨ੍ਹਾਂ ਨੂੰ ਫੜਨ ਦੀ ਕੋਸ਼ਿਸ਼ ਕੀਤੀ। ਲੁਟੇਰੇ ਖੇਤਾਂ ਵੱਲ ਭੱਜ ਕੇ ਫਰਾਰ ਹੋ ਗਏ। ਡੀਐੱਸਪੀ ਦਾਖਾ ਵਰਿੰਦਰ ਸਿੰਘ ਖੋਸਾ ਨੇ ਦੱਸਿਆ ਕਿ ਤਿੰਨਾਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਮੁਲਜ਼ਮਾਂ ਦੀ ਪਛਾਣ ਹਰਪ੍ਰੀਤ ਸਿੰਘ ਉਰਫ਼ ਹੈਪੀ ਪੁੱਤਰ ਬਲਜਿੰਦਰ ਸਿੰਘ, ਗੁਰਤੇਜਪ੍ਰੀਤ ਸਿੰਘ ਉਰਫ਼ ਗੁਰੀ ਪੁੱਤਰ ਗੁਰਬੀਰ ਸਿੰਘ ਮਾਨ (ਦੋਵੇਂ ਵਾਸੀ ਮੋਹੀ ਅਤੇ ਗੁਰਵੰਤ ਸਿੰਘ ਬੰਟੀ ਪੁੱਤਰ ਲਖਬੀਰ ਸਿੰਘ ਵਾਸੀ ਦਾਖਾ ਵਜੋਂ ਹੋਈ ਹੈ।

## ਗੈਂਗਸਟਰ ਜੱਗੂ ਭਗਵਾਨਪੁਰੀਏ ਦੀ ਮਾਂ 'ਤੇ ਚੱਲੀਆਂ ਗੋਲੀਆਂ

ਬਟਾਲਾ 1 ਜੁਲਾਈ। ਬਟਾਲਾ ਦੇ ਕਾਦੀਆਂ ਰੋਡ 'ਤੇ ਗੋਲੀਬਾਰੀ ਦਾ ਮਾਮਲਾ ਸਾਹਮਣੇ ਆਇਆ ਹੈ। ਦੱਸਿਆ ਜਾ ਰਿਹਾ ਹੈ ਕਿ ਸਕਾਰਪੀਓ ਵਿੱਚ ਕਰਨਵੀਰ ਸਿੰਘ ਪੁੱਤਰ ਪ੍ਰੇਮ ਸਿੰਘ ਵਾਸੀ ਭੀਖੋਵਾਲ ਥਾਣਾ ਘੁਮਾਣ ਕਲਾ ਅਤੇ ਉਸਦੀ ਰਿਸ਼ਤੇਦਾਰ ਹਰਜੀਤ ਕੌਰ ਵਾਸੀ ਭਗਵਾਨਪੁਰ, ਜੋ ਕਿ ਗੈਂਗਸਟਰ ਜੱਗੂ ਭਗਵਾਨਪੁਰੀਆ ਦੀ ਮਾਂ ਦੱਸੀ ਜਾਂਦੀ ਹੈ, 'ਤੇ ਕਿਸੇ ਨੇ ਗੋਲੀਆਂ ਚਲਾ ਦਿੱਤੀਆਂ। ਮੌਕੇ 'ਤੇ ਪ੍ਰਾਪਤ ਜਾਣਕਾਰੀ ਅਨੁਸਾਰ ਕਰਨਵੀਰ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਕਾਰ ਵਿੱਚ ਮੌਜੂਦ ਔਰਤ ਹਰਜੀਤ ਕੌਰ ਗੰਭੀਰ ਜ਼ਖਮੀ ਹੋ ਗਈ। ਉਨ੍ਹਾਂ ਤੁਰੰਤ ਹਸਪਤਾਲ ਲਿਆਂਦਾ ਗਿਆ, ਜਿਸ ਤੋਂ ਬਾਅਦ ਉਨ੍ਹਾਂ ਨੂੰ ਬਟਾਲਾ ਤੋਂ ਅੰਮ੍ਰਿਤਸਰ ਰੈਫਰ ਕਰ ਦਿੱਤਾ ਗਿਆ। ਪੁਲਸ ਮੌਕੇ 'ਤੇ ਪਹੁੰਚੀ ਅਤੇ ਜਾਂਚ ਕਰ ਰਹੀ ਹੈ। ਬਟਾਲਾ ਪੁਲਸ ਦੇ ਡੀ.ਐਸ.ਪੀ. ਸਿਟੀ ਪਰਮਵੀਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਗੋਲੀਬਾਰੀ ਦੀ ਘਟਨਾ ਬਾਰੇ ਜਾਣਕਾਰੀ ਮਿਲੀ ਸੀ ਅਤੇ ਜਦੋਂ ਉਹ ਮੌਕੇ 'ਤੇ ਪਹੁੰਚੇ ਤਾਂ ਇੱਕ ਨੌਜਵਾਨ ਮਰਿਆ ਪਿਆ ਸੀ, ਇੱਕ ਹੋਰ ਔਰਤ ਗੰਭੀਰ ਜ਼ਖਮੀ ਸੀ ਜਿਸਨੂੰ ਅੰਮ੍ਰਿਤਸਰ ਰੈਫਰ ਕਰ ਦਿੱਤਾ ਗਿਆ ਪਰ ਉਸਦੀ ਵੀ ਉੱਥੇ ਮੌਤ ਹੋ ਗਈ। ਹਾਲਾਂਕਿ ਡੀ.ਐਸ.ਪੀ. ਨੇ ਇਸ ਗੱਲ ਦੀ ਪੁਸ਼ਟੀ ਨਹੀਂ ਕੀਤੀ ਕਿ ਉਹ ਗੈਂਗਸਟਰ ਜੱਗੂ ਭਗਵਾਨਪੁਰੀਆ ਦੀ ਮਾਂ ਹੈ। ਦੂਜੇ ਪਾਸੇ, ਸਰਕਾਰੀ ਹਸਪਤਾਲ ਦੇ ਡਾਕਟਰ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇੱਕ ਨੌਜਵਾਨ ਆਇਆ ਸੀ ਜਿਸਨੂੰ ਗੋਲੀ ਲੱਗੀ ਸੀ ਅਤੇ ਉਸਦੇ ਨਾਲ ਇੱਕ ਔਰਤ ਵੀ ਸੀ ਜੋ ਗੰਭੀਰ ਜ਼ਖਮੀ ਸੀ। ਜਿਸਨੂੰ ਅੰਮ੍ਰਿਤਸਰ ਰੈਫਰ ਕਰ ਦਿੱਤਾ ਗਿਆ। ਡੀਐਸਪੀ ਨੇ ਦੱਸਿਆ ਕਿ ਮ੍ਰਿਤਕ ਨੌਜਵਾਨ ਦਾ ਪਿਤਾ ਪੁਲਸ ਵਿੱਚ ਏ.ਐਸ.ਆਈ. ਹੈ ਅਤੇ ਮ੍ਰਿਤਕ ਹਰਜੀਤ ਕੌਰ ਉਸਦੀ ਰਿਸ਼ਤੇਦਾਰ ਹੈ ਅਤੇ ਮ੍ਰਿਤਕ ਨੌਜਵਾਨ ਦੇ ਪਿਤਾ ਦੇ ਬਿਆਨਾਂ 'ਤੇ ਅਣਪਛਾਤੇ ਲੋਕਾਂ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਦਸੂਹਾ ਪੁਲਸ ਨੇ ਬੱਸ ਸਟੈਂਡ, ਦਾਣਾ ਮੰਡੀ ਤੇ ਹੋਰ ਥਾਵਾਂ 'ਤੇ ਚਲਾਇਆ ਕਾਸੋ ਆਪ੍ਰੇਸ਼ਨ

ਕੌਮੀ ਪੱਤ੍ਰਿਕਾ

ਦਸੂਹਾ 1 ਜੁਲਾਈ। ਸੁਰੱਖਿਆ ਪ੍ਰਬੰਧਾਂ ਨੂੰ ਵੇਖਦਿਆਂ ਐੱਸ. ਐੱਸ. ਪੀ. ਹੁਸ਼ਿਆਰਪੁਰ ਸੰਦੀਪ ਕੁਮਾਰ ਮਲਿਕ ਦੇ ਸਖ਼ਤ ਦਿਸ਼ਾ-ਨਿਰਦੇਸ਼ਾਂ ਅਨੁਸਾਰ ਦਸੂਹਾ ਸ਼ਹਿਰ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਸਮਾਜ ਵਿਰੋਧੀ ਅਨਸਰਾਂ ਨੂੰ ਫੜਨ ਲਈ ਕਾਸੋ ਆਪ੍ਰੇਸ਼ਨ ਚਲਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਡੀ. ਐੱਸ. ਪੀ. ਦਸੂਹਾ ਬਲਵਿੰਦਰ ਸਿੰਘ ਜੌੜਾ ਅਤੇ ਥਾਣਾ ਮੁਖੀ ਦਸੂਹਾ ਰਜਿੰਦਰ ਸਿੰਘ ਮਿਨਹਾਸ ਨੇ ਦੱਸਿਆ ਕਿ ਦਸੂਹਾ ਸ਼ਹਿਰ ਦੇ ਦਾਣਾ ਮੰਡੀ, ਰੇਲਵੇ ਸਟੇਸ਼ਨ, ਬੱਸ ਸਟੈਂਡ, ਹੋਟਲਾਂ ਅਤੇ ਰਿਹਾਇਸ਼ੀ ਇਲਾਕਿਆਂ, ਵਿਜੈ ਮਾਰਕਿਟ, ਮਰਾਸਗੜ੍ਹ, ਫਤਿਉੱਲਾਪੁਰ, ਕਸਬਾ ਮੁਹੱਲਾ, ਪੁਰਾਣਾ ਬਾਜ਼ਾਰ, ਬੈਂਕ ਰੋਡ, ਉਸਮਾਨ ਸ਼ਹੀਦ ਰੋਡ, ਕੈਂਥਾਂ, ਅਰਜੁਨਾ ਕਾਲੋਨੀ, ਕ੍ਰਿਸ਼ਮਾ ਕਾਲੋਨੀ, ਕਿਰਪਾਲ ਕਾਲੋਨੀ, ਧਰਮਪੁਰਾ ਮੁਹੱਲਾ ਤੇ ਹੋਰ ਥਾਵਾਂ 'ਤੇ ਵੱਡੇ ਪੱਧਰ 'ਤੇ ਸੀ. ਆਈ. ਏ. ਸਟਾਫ਼ ਏ. ਆਰ. ਪੀ. ਪੁਲਸ ਹੁਸ਼ਿਆਰਪੁਰ ਅਤੇ ਥਾਣਾ ਦਸੂਹਾ ਦੀ ਪੁਲਸ ਨਾਲ ਸਰਚ ਆਪ੍ਰੇਸ਼ਨ ਕੀਤਾ ਗਿਆ। ਇਸ ਸਰਚ ਆਪ੍ਰੇਸ਼ਨ ਵਿਚ ਝੁੱਗੀ-ਝੌਂਪੜੀਆਂ ਵਾਲਿਆਂ ਨੂੰ ਚੈੱਕ ਕੀਤਾ ਗਿਆ। ਉਨ੍ਹਾਂ ਦੱਸਿਆ



ਕਿ ਕੁਝ ਵਿਅਕਤੀਆਂ ਨੂੰ ਪੁੱਛਗਿੱਛ ਕਰਨ ਤੋਂ ਬਾਅਦ ਛੱਡ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਰਾਤ ਸਮੇਂ ਸ਼ਿਫਟਿੰਗ ਨਾਕੇ ਲਗਾਏ ਗਏ ਹਨ, ਜੋ ਲਗਾਤਾਰ ਜਾਰੀ ਰਹਿਣਗੇ। ਉਨ੍ਹਾਂ ਨੇ ਦਸੂਹਾ ਵਾਸੀਆਂ ਅਤੇ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਬਾਜ਼ਾਰਾਂ ਵਿਚ ਚੌਕੀਦਾਰ ਜ਼ਰੂਰ ਰੱਖਣ ਅਤੇ ਗਸ਼ਤ ਕਰ ਰਹੀ ਪੁਲਸ ਦੀ ਸਹਾਇਤਾ ਲਈ ਜਾਵੇ। ਜੇਕਰ ਕੋਈ ਅਣਪਛਾਤਾ ਵਿਅਕਤੀ ਗਲੀਆਂ ਜਾਂ ਬਾਜ਼ਾਰਾਂ ਵਿਚ ਵੇਖਿਆ ਜਾਂਦਾ ਹੈ ਤਾਂ ਉਸ ਦੀ ਸੂਚਨਾ ਤੁਰੰਤ ਪੁਲਸ ਨੂੰ ਦਿੱਤੀ ਜਾਵੇ। ਉਨ੍ਹਾਂ ਦੱਸਿਆ ਕਿ ਇਸ ਸਰਚ ਆਪ੍ਰੇਸ਼ਨ ਦੌਰਾਨ ਕੌਮੀ ਰਾਜ ਮਾਰਗ 'ਤੇ ਤਾਇਨਾਤ ਪੁਲਸ ਮੁਲਾਜ਼ਮਾਂ ਨੇ ਵੀ ਪੂਰਾ ਸਾਥ ਦਿੱਤਾ। 'ਯੁੱਧ ਨਸ਼ਿਆਂ ਵਿਰੁੱਧ' ਵੱਡੇ ਪੱਧਰ 'ਤੇ ਜੋ ਮੁਹਿੰਮ ਸ਼ੁਰੂ ਕੀਤੀ ਗਈ, ਉਸ ਦੇ ਸਾਰਥਕ ਨਤੀਜੇ ਨਿਕਲ ਰਹੇ ਹਨ ਅਤੇ ਨਸ਼ੇੜੀਆਂ ਨੂੰ ਨਸ਼ਾ ਕਰਦਿਆਂ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਥਾਣਾ ਮੁਖੀ ਦਸੂਹਾ ਰਜਿੰਦਰ ਸਿੰਘ ਮਿਨਹਾਸ ਵੱਲੋਂ ਸ਼ਹਿਰ ਨੂੰ ਪੰਜ ਭਾਗਾਂ ਵਿਚ ਵੰਡ ਕੇ ਗਸ਼ਤ ਮੁਹਿੰਮ ਸਬੰਧਤ ਏ. ਐੱਸ. ਆਈ. ਦੀ ਅਗਵਾਈ ਹੇਠ ਲਗਾਤਾਰ ਕੀਤੀ ਜਾ ਰਹੀ ਹੈ।

## ਮੋਗਾ 'ਚ ਵੱਡੀ ਵਾਰਦਾਤ, ਗਲੀ 'ਚ ਦੋਸਤਾਂ ਨਾਲ ਬੈਠੇ ਨੌਜਵਾਨ 'ਤੇ ਬਾਈਕ ਸਵਾਰਾਂ ਨੇ ਚਲਾਈਆਂ ਗੋਲੀਆਂ

ਮੋਗਾ 1 ਜੁਲਾਈ। ਮੋਗਾ ਦੇ ਮਹਾਵੀਰ ਨਗਰ ਵਿੱਚ ਅਣਪਛਾਤੇ ਨੌਜਵਾਨਾਂ ਵੱਲੋਂ ਇੱਕ ਨੌਜਵਾਨ ਨੂੰ ਚਾਰ ਤੋਂ ਪੰਜ ਗੋਲੀਆਂ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਮਿਲੀ ਜਾਣਕਾਰੀ ਮੁਤਾਬਕ, ਸਾਹਿਲ ਕੁਮਾਰ ਉਰਫ਼ ਐੱਸ. ਕੇ. ਉਮਰ ਲਗਭਗ 25 ਸਾਲ ਆਪਣੇ ਘਰ ਦੇ ਬਾਹਰ ਦੋਸਤਾਂ ਨਾਲ ਬੈਠਾ ਸੀ ਅਤੇ ਅਣਪਛਾਤੇ ਨੌਜਵਾਨ ਮੋਟਰਸਾਈਕਲ 'ਤੇ




ਸਵਾਰ ਹੋ ਕੇ ਆਏ ਅਤੇ ਉਸ ਉੱਪਰ ਫਾਇਰਿੰਗ ਕਰਨੀ ਸ਼ੁਰੂ ਕਰ ਦਿੱਤੀ। ਜ਼ਖਮੀ ਹਾਲਤ ਵਿਚ ਉਸ ਤੋਂ ਬਾਅਦ ਉਸਦੇ ਸਾਥੀਆਂ ਵੱਲੋਂ ਉਸ ਨੂੰ ਮੋਗਾ ਦੇ ਸਿਵਲ ਹਸਪਤਾਲ ਵਿੱਚ ਲਿਆਂਦਾ ਗਿਆ ਅਤੇ ਉਸਦੀ ਗੰਭੀਰ ਹਾਲਤ ਨੂੰ ਦੇਖਦੇ ਹੋਏ ਉਸ ਨੂੰ ਫਰੀਦਕੋਟ ਦੇ ਮੈਡੀਕਲ ਕਾਲਜ ਵਿੱਚ ਰੈਫਰ ਕਰ ਦਿੱਤਾ ਗਿਆ। ਉੱਥੇ ਮੌਕੇ 'ਤੇ ਪੁੱਜੇ ਪੁਲਸ ਅਧਿਕਾਰੀ ਵਰੁਣ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹਨਾਂ ਨੂੰ ਇਸ ਸਬੰਧੀ ਸੂਚਨਾ ਮਿਲੀ ਸੀ ਅਤੇ ਉਹਨਾਂ ਵੱਲੋਂ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਉਧਰ ਇਸ ਘਟਨਾ ਸਬੰਧੀ ਜ਼ਖਮੀ ਨੌਜਵਾਨ ਦੇ ਚਸ਼ਮਦੀਦ ਦੋਸਤ ਨੇ ਦੱਸਿਆ ਕਿ ਉਹ ਆਪਣੇ ਦੋਸਤ ਨਾਲ ਬਾਹਰ ਬੈਠੇ ਸਨ ਇਸ ਦੌਰਾਨ ਤਿੰਨ ਮੋਟਰਸਾਈਕਲ 'ਤੇ ਸਵਾਰ ਨੌਜਵਾਨ ਆਏ ਅਤੇ ਉਸਦੇ ਦੋਸਤ 'ਤੇ ਫਾਇਰਿੰਗ ਕਰਕੇ ਫ਼ਰਾਰ ਹੋ ਗਏ।

## ਵਿਦੇਸ਼ ਭੇਜਣ ਦੇ ਨਾਮ 'ਤੇ ਸਾਢੇ 5 ਲੱਖ ਰੁਪਏ ਦੀ ਠੱਗੀ

ਤਰਨਤਾਰਨ 1 ਜੁਲਾਈ। ਵਿਦੇਸ਼ ਭੇਜਣ ਦੇ ਨਾਮ ਉਪਰ ਸਾਢੇ 5 ਲੱਖ ਰੁਪਏ ਦੀ ਠੱਗੀ ਮਾਰਨ ਦੇ ਮਾਮਲੇ ਵਿਚ ਥਾਣਾ ਸਦਰ ਤਰਨਤਾਰਨ ਦੀ ਪੁਲਸ ਨੇ 5 ਵਿਅਕਤੀਆਂ ਖਿਲਾਫ ਪਰਚਾ ਦਰਜ ਕਰਨ ਉਪਰੰਤ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਸਰਬਜੀਤ ਸਿੰਘ ਪੁੱਤਰ ਬਲਵੰਤ ਸਿੰਘ ਵਾਸੀ ਸ਼ੇਖਚੱਕ ਨੇ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਦੱਸਿਆ ਕਿ ਉਸ ਦੇ ਬੇਟੇ ਕਮਲਪ੍ਰੀਤ ਸਿੰਘ ਨੂੰ ਪੁਰਤਗਾਲ ਭੇਜਣ ਦੇ ਨਾਮ ਉਪਰ ਸਾਢੇ 5 ਲੱਖ ਰੁਪਏ ਦੀ ਠੱਗੀ ਮਾਰੀ ਗਈ ਹੈ, ਜਿਸ ਦੀ




ਜਾਂਚ ਪੁਲਸ ਅਧਿਕਾਰੀ ਗੁਲਜਾਰ ਸਿੰਘ ਵੱਲੋਂ ਕੀਤੇ ਜਾਣ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਹਰਸਿਮਰਤ ਸਿੰਘ ਪੁੱਤਰ ਬਲਵੰਤ ਸਿੰਘ, ਜੋਗਿੰਦਰ ਸਿੰਘ ਪੁੱਤਰ ਅਜੈਬ ਸਿੰਘ ਵਾਸੀ ਮੀਆਂਵਿੰਡ, ਸਤਿੰਦਰ ਕੌਰ ਪਤਨੀ ਸਤਨਾਮ ਸਿੰਘ ਵਾਸੀ ਰਾਏ ਮੂਨ ਟੂਰਿਸਟ ਚੌਥੀ ਮੰਜ਼ਲ ਅਰੋੜਾ ਪ੍ਰਾਈਮ ਟਾਵਰ, ਪੁਲਸ ਲਾਈਨ ਜਲੰਧਰ ਅਤੇ ਸਤਨਾਮ ਸਿੰਘ ਵਾਸੀ ਰਾਏ ਮੋਨ ਟੂਰਿਸਟ ਪੁਲਸ ਲਾਈਨ ਜਲੰਧਰ ਵੱਲੋਂ ਮੁਦਈ ਦੇ ਲੜਕੇ ਕਮਲਪ੍ਰੀਤ ਸਿੰਘ ਨੂੰ ਪੁਰਤਗਾਲ ਭੇਜਣ ਦੇ ਨਾਮ ਉਪਰ 5 ਲੱਖ 50 ਹਜ਼ਾਰ ਰੁਪਏ ਦੀ ਠੱਗੀ ਮਾਰੀ ਗਈ ਹੈ। ਇਸ ਦੇ ਚੱਲਦਿਆਂ ਕਮਲਪ੍ਰੀਤ ਸਿੰਘ ਨੂੰ ਪੁਰਤਗਾਲ ਦੀ ਬਜਾਏ ਸਰਬੀਆ ਦੇਸ਼ ਭੇਜ ਦਿੱਤਾ ਗਿਆ, ਜਿੱਥੇ ਉਸ ਨੂੰ ਏਅਰਪੋਰਟ ਅਥਾਰਟੀ ਨੇ ਗ੍ਰਿਫਤਾਰ ਕਰਕੇ ਆਸਟਰੀਆ ਦੇਸ਼ ਵਿਚ ਭੇਜ ਦਿੱਤਾ, ਜਿਸ ਤੋਂ ਬਾਅਦ ਕਮਲਪ੍ਰੀਤ ਸਿੰਘ ਭਾਰਤ ਵਾਪਸ ਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀ.ਐੱਸ.ਪੀ ਸ੍ਰੀ ਗੋਇੰਦਵਾਲ ਸਾਹਿਬ ਅਤੁਲ ਸੋਨੀ ਨੇ ਦੱਸਿਆ ਕਿ ਇਸ ਮਾਮਲੇ ਵਿਚ ਥਾਣਾ ਸਦਰ ਤਰਨਤਾਰਨ ਵਿਖੇ ਉਕਤ ਚਾਰਾਂ ਮੁਲਜ਼ਮਾਂ ਖਿਲਾਫ ਪਰਚਾ ਦਰਜ ਕਰਦੇ ਹੋਏ ਗ੍ਰਿਫਤਾਰੀ ਦੀ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਬੁੱਢਾ ਦਲ ਆਉਣ ਵਾਲੀਆਂ ਸ਼ਤਾਬਦੀਆਂ ਨੂੰ ਸਮਰਪਿਤ ਵਿਸ਼ੇਸ਼ ਧਰਮ ਪ੍ਰਚਾਰ ਲਹਿਰ ਦੇਸ਼ ਵਿਦੇਸ਼ ਵਿੱਚ ਪ੍ਰਚੰਡ ਕਰੇਗਾ: ਬਾਬਾ ਬਲਬੀਰ ਸਿੰਘ 96 ਕਰੋੜੀ

ਅੰਮ੍ਰਿਤਸਰ 1 ਜੁਲਾਈ: ਬੁੱਢਾ ਦਲ ਸਿੱਖ ਧਰਮ ਦੀ ਚੜ੍ਹਦੀਕਲਾ ਲਈ ਦੇਸ਼ ਵਿਦੇਸ਼ ਵਿੱਚ ਗੁਰਮਤਿ ਪ੍ਰਚਾਰ ਲਹਿਰ ਪ੍ਰਚੰਡ ਕਰੇਗਾ। ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ ਵਿੱਚ ਪੰਜਾਬ, ਹਰਿਆਣਾ, ਦਿਲੀ, ਮੁਬੰਈ, ਮਹਾਂਰਾਸਟਰਾ, ਮੱਧ ਪ੍ਰਦੇਸ਼, ਉਤਰਪ੍ਰਦੇਸ਼, ਉਤਰਾਖੰਡ ਵਿੱਚ ਸਿੱਖ ਧਰਮ ਦੇ ਦਸ ਗੁਰੂ ਸਾਹਿਬ ਦੇ ਇਲਾਹੀ ਸੰਦੇਸ਼ ਨੂੰ ਘਰ-ਘਰ ਤੀਕ ਪਹੁੰਚਾਉਣ ਲਈ ਚੱਕ੍ਰਵਰਤੀ ਪ੍ਰੋਗਰਾਮ ਉਲੀਕਿਆਂ ਗਿਆ ਹੈ। ਵੱਖ-ਵੱਖ ਸੂਬਿਆਂ ਦੀਆਂ ਸੰਗਤਾਂ ਨੇ ਬੁੱਢਾ ਦਲ ਨਾਲ ਸੰਪਰਕ ਵੀ ਸਾਧਿਆ ਹੋਇਆ ਹੈ। ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਨੇ ਪ੍ਰੋਗਰਾਮ ਸਬੰਧੀ ਜਾਣਕਾਰੀ ਦੇਂਦਿਆਂ ਦਸਿਆ ਕਿ ਪਿਛਲੇ ਸਾਲ ਵੀ ਮੱਧ ਪ੍ਰਦੇਸ਼, ਮਹਾਂਰਾਸਟਰਾ ਵਿੱਚ ਸਿੰਘ ਸਾਹਿਬ ਜਥੇ: ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ ਵਿੱਚ ਵਿਸ਼ਾਲ ਪੱਧਰ ਤੇ ਗੁਰਮਤਿ ਪ੍ਰਚਾਰ ਲਹਿਰ ਬੁੱਢਾ ਦਲ ਵੱਲੋਂ ਅਕਾਲੀ ਬਾਬਾ ਫੂਲਾ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਦੀ ਦੂਸਰੀ ਸ਼ਤਾਬਦੀ ਨੂੰ ਸਮਰਪਿਤ ਕੀਤੀ ਗਈ ਸੀ। ਉਨ੍ਹਾਂ ਕਿਹਾ ਇਸ ਲਹਿਰ ਦੇ ਬਹੁਤ ਹੀ ਮਹੱਤਵਪੂਰਨ ਸਮਾਗਮ ਸੰਗਤਾਂ ਦੇ ਸਹਿਯੋਗ ਨਾਲ ਵੱਖ-ਵੱਖ ਸ਼ਹਿਰਾਂ ਵਿੱਚ ਹੋਏ। ਹਰ ਗੁਰਦੁਆਰੇ ਵਿੱਚ ਅਕਾਲੀ ਬਾਬਾ ਫੂਲਾ ਸਿੰਘ ਮਹਾਂਬਲੀ ਦੇ ਜੈਕਾਰੇ ਗੂੰਜੇ।

## ਪੰਜਾਬ 'ਚ ਘਨੌਣੀ ਵਾਰਦਾਤ, ਕੁੜੀ ਨਾਲ ਗੈਂਗਰੇਪ, ਗਰਭਵਤੀ ਹੋਣ ਤੋਂ ਬਾਅਦ ਇੰਝ ਹੋਇਆ ਖੁਲਾਸਾ

ਪਟਿਆਲਾ 1 ਜੁਲਾਈ। ਨਾਬਾਲਗਾ ਨਾਲ ਗੈਂਗ ਰੇਪ ਕਰਕੇ ਉਸ ਨੂੰ ਗਰਭਵਤੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਮਾਮਲੇ ਵਿਚ ਥਾਣਾ ਸਨੌਰ ਦੀ ਪੁਲਸ ਨੇ ਲੜਕੀ ਦੀ ਮਾਂ ਦੀ ਸ਼ਿਕਾਇਤ 'ਤੇ ਚਾਰ ਵਿਅਕਤੀਆਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ, ਜਿਨ੍ਹਾਂ ਵਿਅਕਤੀਆਂ ਖਿਲਾਫ ਕੇਸ ਕੀਤਾ ਗਿਆ ਹੈ, ਉਨ੍ਹਾਂ ਵਿਚ ਗੁਰਸੇਵਕ ਸਿੰਘ, ਜਸ਼ਨ ਸਿੰਘ, ਗੁਰਪ੍ਰੀਤ ਸਿੰਘ , ਕਰਨ ਸਿੰਘ ਸ਼ਾਮਲ ਹਨ, ਜਿਨ੍ਹਾਂ ਖਿਲਾਫ ਪੁਲਸ ਨੇ 70(2), 351(2) ਬੀ. ਐੱਨ. ਐੱਸ. ਅਤੇ ਪੋਕਸੋ ਐਕਟ ਦੀ ਧਾਰਾ 6 ਦੇ ਤਹਿਤ ਕੇਸ ਦਰਜ ਕੀਤਾ ਹੈ। ਲੜਕੀ ਦੀ ਮਾਂ ਨੇ ਪੁਲਸ ਨੂੰ ਦੱਸਿਆ ਕਿ ਉਸ ਦੀ ਲੜਕੀ ਦੀ ਉਮਰ 16 ਸਾਲ ਹੈ ਅਤੇ ਉਹ ਆਪਣੇ ਦੂਜੇ ਪਿਤਾ ਦੀ ਮੌਤ ਹੋਣ ਤੋਂ ਬਾਅਦ ਕਾਫੀ ਪਰੇਸ਼ਾਨ ਚੱਲ ਰਹੀ ਸੀ। ਕਾਫੀ ਪੁੱਛਗਿੱਛ ਕਰਨ ਤੋਂ ਬਾਅਦ ਉਸ ਦੀ ਲੜਕੀ ਨੇ ਦੱਸਿਆ ਕਿ ਜਨਵਰੀ ਦੇ ਮਹੀਨੇ ਵਿਚ ਉਹ ਸ਼ਾਮ ਨੂੰ 6 ਵਜੇ ਘਰ ਤੋਂ ਕੁੱਝ ਲੈਣ ਲਈ ਡੇਅਰੀ 'ਤੇ ਜਾ ਰਹੇ ਸੀ ਤਾਂ ਉਥੇ ਉਕਤ ਵਿਅਕਤੀ ਦੋ ਮੋਟਰਸਾਈਕਲਾਂ 'ਤੇ ਆਏ ਅਤੇ ਉਸ ਨੂੰ ਮੋਟਰਸਾਈਕਲ 'ਤੇ ਬਿਠਾ ਕੇ ਪਿੰਡ ਦੇ ਨਾਲ ਲੱਗਦੀ ਨਹਿਰ 'ਤੇ ਲੈ ਗਏ, ਜਿੱਥੇ ਸਾਰਿਆਂ ਨੇ ਵਾਰੋ-ਵਾਰੀ ਉਸ ਨਾਲ ਸਰੀਰਕ ਸਬੰਧ ਬਣਾਏ ਅਤੇ ਅਗਲੇ ਦਿਨ ਸਵੇਰੇ 5 ਵਜੇ ਉਸ ਨੂੰ ਘਰ ਦੇ ਕੋਲ ਛੱਡ ਕੇ ਚਲੇ ਗਏ।

# ਜਲੰਧਰ 'ਚ ਵੱਡੇ ਡਰੱਗ ਰੈਕੇਟ ਦਾ ਪਰਦਾਫਾਸ਼, ਕਰੋੜਾਂ ਦੀ ਹੈਰੋਇਨ ਤੇ ਹਥਿਆਰਾਂ ਸਣੇ 3 ਮੁਲਜ਼ਮ ਗ੍ਰਿਫ਼ਤਾਰ

ਕੌਮੀ ਪੱਤ੍ਰਿਕਾ

ਜਲੰਧਰ 1 ਜੁਲਾਈ। ਕਮਿਸ਼ਨਰੇਟ ਪੁਲਸ ਜਲੰਧਰ ਨੇ ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਦੀ ਅਗਵਾਈ ਹੇਠ ਇਕ ਵੱਡੇ ਡਰੱਗ ਤਸਕਰੀ ਦੇ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ। ਇਸ ਦੌਰਾਨ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਕੁੱਲ੍ਹ 13.1 ਕਿਲੋ ਹੈਰੋਇਨ, 5 ਗੈਰ-ਕਾਨੂੰਨੀ .32 ਬੋਰ ਪਿਸਤੌਲ, 12 ਜ਼ਿੰਦਾ ਕਾਰਤੂਸ, 3 ਮੈਗਜ਼ੀਨ, 3 ਲਗਜ਼ਰੀ ਵਾਹਨ ਅਤੇ 22,000 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਇਸ ਕਾਰਵਾਈ ਦੇ ਵੇਰਵਾ ਸਾਂਝਾ ਕਰਦੇ ਸੀ. ਪੀ. ਜਲੰਧਰ ਨੇ ਦੱਸਿਆ ਕਿ 25 ਮਈ 2025 ਨੂੰ ਹੋਈ ਇਕ ਪ੍ਰੈੱਸ ਬ੍ਰੀਫਿੰਗ ਦੌਰਾਨ ਉਨ੍ਹਾਂ ਨੇ ਦੋ ਮੁੱਖ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਦਾ ਖੁਲਾਸਾ ਕੀਤਾ ਸੀ। ਸ਼ਿਵਮ ਸੋਢੀ ਉਰਫ਼ ਸ਼ਿਵਾ ਪੁੱਤਰ ਵਰਿੰਦਰ ਸੋਢੀ ਵਾਸੀ ਸਿਮਰਨ ਐਨਕਲੇਵ ਨੇੜੇ ਲੰਮਾ ਪਿੰਡ ਚੌਕ, ਨੂੰ 20 ਮਈ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਬਰਿੰਦਰ ਸਿੰਘ ਉਰਫ਼ ਬੱਬੂ, ਪੁੱਤਰ ਦਵਿੰਦਰ ਸਿੰਘ ਵਾਸੀ ਅਮਰ ਨਗਰ ਜਲੰਧਰ ਨੂੰ 22 ਮਈ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਮੁਲਜ਼ਮਾਂ ਦੇ ਕਬਜ਼ੇ ਵਿੱਚੋਂ ਪੁਲਸ ਨੇ ਕੁੱਲ੍ਹ 13 ਕਿਲੋ ਹੈਰੋਇਨ, 3 ਲਗਜ਼ਰੀ ਕਾਰਾਂ, 2 ਗੈਰ-ਕਾਨੂੰਨੀ ਪਿਸਤੌਲ (32 ਬੋਰ), 6 ਜ਼ਿੰਦਾ ਕਾਰਟੂਨ ਅਤੇ 22,000 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ। ਐੱਫ਼. ਆਈ. ਆਰ. ਨੰਬਰ 122 ਮਿਤੀ 20 ਮਈ ਨੂੰ 21-ਸੀ, 27-ਏ, 61, 85 ਧਾਰਾ ਐੱਨ. ਡੀ. ਪੀ. ਐੱਸ. ਐਕਟ ਅਤੇ 25(1) ਬੀ ਅਸਲਾ ਐਕਟ ਦੇ ਤਹਿਤ ਥਾਣਾ ਡਿਵੀਜ਼ਨ ਨੰਬਰ 8 ਜਲੰਧਰ ਵਿਖੇ ਦਰਜ ਕੀਤੀ ਗਈ ਸੀ। ਰਿਮਾਂਡ ਦੌਰਾਨ ਕੀਤੀ ਗਈ ਪੁੱਛਗਿੱਛ ਦੇ ਆਧਾਰ 'ਤੇ ਇਕ ਤੀਜੇ ਸਾਥੀ ਦੀ ਸ਼ਮੂਲੀਅਤ ਸਾਹਮਣੇ ਆਈ, ਜਿਸ ਕਾਰਨ ਸੁਖਜੀਤ ਸਿੰਘ ਉਰਫ਼ ਸੁੱਖਾ ਪੁੱਤਰ ਲਖਵੀਰ ਸਿੰਘ ਵਾਸੀ ਬਿਸ਼ੰਬਰਪੁਰਾ ਥਾਣਾ ਚਾਟੀਵਿੰਡ, ਅੰਮ੍ਰਿਤਸਰ ਨੂੰ 23 ਜੂਨ ਨੂੰ ਗ੍ਰਿਫ਼ਤਾਰ ਕੀਤਾ ਗਿਆ। ਉਸ ਦੀ ਗ੍ਰਿਫ਼ਤਾਰੀ 'ਤੇ ਪੁਲਸ ਨੇ 100 ਗ੍ਰਾਮ ਹੈਰੋਇਨ, 3 ਗੈਰ-ਕਾਨੂੰਨੀ .32 ਬੋਰ ਪਿਸਤੌਲ ਅਤੇ 6 ਜ਼ਿੰਦਾ ਕਾਰਤੂਸ ਬਰਾਮਦ ਕੀਤੇ। ਸੁਖਜੀਤ ਸਿੰਘ ਉਰਫ਼ ਸੁੱਖਾ ਵਿਰੁੱਧ ਪਹਿਲਾਂ ਵੀ ਅਪਰਾਧਿਕ ਮਾਮਲਾ ਦਰਜ ਹੈ। ਮੁਲਜ਼ਮਾਂ ਦੇ ਵਿਆਪਕ ਨੈੱਟਵਰਕ ਅਤੇ ਵਿੱਤੀ ਸਬੰਧਾਂ ਦੀ ਜਾਂਚ ਜਾਰੀ ਹੈ। ਜਲੰਧਰ ਪੁਲਸ ਨੇ ਭਰੋਸਾ ਦਿੱਤਾ ਹੈ ਕਿ ਇਸ ਰੈਕੇਟ ਨਾਲ ਜੁੜੇ ਸਾਰੇ ਵਿਅਕਤੀਆਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਂਦਾ ਜਾਵੇਗਾ। ਇਹ ਸਫ਼ਲ ਕਾਰਵਾਈ ਕਮਿਸ਼ਨਰੇਟ ਪੁਲਸ ਜਲੰਧਰ ਦੀ ਖੇਤਰ ਵਿੱਚ ਨਸ਼ਿਆਂ ਅਤੇ ਅਪਰਾਧ ਵਿਰੁੱਧ ਅਣਥੱਕ ਮੁਹਿੰਮ ਵਿੱਚ ਇਕ ਹੋਰ ਮੀਲ ਪੱਥਰ ਹੈ।

### ਸਰਕਾਰੀ ਡਿਊਟੀ 'ਚ ਵਿਘਨ ਪਾਉਣ ਵਾਲੇ ਵਿਅਕਤੀ 'ਤੇ ਪਰਚਾ ਦਰਜ

ਜਲਾਲਾਬਾਦ 1 ਜੁਲਾਈ। ਥਾਣਾ ਸਿਟੀ ਪੁਲਸ ਨੇ ਸਰਕਾਰੀ ਡਿਊਟੀ 'ਚ ਵਿਘਨ ਪਾਉਣ ਵਾਲੇ ਵਿਅਕਤੀ 'ਤੇ ਪਰਚਾ ਦਰਜ ਕੀਤਾ ਹੈ। ਜਾਂਚ ਅਧਿਕਾਰੀ ਜਸਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਕਾਰਜਕਾਰੀ ਇੰਜੀਨੀਅਰ ਫਾਜ਼ਿਲਕਾ ਨਹਿਰ ਅਤੇ ਗਰਾਊਂਡ ਵਾਟਰ ਮੰਡਲ ਜਲਸਰੋਤ ਪੰਜਾਬ ਫਿਰੋਜ਼ਪੁਰ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਮਿਤੀ 13-06-2025 ਨੂੰ ਸ਼ਾਮ ਕਰੀਬ 6 ਵਜੇ ਸੁਹੇਲੇਵਾਲਾ ਡਿਸਟਰੀ ਦੀ ਆਰ ਡੀ 27300 ਤੋਂ ਲੀਕੇਜ਼ ਹੋ ਰਹੀ ਹੈ। ਇਸ 'ਤੇ ਬਲਦੇਵ ਰਾਜ ਬੇਲਦਾਰ ਵਲੋਂ ਮੌਕਾ ਸੰਭਾਲਣ ਦੀ ਕੋਸ਼ਿਸ਼ ਕੀਤੀ ਗਈ। ਇਸ ਦੌਰਾਨ ਸੁਖਵਿੰਦਰ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਸੁਹੇਲੇ ਵਾਲਾ ਵਲੋਂ ਬੇਲਦਾਰ ਬਲਦੇਵ ਸਿੰਘ ਨਾਲ ਭਾਰੀ ਬਹਿਸਬਾਜ਼ੀ ਕੀਤੀ ਗਈ ਅਤੇ ਉਸ ਨਾਲ ਬਦਸਲੂਕੀ ਕੀਤੀ ਗਈ ਅਤੇ ਸਰਕਾਰੀ ਸੰਪਤੀ ਨਾਲ ਛੇੜਛਾੜ ਕੀਤੀ ਗਈ।

## ਸਕੂਲ ਖੁੱਲ੍ਹਣ ਤੋਂ ਪਹਿਲਾਂ ਸਾਰੇ ਸਰਕਾਰੀ ਅਤੇ ਨਿੱਜੀ ਸਕੂਲਾਂ ਲਈ ਨਵੇਂ ਹੁਕਮ ਜਾਰੀ

ਚੰਡੀਗੜ੍ਹ 1 ਜੁਲਾਈ। ਸਿੱਖਿਆ ਵਿਭਾਗ ਨੇ ਸਾਰੇ ਸਰਕਾਰੀ ਅਤੇ ਨਿੱਜੀ ਸਕੂਲਾਂ ਨੂੰ ਗਰਮੀਆਂ ਦੀਆਂ ਛੁੱਟੀਆਂ ਤੋਂ ਬਾਅਦ ਸਕੂਲ ਮੁੜ ਖੋਲ੍ਹਣ ਤੋਂ ਪਹਿਲਾਂ ਸਕੂਲਾਂ 'ਚ ਚੰਗੀ ਤਰ੍ਹਾਂ ਨਿਰੀਖਣ ਅਤੇ ਮੁਰੰਮਤ



ਕਰਵਾਉਣ ਦੇ ਨਿਰਦੇਸ਼ ਦਿੱਤੇ ਹਨ। ਹੁਕਮ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਬੱਚਿਆਂ ਨੂੰ ਸਕੂਲ ਵਾਪਸ ਆਉਣ 'ਤੇ ਸੁਰੱਖਿਅਤ, ਸਾਫ਼ ਅਤੇ ਸੁਵਿਧਾਜਨਕ ਵਾਤਾਵਰਨ ਮਿਲੇ। ਸਿੱਖਿਆ ਵਿਭਾਗ ਨੇ ਕਿਹਾ ਹੈ ਕਿ ਸਕੂਲ ਦੀਆਂ ਇਮਾਰਤਾਂ, ਕਲਾਸਰੂਮ, ਬਿਜਲੀ-ਪਾਣੀ, ਪਖਾਨੇ ਆਦਿ ਦੇ ਪ੍ਰਬੰਧਾਂ ਦੀ ਜਾਂਚ ਯਕੀਨੀ ਬਣਾਈ ਜਾਵੇ। ਇਸ ਦੇ ਨਾਲ ਹੀ ਜੇਕਰ ਕਿਸੇ ਸਕੂਲ 'ਚ ਖੇਡ ਮੈਦਾਨ, ਪਾਰਕਿੰਗ, ਗੇਟ ਆਦਿ 'ਚ ਮੁਰੰਮਤ ਦੀ ਲੋੜ ਹੈ ਤਾਂ ਉਸ ਦਾ ਵੀ ਪ੍ਰਬੰਧ ਛੁੱਟੀਆਂ ਖ਼ਤਮ ਹੋਣ ਤੋਂ ਪਹਿਲਾਂ-ਪਹਿਲਾਂ ਕੀਤਾ ਜਾਵੇ। ਸਕੂਲਾਂ ਨੂੰ ਇਸ ਸਬੰਧੀ ਛੁੱਟੀਆਂ ਖ਼ਤਮ ਹੋਣ ਤੋਂ ਪਹਿਲਾਂ ਨਿਰੀਖਣ ਸਰਟੀਫਿਕੇਟ ਵੀ ਜ਼ਿਲ੍ਹਾ ਸਿੱਖਿਆ ਅਧਿਕਾਰੀ ਕੋਲ ਜਮ੍ਹਾਂ ਕਰਵਾਉਣਾ ਹੋਵੇਗਾ। ਨਿੱਜੀ ਸਕੂਲਾਂ ਨੂੰ ਵੀ ਨਿਰੀਖਣ ਰਿਪੋਰਟਾਂ ਸਕੂਲ ਦੇ ਰਿਕਾਰਡ 'ਚ ਰੱਖਣ ਦੀ ਹਿਦਾਇਤ ਦਿੱਤੀ ਗਈ ਹੈ। ਨਿੱਜੀ ਬੱਸਾਂ ਦੀ ਵਰਤੋਂ ਕਰਨ ਵਾਲੇ ਸਕੂਲਾਂ ਦਾ ਵੀ ਨਿਯਮਾਂ ਅਨੁਸਾਰ ਨਿਰੀਖਣ ਕੀਤਾ ਜਾਵੇਗਾ।

ਕੌਮੀ ਪਤ੍ਰਿਕਾ

# ਆਯੁਰਵੈਦਿਕ ਵਿਧੀ ਰਾਹੀਂ ਅੱਖਾਂ ਦੀ ਸਾਂਭ ਸੰਭਾਲ



ਅੱਖਾਂ ਕੁਦਰਤ ਵਲੋਂ ਮਨੁੱਖ ਨੂੰ ਬਖਸ਼ਿਆ ਹੋਇਆ ਅਨਮੋਲ ਤੋਹਫਾ ਹਨ। ਕੁਦਰਤ ਦੀ ਇਸ ਅਨਮੁਲੀ ਦਾਤ ਦੀ ਸਾਂਭ ਸੰਭਾਲ ਕਰਕੇ ਆਯੁਰਵੈਦਿਕ ਵਿਧੀ ਰਾਹੀਂ ਨਜ਼ਰ ਦੀ ਕਮਜ਼ੋਰੀ ਤੋਂ ਬਚਿਆ ਜਾ ਸਕਦਾ ਹੈ। ਜਦ ਅੱਖਾਂ ਦੀ ਲੈਂਸ ਦੀ ਪਾਰਦਸ਼ਤਾ ਹਲਕੀ ਹੋਣ ਲੱਗੇ ਅਤੇ ਧੁੰਦਲਾ ਦਿਖਾਈ ਦੇਣ ਲੱਗ ਪਵੇ ਤਾਂ ਉਸਨੂੰ ਮੋਤੀਆ ਬਿੰਦ ਕਿਹਾ ਜਾਂਦਾ ਹੈ। ਮੋਤੀਆ ਦੋ ਤਰ੍ਹਾਂ ਦਾ ਹੁੰਦਾ ਚਿਟਾ ਅਤੇ ਕਾਲਾ ਮੋਤੀਆ। ਆਯੁਰਵੈਦਿਕ ਰਾਹੀਂ ਚਿੱਟੇ ਮੋਤੀਏ ਤੋਂ ਬੜਾ ਸਹਿਜੇ ਹੀ ਛੁਟਕਾਰਾ ਮਿਲ ਸਕਦਾ ਹੈ। ਮੋਤੀਆ ਜ਼ਿਆਦਾਤਰ 40 ਸਾਲ ਦੀ ਉਮਰ ਤੋਂ ਬਾਅਦ ਹੁੰਦਾ ਹੈ। ਇਹ ਰੋਗ ਉਮਰ, ਸ਼ੂਗਰ, ਵਿਟਾਮਨਾਂ ਅਤੇ ਪ੍ਰੋਟੀਨ ਦੀ ਕਮੀ, ਇੰਫੈਕਸ਼ਨ ਜਾਂ ਕਿਸੇ ਸੱਟ ਆਦਿ ਕਾਰਣਾਂ ਕਰਕੇ ਵੀ ਹੋ ਸਕਦਾ ਹੈ। ਅਜਿਹੇ ਹਾਲਤਾਂ ਵਿੱਚ ਉਮਰ ਦਾ ਘੱਟ ਜਾਂ ਵੱਧ ਹੋਣਾ ਕੋਈ ਮਾਅਨੇ ਨਹੀਂ ਰੱਖਦਾ।

- ਸਵੇਰੇ ਉਠਦੇ ਸਾਰ ਹੀ ਮੂੰਹ ਵਿੱਚ ਠੰਢਾ (ਤਾਜ਼ਾ) ਪਾਣੀ ਭਰ ਕੇ ਅੱਖਾਂ ਪੂਰੀ ਤਰਾਂ ਖੋਲ੍ਹ ਕੇ ਅੱਖਾਂ ਵਿੱਚ ਪਾਣੀ ਦੇ ਛਿੱਟੇ ਮਾਰੋ। ਅਜਿਹਾ 8-10 ਵਾਰ ਕਰੋ। ਮੂੰਹ ਵਿਚ ਭਰਿਆ ਪਾਣੀ ਵਾਰ ਵਾਰ ਬਦਲਣ ਦੀ ਜ਼ਰੂਰਤ ਨਹੀਂ।
- ਮੋਤੀਆ ਬਿੰਦ ਤੋਂ ਬਚਣ ਅਤੇ ਅੱਖਾਂ ਦੀ ਨਜ਼ਰ ਤੇਜ਼ ਕਰਨ ਲਈ ਹਰ ਰੋਜ਼ ਗਾਜਰ, ਸੰਤਰਾ, ਦੁੱਧ ਅਤੇ ਘਿਓ ਦੀ ਵਰਤੋਂ ਕਰੋ।
- ਇੱਕ ਬੂੰਦ ਪਿਆਜ਼ ਦਾ ਰਸ ਅਤੇ ਇੱਕ ਬੂੰਦ ਸ਼ਹਿਦ ਮਿਲਾ ਕੇ ਇਸ ਮਿਸ਼ਰਣ ਨੂੰ ਰੋਜ਼ਾਨਾ ਅੱਖਾਂ ਵਿੱਚ ਕਾਜਲ ਵਾਂਗ ਲਗਾਉਣ ਨਾਲ ਅੱਖਾਂ ਨਿਰੋਗ ਰਹਿੰਦੀਆਂ ਹਨ।
- ਇੱਕ ਚਮਚਾ ਘਿਓ, ਦੋ ਕਾਲੀਆ ਮਿਰਚਾਂ ਅਤੇ ਥੋੜ੍ਹੀ ਜਿਹੀ ਮਿਸ਼ਰੀ ਮਿਲਾ ਕੇ ਦਿਨ ਵਿੱਚ ਤਿੰਨ ਵਾਰ ਇਸਦੀ ਵਰਤੋਂ ਕਰੋ। ਨਜ਼ਰ ਤੇਜ਼ ਹੋਵੇਗੀ।

### ਧਨੀਆ

*ਇੱਕ ਚਮਚ ਪੀਸਿਆ ਹੋਇਆ ਧਨੀਆ ਇੱਕ ਕੱਪ ਪਾਣੀ ਵਿੱਚ ਉਬਾਲ ਲਵੋ। ਫਿਰ ਇਸ ਉਬਲੇ ਹੋਏ ਪਾਣੀ ਨੂੰ ਠੰਢਾ ਹੋਣ ਤੇ ਸਵੇਰੇ ਸ਼ਾਮ ਅੱਖਾਂ ਵਿੱਚ ਪਾਓ। ਇਸ ਨਾਲ ਮੋਤੀਆ ਬਿੰਦ ਦੇ ਰੋਗ ਵਿੱਚ ਫਾਇਦਾ ਹੋਵੇਗਾ।*

- ਸੌਂਫ ਅਤੇ ਧਨੀਆਂ ਬਰਾਬਰ ਮਾਤਰਾ ਵਿੱਚ ਲਵੋ, ਇਸ ਵਿੱਚ ਮਿਸ਼ਰੀ ਮਿਲਾ ਕੇ ਇੱਕ ਇੱਕ ਚਮਚਾ ਸਵੇਰੇ ਸ਼ਾਮ ਖਾਣ ਨਾਲ ਬਹੁਤ ਲਾਭ ਮਿਲਦਾ ਹੈ।
- ਬਦਾਮ ਦੀਆਂ 6 ਗਿਰੀਆਂ ਅਤੇ 6 ਕਾਲੀਆਂ ਮਿਰਚਾਂ ਲਵੋ ਉਨ੍ਹਾਂ ਨੂੰ ਪੀਸ ਕੇ ਮਿਸ਼ਰੀ ਵਿੱਚ ਮਿਲਾ ਕੇ ਖਾਣ ਨਾਲ ਵੀ ਮੋਤੀਆ ਬਿੰਦ ਵਿੱਚ ਲਾਭ ਮਿਲਦਾ ਹੈ।
- ਗਾਜਰ, ਪਾਲਕ ਅਤੇ ਆਂਵਲੇ ਦੇ ਰਸ ਦੀ ਵਰਤੋਂ ਕਰਨ ਨਾਲ ਮੋਤੀਆ ਬਿੰਦ 2-3 ਮਹੀਨੇ ਵਿੱਚ ਆਪਣੇ ਆਪ ਖ਼ਤਮ ਹੋ ਜਾਵੇਗਾ।
- ਮੋਤੀਆ ਬਿੰਦ ਵਿੱਚ ਹਲਦੀ ਦੀ ਜ਼ਿਆਦਾ ਵਰਤੋਂ ਕਰਨੀ ਚਾਹੀਦੀ ਹੈ। ਹਲਦੀ ਵਿੱਚ ਕਰਕਿਊਮਿਨ ਨਾਮੀ ਰਸਾਇਣ ਹੁੰਦਾ ਹੈ। ਜਿਹੜਾ ਸਰੀਰ ਦੇ ਇਮਊਨ ਸਿਸਟਮ ਨੂੰ ਤਾਕਤਵਰ ਬਣਾਉਂਦਾ ਹੈ। ਇਸ ਨਾਲ ਸਾਈਟੋਕਾਈਨਸ ਅਤੇ ਇੰਜਾਈਮਜ਼ ਨਿਯੰਤਰਤ ਹੁੰਦੇ ਹਨ। ਮੋਤੀਆ ਬਿੰਦ ਅਤੇ ਰਤੌਂਦੀ ਹੋ ਜਾਣ ਤੇ ਨਿੰਮ ਦੇ ਤੇਲ ਦੀ ਸਿਲਾਈ ਅੱਖਾਂ ਵਿੱਚ ਲਗਾਓ।

• ਡਾ. ਐਸ ਐਸ ਕੰਬੋਜ਼
9915291533

# ਲੂ ਲੱਗਣਾ ਕਾਰਨ ਤੇ ਬਚਾਅ

*ਲੂ ਲੱਗੇ ਮਰੀਜ਼ ਨੂੰ ਛਾਵੇਂ ਲਿਟਾ ਦਿਓ। ਠੰਢੇ, ਗਿੱਲੇ ਕੱਪੜੇ ਨਾਲ ਉਸ ਦਾ ਸਰੀਰ ਪੂੰਝੋ ਜਾਂ ਫਿਰ ਠੰਢੇ ਪਾਣੀ ਨਾਲ ਨੁਹਾਓ।*



ਕੱਚਾ ਪਿਆਜ਼, ਬੇਲ ਜਾਂ ਨਿੰਬੂ ਦਾ ਸ਼ਰਬਤ ਪੀਣ ਨਾਲ ਹੁੰਦਾ ਹੈ ਲੂ ਵਿਚ ਲਾਭ ਮਈ ਅਤੇ ਜੂਨ ਤੋਂ ਹੀ ਗਰਮੀ ਨੇ ਰਿਕਾਰਡ ਤੋੜਨਾ ਸ਼ੁਰੂ ਕਰ ਦਿੱਤਾ ਹੈ। ਚੜ੍ਹਦੇ ਪਾਰੇ ਦੇ ਨਾਲ ਅੱਗ ਉਗਲਦੇ ਸੂਰਜ ਨੇ ਲੋਕਾਂ ਦਾ ਬਾਹਰ ਨਿਕਲਣਾ ਮੁਸ਼ਕਿਲ ਕਰ ਦਿੱਤਾ ਹੈ। ਅੱਜਕੱਲ੍ਹ ਸਭ ਤੋਂ ਵੱਧ ਖ਼ਤਰਾ ਲੂ ਲੱਗਣ ਦਾ ਹੁੰਦਾ ਹੈ। ਇਸ ਤੋਂ ਬਚਣ ਲਈ ਡਾਕਟਰਾਂ ਨੇ ਕੁਝ ਸੁਝਾਅ ਦਿੱਤੇ ਹਨ।

ਗਰਮੀ ਦੇ ਦਿਨਾਂ ਵਿਚ ਗਰਮ ਹਵਾਵਾਂ ਚੱਲਦੀਆਂ ਹਨ, ਇਸ ਨੂੰ ਲੂ ਕਹਿੰਦੇ ਹਨ। ਕੁਝ ਲੋਕ ਇਸ ਨੂੰ ਸਹਿਣ ਕਰ ਜਾਂਦੇ ਹਨ ਪਰ ਕੁਝ ਲੋਕ ਇਹ ਗਰਮੀ ਸਹਿ ਨਹੀਂ ਪਾਉਂਦੇ ਅਤੇ ਲੂ ਦਾ ਸ਼ਿਕਾਰ ਹੋ ਜਾਂਦੇ ਹਨ। ਖ਼ਾਸ ਕਰਕੇ ਮਈ ਅਤੇ ਜੂਨ ਦੀ ਗਰਮੀ ਜ਼ਿਆਦਾ ਪਰੇਸ਼ਾਨ ਕਰਦੀ ਹੈ ਜਿਸ ਤੋਂ ਬਚਣ ਦੇ ਉਪਾਅ ਕਰਨਾ ਬੇਹੱਦ ਜ਼ਰੂਰੀ ਹੈ।

ਮਾਹਿਰ ਗਰਮੀ ਅਤੇ ਲੂ ਤੋਂ ਬਚਣ ਲਈ ਕੁਝ ਉਪਾਅ ਦੱਸਦੇ ਹਨ ਜਿਨ੍ਹਾਂ ਨੂੰ ਅਪਣਾ ਕੇ ਗਰਮੀ ਅਤੇ ਲੂ ਤੋਂ ਬਚਾਅ ਕੀਤਾ ਜਾ ਸਕਦਾ ਹੈ। ਆਓ, ਇਹ ਉਪਾਅ ਅਪਣਾ ਕੇ ਗਰਮੀ ਦੇ ਕਹਿਰ ਤੋਂ ਸਰੀਰ ਨੂੰ ਬਚਾ ਸਕਦੇ ਹਾਂ :

- ਲੂ ਲੱਗੇ ਮਰੀਜ਼ ਨੂੰ ਛਾਵੇਂ ਲਿਟਾ ਦਿਓ। ਠੰਡੇ, ਗਿੱਲੇ ਕੱਪੜੇ ਨਾਲ ਉਸ ਦਾ ਸਰੀਰ ਪੂੰਝੋ ਜਾਂ ਫਿਰ ਠੰਢੇ ਪਾਣੀ ਨਾਲ ਨੁਹਾਓ। ਸਾਧਾਰਨ ਤਾਪਮਾਨ ਦਾ ਪਾਣੀ ਸਿਰ 'ਚ ਪਾਓ। ਠੰਡਾ ਪਾਣੀ ਬਿਲਕੁਲ ਨਾ ਪਾਓ। ਅਜਿਹਾ ਕਰਨ ਨਾਲ ਸਰੀਰ ਦਾ ਤਾਪਮਾਨ ਘੱਟ ਹੋ ਜਾਵੇਗਾ। ਮਰੀਜ਼ ਨੂੰ ਨਿੰਬੂ ਪਾਣੀ ਜਾਂ ਨਾਰੀਅਲ ਪਾਣੀ ਪੀਣ ਨੂੰ ਦਿਓ।
- ਧੁੱਪ ਤੋਂ ਬਚਣ ਲਈ ਪਰਨਾ, ਟੋਪੀ ਜਾਂ ਛਤਰੀ ਦੀ ਵਰਤੋਂ ਕਰੋ। ਸਫ਼ਰ ਦੌਰਾਨ ਪਾਣੀ ਜ਼ਰੂਰ ਕੋਲ ਰੱਖੋ।
- ਤਬੀਅਤ ਠੀਕ ਨਾ ਮਹਿਸੂਸ ਹੋਵੇ ਤਾਂ ਤੁਰੰਤ ਡਾਕਟਰ ਨਾਲ ਸੰਪਰਕ ਕਰੋ।
- ਸੁੱਕਾ ਧਨੀਆ ਪਾਣੀ ਵਿਚ ਭਿਉਂ ਕੇ ਰੱਖੋ। ਫਿਰ ਇਸ ਨੂੰ ਮਸਲਕੇ ਅਤੇ ਛਾਣਕੇ ਥੋੜ੍ਹੀ ਜਿਹੀ ਚੀਨੀ ਮਿਲਾ ਕੇ ਪੀਣ ਨਾਲ ਗਰਮੀਆਂ ਵਿਚ ਲੂ ਤੋਂ ਰਾਹਤ ਮਿਲਦੀ ਹੈ।
- ਮੇਥੀ ਦੇ ਸੁੱਕੇ ਪੱਤਿਆਂ ਨੂੰ ਠੰਡੇ ਪਾਣੀ ਵਿਚ ਕੁਝ ਸਮਾਂ ਭਿਉਂ ਕੇ ਰੱਖੋ। ਫਿਰ ਇਨ੍ਹਾਂ ਨੂੰ ਹੱਥ ਨਾਲ ਮਸਲ ਕੇ, ਛਾਣ ਕੇ, ਇਸ ਵਿਚ ਥੋੜ੍ਹਾ ਜਿਹਾ ਸ਼ਹਿਦ ਮਿਲਾ ਕੇ ਦੋ ਦੋ ਘੰਟੇ ਬਾਅਦ ਮਰੀਜ਼ ਨੂੰ ਪਿਲਾਓ। ਲੂ ਦਾ ਅਸਰ ਖ਼ਤਮ ਹੋ ਜਾਵੇਗਾ।
- ਇਮਲੀ ਦੇ ਬੀਜ ਪੀਹ ਕੇ ਪਾਣੀ ਵਿਚ ਘੋਲ ਕੇ ਕੱਪੜੇ ਨਾਲ ਛਾਣ ਲਓ। ਇਸ ਵਿਚ ਚੀਨੀ ਮਿਲਾ ਕੇ ਪੀਣ ਨਾਲ ਲੂ ਤੋਂ ਰਾਹਤ ਮਿਲੇਗੀ।
- ਲੂ ਤੋਂ ਬਚਣ ਲਈ ਦੁਪਹਿਰ ਸਮੇਂ ਬਾਹਰ ਨਿਕਲਣ ਤੋਂ ਗੁਰੇਜ਼ ਕਰੋ। ਜੇ ਜ਼ਰੂਰੀ ਬਾਹਰ ਜਾਣਾ ਪਵੇ ਤਾਂ ਸਿਰ ਅਤੇ ਗਰਦਨ ਨੂੰ ਤੌਲੀਏ ਜਾਂ ਕੱਪੜੇ ਨਾਲ ਚੰਗੀ ਤਰ੍ਹਾਂ ਢਕ ਕੇ ਬਾਹਰ ਜਾਓ। ਦੋਵੇਂ ਕੰਨ ਵੀ ਢਕੇ ਹੋਣੇ ਚਾਹੀਦੇ ਹਨ।
- ਗਰਮੀ ਦੇ ਦਿਨਾਂ ਵਿਚ ਹਲਕਾ ਅਤੇ ਜਲਦੀ ਹਜ਼ਮ ਹੋਣ ਵਾਲਾ ਭੋਜਨ ਕਰਨਾ ਚਾਹੀਦਾਹੈ। ਬਾਹਰ ਜਾਂਦੇ ਸਮੇਂ ਕਦੇ ਖਾਲੀ ਪੇਟ ਬਾਹਰ ਨਾ ਜਾਓ।
- ਲੂ ਤੋਂ ਬਚਣ ਲਈ ਬੇਲ ਜਾਂ ਨਿੰਬੂ ਦਾ ਸ਼ਰਬਤ ਪੀਣਾ ਵੀ ਲਾਹੇਵੰਦ ਰਹਿੰਦਾ ਹੈ। ਇਹ ਸਰੀਰ ਵਿਚ ਪਾਣੀ ਦੀ ਕਮੀ ਪੂਰੀ ਕਰਦਾ ਹੈ।
- ਲੂ ਲੱਗਣ 'ਤੇ ਪਾਣੀ ਵਿਚ ਗਲੂਕੋਜ਼ ਵਾਲਾ ਪਾਣੀ ਪੀਂਦੇ ਰਹਿਣਾ ਚਾਹੀਦਾ ਹੈ। ਇਸ ਨਾਲ ਸਰੀਰ ਨੂੰ ਊਰਜਾ ਮਿਲਦੀ ਹੈ ਤੇ ਥਕਾਵਟ ਮਹਿਸੂਸ ਨਹੀਂ ਹੁੰਦੀ।

• ਡਾ. ਅਤੁਲ ਦੱਤਾ

# ਮਿਹਦੇ ਦਾ ਰੱਖੋ ਖ਼ਾਸ ਖਿਆਲ

ਮਿਹਦਾ ਸਾਡੇ ਸਰੀਰ ਦਾ ਇੱਕ ਬਹੁਤ ਖ਼ਾਸ ਅੰਗ ਹੈ, ਇਹ ਪੇਟ ਦੀ ਲੈਬੋਰੇਟਰੀ ਵੀ ਹੈ ਅਤੇ ਪਾਚਨ ਵਿਚ ਸਹਾਇਕ ਕਈ ਤਰ੍ਹਾਂ ਦੇ ਰਸ ਬਣਾਉਂਦਾ ਹੈ, ਨਾਲ ਹੀ ਸਰੀਰ ਅਤੇ ਖ਼ੂਨ 'ਚੋਂ ਜ਼ਹਿਰੀਲੇ ਤੱਤ ਬਾਹਰ ਕੱਢਦਾ ਹੈ। ਅੱਜ ਕਲ੍ਹ ਲਿਵਰ ਸਬੰਧੀ ਬਿਮਾਰੀਆਂ ਤੇਜ਼ੀ ਨਾਲ ਵੱਧ ਰਹੀਆਂ ਹਨ। ਅਜਿਹਾ ਸ਼ਰਾਬ ਅਤੇ ਵਿਗੜ ਚੁੱਕੀ ਜੀਵਨਸ਼ੈਲੀ ਕਾਰਨ ਹੋ ਰਿਹਾ ਹੈ। ਜੇਕਰ ਤੁਹਾਡਾ ਲਿਵਰ ਠੀਕ ਤਰ੍ਹਾਂ ਕੰਮ ਨਹੀਂ ਕਰ ਪਾ ਰਿਹਾ ਤਾਂ ਸਮਝ ਲਵੋ ਕਿ ਖ਼ਤਰੇ ਦੀ ਘੰਟੀ ਵੱਜ ਚੁੱਕੀ ਹੈ। ਮਿਹਦੇ ਦੀ ਵੱਡੀ ਖ਼ਰਾਬੀ ਹੋਣ ਦੀ ਸੂਰਤ ਵਿੱਚ ਟ੍ਰਾਂਸਪਲਾਂਟ ਤੋਂ ਇਲਾਵਾ ਹੋਰ ਕੋਈ ਹੱਲ ਨਹੀਂ ਬਚਦਾ ਹੈ। ਇਸ ਲਈ ਮਿਹਦੇ ਦੀ ਖ਼ਰਾਬੀ ਦੇ ਲੱਛਣ ਸਾਹਮਣੇ ਆਉਣ 'ਤੇ ਡਾਕਟਰ ਨਾਲ ਤੁਰੰਤ ਬਿਨਾ ਕਿਸੇ ਦੇਰੀ ਸੰਪਰਕ ਕੀਤਾ ਜਾਣਾ ਬਹੁਤ ਜ਼ਰੂਰੀ ਹੈ। ਮਿਹਦੇ ਦੀ ਖ਼ਰਾਬੀ ਦਾ ਕਾਰਣ ਕਈ ਲੋਕ ਜਾਣਦੇ ਹਨ ਪਰ ਮਿਹਦਾ ਜਦੋਂ ਖ਼ਰਾਬ ਹੋਣਾ ਸ਼ੁਰੂ ਹੁੰਦਾ ਹੈ ਤਾਂ ਸਾਡੇ ਸ਼ਰੀਰ 'ਚ ਕਈ ਤਰ੍ਹਾਂ ਦੇ ਬਦਲਾਅ ਵੀ ਨਜ਼ਰ ਆਉਣੇ ਲੱਗਦੇ ਹਨ।

## ਮਿਹਦਾ ਖ਼ਰਾਬ ਹੋਣ ਦੇ ਕਾਰਨ

- ਮੂੰਹ 'ਚੋਂ ਗੰਦੀ ਬਦਬੂ ਆਉਣਾ ਵੀ ਮਿਹਦੇ ਦੀ ਖ਼ਰਾਬੀ ਹੋ ਸਕਦੀ ਹੈ। ਅਜਿਹਾ ਇਸ ਲਈ ਹੁੰਦਾ ਹੈ, ਕਿਉਂਕਿ ਮੂੰਹ 'ਚੋਂ ਅਮੋਨੀਆ ਦਾ ਰਿਸਾਅ ਵੱਧ ਜਾਂਦਾ ਹੈ।
- ਮਿਹਦਾ ਖ਼ਰਾਬ ਹੋਣ 'ਤੇ ਸਰੀਰ ਦੀ ਚਮੜੀ ਖ਼ਰਾਬ ਹੋਣ ਲਗਦੀ ਹੈ ਅਤੇ ਚਿਹਰੇ 'ਤੇ ਥਕਾਨ ਨਜ਼ਰ ਆਉਣ ਲੱਗਦੀ ਹੈ। ਅੱਖਾਂ ਦੇ ਹੇਠਲੀ ਚਮੜੀ ਬਹੁਤ ਹੀ ਨਾਜ਼ੁਕ ਹੰਦੀ ਹੈ ਜਿਸ 'ਤੇ ਤੁਹਾਡੀ ਸਿਹਤ ਦਾ ਅਸਰ ਸਾਫ ਦਿਖਾਈ ਦਿੰਦਾ ਹੈ ।
- ਪਾਚਣ ਤੰਤਰ 'ਚ ਖ਼ਰਾਬ-ਜੇਕਰ ਲਿਵਰ 'ਚ ਫੈਟ ਜੰਮੀ ਹੋਈ ਹੈ ਜਾਂ ਫਿਰ ਲਿਵਰ 'ਚ ਸੋਜ਼ (ਫੈਟੀ ਲਿਵਰ) ਹੋ ਗਿਆ ਹੈ ਤਾਂ ਫਿਰ ਪਾਣੀ ਵੀ ਹਜ਼ਮ ਨਹੀਂ ਹੋਵੇਗਾ।
- ਚਮੜੀ 'ਤੇ ਸਫੇਦ ਧੱਬੇ - ਜੇਕਰ ਤੁਹਾਡੀ ਚਮੜੀ ਦਾ ਰੰਗ ਉੱਡ ਗਿਆ ਹੈ ਅਤੇ ਚਿੱਟੇ ਰੰਗ ਦੇ ਧੱਬੇ ਪੈਣ ਲੱਗ ਗਏ ਹਨ ਤਾਂ ਇਸ ਨੂੰ ਲਿਵਰ ਸਪੌਟ ਦੇ ਨਾਮ ਨਾਲ ਜਾਣਿਆ ਜਾਂਦਾ ਹੈ।
- ਜੇਕਰ ਪਿਸ਼ਾਬ ਜਾਂ ਮਲ ਹਰ ਰੋਜ਼ ਗਹਿਰੇ ਰੰਗ ਦਾ ਆਉਣ ਲੱਗੇ ਤਾਂ ਸਮਝ ਲਵੋ ਕਿ ਮਿਹਦੇ 'ਚ ਗੜਬੜ ਹੈ, ਜੇਕਰ ਅਜਿਹਾ ਸਿਰਫ ਇਕ ਵਾਰ ਹੁੰਦਾ ਹੈ ਤਾਂ ਇਹ ਸਿਰਫ ਪਾਣੀ ਦੀ ਕਮੀ ਕਾਰਨ ਵੀ ਹੋ ਸਕਦਾ ਹੈ।
- ਜੇਕਰ ਤੁਹਾਡੀਆਂ ਅੱਖਾਂ ਦਾ ਸਫੇਦ ਹਿੱਸਾ ਪੀਲਾ ਨਜ਼ਰ ਆਉਣ ਲੱਗੇ ਅਤੇ ਨਹੁੰ ਵੀ ਪੀਲੇ ਹੋਣ ਲੱਗ ਜਾਣ ਤਾਂ ਤੁਹਾਨੂੰ ਪੀਲੀਆ ਹੋ ਸਕਦਾ ਹੈ। ਇਸਦਾ ਇਹ ਮਤਲਬ ਹੈ ਕਿ ਤੁਹਾਡੇ ਲੀਵਰ 'ਚ ਇਨਫੈਕਸ਼ ਸ਼ੁਰੂ ਹੋ ਚੁੱਕਿਆ ਹੈ।
- ਲੀਵਰ ਇਕ ਐਂਜ਼ਾਈਮ ਪੈਦਾ ਕਰਦਾ ਹੈ, ਜਿਸ ਦਾ ਨਾਂ ਬਾਈਲ ਹੈ ਅਤੇ ਇਹ ਸਵਾਦ 'ਚ ਬਹੁਤ ਖ਼ਰਾਬ ਲੱਗਦਾ ਹੈ। ਜੇਕਰ ਤੁਹਾਡੇ ਮੂੰਹ 'ਚ ਕੜਵਾਹਟ ਲੱਗੇ ਤਾਂ ਇਸਦਾ ਮਤਲਬ ਹੈ ਕਿ ਤੁਹਾਡੇ ਮੂੰਹ ਤਕ ਬਾਈਲ ਪਹੁੰਚ ਰਿਹਾ ਹੈ।
- ਜਦੋਂ ਮਿਹਦਾ ਵੱਡਾ ਹੋ ਜਾਂਦਾ ਹੈ ਪੇਟ 'ਚ ਸੋਜਿਸ਼ ਆ ਜਾਂਦੀ ਹੈ, ਜਿਸ ਨੂੰ ਅਸੀਂ ਅਕਸਰ ਮੋਟਾਪਾ ਸਮਝਣ ਦੀ ਭੁੱਲ ਕਰ ਬੈਠਦੇ ਹਾਂ।
- ਜੇਕਰ ਜ਼ਿਆਦਾ ਤੇਲ ਵਾਲਾ ਖਾਣਾ ਖਾਂਦੇ ਹਾਂ ਅਤੇ ਕਸਰਤ ਨਹੀਂ ਕਰਦੇ ਤਾਂ ਫੈਟੀ ਲਿਵਰ ਦੀ ਸੰਭਾਵਨਾ ਵੱਧ ਜਾਂਦੀ ਹੈ। ਜ਼ਿਆਦਾ ਫੈਟ ਨਾਲ ਲਿਵਰ 'ਚ ਸੋਜ਼ ਆਉਣ ਲੱਗਦੀ ਹੈ ਅਤੇ ਲਿਵਰ ਵੀ ਸੁੰਗੜਨ ਲੱਗਦਾ ਹੈ। ਜੇਕਰ ਸ਼ੁਰੂਆਤੀ ਦੌਰ 'ਚ ਇਸਦਾ ਪਤਾ ਲੱਗ ਜਾਵੇ ਤਾਂ ਇਸਦਾ ਇਲਾਜ ਸੰਭਵ ਹੈ।
- ਵਾਇਰਲ ਹੈਪੇਟਾਈਟਿਸ ਏ, ਬੀ, ਸੀ ਅਤੇ ਈ ਹੋਣ ਦੀ ਸੂਰਤ 'ਚ ਲਿਵਰ ਖ਼ਰਾਬ ਹੋ ਜਾਂਦਾ ਹੈ। ਏ ਅਤੇ ਈ ਦੂਸ਼ਿਤ ਪਾਣੀ ਅਤੇ ਖਾਣੇ ਦੇ ਨਾਲ ਹੁੰਦਾ ਹੈ। ਇਸ ਨੂੰ ਆਮ ਭਾਸ਼ਾ 'ਚ ਪੀਲੀਆ ਕਹਿੰਦੇ ਹਨ। ਇਸਦੇ ਲੱਛਣ ਲਗਪਗ ਚਾਰ ਹਫਤਿਆਂ ਤਕ ਚੱਲਦੇ ਹਨ। ਇਸ ਹਾਲਤ 'ਚ ਮਰੀਜ਼ ਨੂੰ ਉਲਟੀ ਅਤੇ ਬੁਖ਼ਾਰ ਆਉਂਦਾ ਹੈ।
- ਬੀ ਅਤੇ ਸੀ ਵਾਇਰਲ ਇਨਫੈਕਸ਼ਨ ਹੈ। ਇਨਫੈਕਸ਼ਨ ਦੇ ਡੇਢ ਤੋਂ ਦੋ ਮਹੀਨੇ ਬਾਅਦ ਲੱਛਣ ਨਜ਼ਰ ਆਉਣ ਲੱਗਦੇ ਹਨ। ਕਈ ਮਾਮਲਿਆਂ 'ਚ ਲੱਛਣ ਚਾਰ ਮਹੀਨੇ ਬਾਅਦ ਵੀ ਨਜ਼ਰ ਆਉਂਦੇ ਹਨ।
- ਬਚਪਨ 'ਚ ਇੰਨਫੈਕਸ਼ਨ ਹੋਣ 'ਤੇ ਅੱਗੇ ਚੱਲ ਕੇ ਕ੍ਰੋਨਿਕ ਹੈਪੇਟਾਈਟਿਸ ਦਾ ਖ਼ਤਰਾ ਵੱਧ ਜਾਂਦਾ ਹੈ। ਦੋਨੋਂ ਹੀ ਵਾਇਰਸ ਲਿਵਰ 'ਤੇ ਬੁਰਾ ਅਸਰ ਪਾਉਂਦੇ ਹਨ। ਇਸਦੇ ਲੱਛਣ ਮੁਖ ਤੌਰ 'ਤੇ ਭੁੱਖ ਨਾ ਲੱਗਣਾ, ਵਜ਼ਨ ਘੱਟ ਹੋਣਾ, ਪੀਲੀਆ ਆਦਿ ਹੋਣਾ ਹੈ।
- ਸ਼ਰਾਬ ਦੇ ਜ਼ਿਆਦਾ ਸੇਵਨ ਨਾਲ ਲਿਵਰ ਖ਼ਰਾਬ ਹੋਣ ਲੱਗਦਾ ਹੈ। ਜਿਗਰ 'ਚ ਰੇਸ਼ਾ (ਫਾਈਬ੍ਰੋਸਿੱਸ) ਬਣਨ ਲੱਗਦਾ ਹੈ ਜਿਸ ਕਾਰਨ ਮਿਹਦਾ ਸੁੰਗੜਨ ਲੱਗਦਾ ਹੈ। ਮਿਹਦੇ 'ਚ ਛੋਟੀਆਂ-ਵੱਡੀਆਂ ਗੰਢਾ ਪੈ ਜਾਂਦੀਆਂ ਹਨ ਜੋ ਕਿ ਲਿਵਰ ਸਿਰੋਸਿੱਸ ਅਖਵਾਉਂਦਾ ਹੈ।
- ਜਦੋਂ ਸਰੀਰ ਦੇ ਸੈੱਲ ਮਿਹਦੇ ਦੇ ਖ਼ਿਲਾਫ਼ ਕੰਮ ਕਰਨ ਲੱਗਦੇ ਹਨ ਤਾਂ ਮਿਹਦਾ ਖ਼ਰਾਬ ਹੋਣ ਲੱਗਦਾ ਹੈ। ਅੰਤੜੀਆਂ ਦੇ ਬੈਕਟੀਰੀਆ ਵੀ ਫੈਟੀ ਮਿਹਦਾ ਹੋਣ ਦਾ ਕਾਰਨ ਬਣਦੇ ਹਨ। ਇਹ ਪਤਲੇ ਲੋਕਾਂ ਨੂੰ ਵੀ ਹੋ ਸਕਦਾ ਹੈ।
- ਮਿਹਦੇ ਦੇ ਖ਼ਰਾਬ ਹੋਣ ਦੇ ਲੱਛਣ ਕਾਫੀ ਦੇਰ ਬਾਅਦ ਪਤਾ ਚੱਲਦੇ ਹਨ। ਜਦੋਂ 30-40 ਫ਼ੀਸਦੀ ਲਿਵਰ ਦੇ ਸੈੱਲ ਨਸ਼ਟ ਹੋ ਜਾਂਦੇ ਹਨ ਤਾਂ ਕਿਤੇ ਜਾ ਕੇ ਫੈਟੀ ਲਿਵਰ, ਅਲਕੋਹਲਿੱਕ ਡੀਸੀਜ਼ ਬਾਰੇ ਪਤਾ ਚੱਲਦਾ ਹੈ।

### ਮਿਹਦੇ ਦੀ ਬਾਇਓਪਸੀ

*ਜਦੋਂ ਬਲੱਡ ਟੈਸਟ ਨਾਲ ਮਿਹਦੇ ਦੀ ਬਿਮਾਰੀ ਸਾਹਮਣੇ ਨਹੀਂ ਆਉਂਦੀ ਤਾਂ ਡਾਕਟਰ ਬਾਇਓਪਸੀ ਦੀ ਸਲਾਹ ਦਿੰਦੇ ਹਨ। ਇਸ 'ਚ ਲਿਵਰ ਦਾ ਛੋਟਾ ਅੰਸ਼ ਕੱਢ ਕੇ ਲੈਬੋਰੇਟਰੀ ਭੇਜਿਆ ਜਾਂਦਾ ਹੈ।*



*ਜੇਕਰ ਜ਼ਿਆਦਾ ਤੇਲ ਵਾਲਾ ਖਾਣਾ ਖਾਂਦੇ ਹਾਂ ਅਤੇ ਕਸਰਤ ਨਹੀਂ ਕਰਦੇ ਤਾਂ ਫੈਟੀ ਮਿਹਦੇ ਦੀ ਸੰਭਾਵਨਾ ਵੱਧ ਜਾਂਦੀ ਹੈ। ਜ਼ਿਆਦਾ ਫੈਟ ਨਾਲ ਮਿਹਦੇ 'ਚ ਸੋਜ਼ ਆਉਣ ਲੱਗਦੀ ਹੈ ਅਤੇ ਮਿਹਦਾ ਵੀ ਸੁੰਗੜਨ ਲੱਗਦਾ ਹੈ। ਜੇਕਰ ਸ਼ੁਰੂਆਤੀ ਦੌਰ 'ਚ ਇਸਦਾ ਪਤਾ ਲੱਗ ਜਾਵੇ ਤਾਂ ਇਸਦਾ ਇਲਾਜ ਸੰਭਵ ਹੈ।*

### ਲੀਵਰ ਟੈਸਟ ਫੰਕਸ਼ਨ

*ਜੇਕਰ ਤੁਸੀਂ ਡਰੱਗ ਲੈਂਦੇ ਹੋਂ, ਜ਼ਿਆਦਾ ਸ਼ਰਾਬ ਪੀਂਦੇ ਹੋ, ਦਿਮਾਗ਼ ਜਾਂ ਟੀਬੀ ਰੋਗ ਦੀ ਦਵਾਈ ਲੈਂਦੇ ਹੋ, ਪਰਿਵਾਰ 'ਚ ਕਿਸੇ ਨੂੰ ਲਿਵਰ ਦੀ ਬਿਮਾਰੀ ਹੈ, ਤਾਂ ਅਜਿਹੇ 'ਚ ਤੁਸੀਂ ਲਿਵਰ ਫੰਕਸ਼ਨ ਟੈਸਟ ਜ਼ਰੂਰ ਕਰਵਾਓ। ਇਹ ਟੈਸਟ ਲਿਵਰ ਦੀ ਕਾਰਜਸ਼ੈਲੀ ਬਾਰੇ ਦੱਸਦਾ ਹੈ। ਇਸ ਤੋਂ ਇਲਾਵਾ ਫੈਟੀ ਲਿਵਰ ਦੇ ਲਈ ਅਲਟਰਾਸਾਊਂਡ ਵੀ ਹੁੰਦਾ ਹੈ।*

## ਮਿਹਦੇ ਦੀ ਦੇਖਭਾਲ

- ਮਿਹਦੇ ਦੇ ਮਾਮਲੇ 'ਚ ਇਲਾਜ ਨਾਲੋਂ ਬਚਾਅ ਹੀ ਭਲਾ ਹੈ। ਇਸ ਲਈ ਸਿਹਤਮੰਦ ਮਿਹਦੇ ਲਈ ਜੀਵਨਸ਼ੈਲੀ ਅਤੇ ਖਾਣ-ਪੀਣ ਦਾ ਧਿਆਨ ਰੱਖਣਾ ਜ਼ਰੂਰੀ ਹੈ।
- ਦੂਸ਼ਿਤ ਖਾਣਾ, ਸ਼ਰਾਬ ਅਤੇ ਸਿਗਰਟਨੋਸ਼ੀ ਤੋਂ ਦੂਰ ਰਹੋ।
- ਰੋਜ਼ਾਨਾ 6 ਘੰਟੇ ਤੋਂ ਘੱਟ ਨੀਂਦ ਲੈਣ ਨਾਲ ਸਰੀਰ ਦਾ ਮੈਟਾਬੋਲਿਜ਼ਮ ਪ੍ਰਭਾਵਿਤ ਹੁੰਦਾ ਹੈ ਅਤੇ ਲਿਵਰ ਨਾਲ ਜੁੜੇ ਰੋਗਾਂ ਦਾ ਖ਼ਤਰਾ ਵੱਧ ਜਾਂਦਾ ਹੈ।
- ਤਣਾਅ ਨਾਲ ਵੀ ਲਿਵਰ ਦੀ ਕਾਰਜਸ਼ੈਲੀ 'ਤੇ ਪ੍ਰਭਾਵ ਪੈਂਦਾ ਹੈ ਜਿਸਦਾ ਸਿੱਧਾ ਅਸਰ ਸਾਡੇ ਪਾਚਣ ਤੰਤਰ 'ਤੇ ਪੈਂਦਾ ਹੈ।
- ਭੋਜਨ ਉਦੋਂ ਹੀ ਕਰੋ ਜਦੋਂ ਤੁਹਾਨੰ ਭੁੱਖ ਲੱਗੇ ਅਤੇ ਭੁੱਖ ਤੋਂ ਅੱਧਾ ਖਾਣਾ ਹੀ ਖਾਓ।
- ਸਵੇਰੇ ਖਾਲੀ ਪੇਟ ਇੱਕ ਵੱਡਾ ਗਿਲਾਸ ਨਿੰਘਾ ਨੀਂਬੂ ਪਾਣੀ ਦਾ ਪੀਓ, ਇਸ ਨਾਲ ਲਿਵਰ ਤਾਂ ਸਾਫ ਹੋਵੇਗਾ ਹੀ, ਪਾਚਣ ਤੰਤਰ ਦੀ ਸੁਧਰੇਗਾ।
- ਚੰਗੀ ਮਾਤਰਾ 'ਚ ਤਾਜ਼ੇ ਫਲ ਅਤੇ ਹਰੀਆਂ ਪੱਤੇਦਾਰ ਸਬਜ਼ੀਆਂ ਅਤੇ ਫਲਾਂ ਦਾ ਜੂਸ ਪੀਓ।
- ਹਰ ਰੋਜ਼ 6-7 ਲਸਣ ਦੀਆਂ ਕਲੀਆਂ ਖਾਓ। ਇਸ ਨਾਲ ਲਿਵਰ ਸ਼ੁੱਧ ਹੁੰਦਾ ਹੈ।
- ਸਿਹਤਮੰਦ ਲਿਵਰ ਲਈ ਰੋਜ਼ਾਨਾ ਕਸਰਤ ਕਰੋ ਜਿਸ ਨਾਲ ਪਸੀਨਾ ਨਿਕਲੇ, ਪਸੀਨਾ ਨਿੱਕਲਣ ਨਾਲ ਸਰੀਰ ਦੀ ਸਫ਼ਾਈ ਹੰਦੀ ਹੈ, ਅਜਿਹਾ ਹੋਣ ਨਾਲ ਲਿਵਰ 'ਤੇ ਘੱਟ ਜ਼ੋਰ ਪੈਂਦਾ ਹੈ।
- ਦੌੜ, ਸਾਈਕਲਿੰਗ, ਬਾਹਰ ਗ੍ਰਾਊਂਡ 'ਚ ਖੇਡਣਾ ਖ਼ਾਸ ਕਰ ਐਕਸਰਸਾਈਜ਼ ਚੁਣੋ।

• ਹਰਪ੍ਰੀਤ ਸਿੰਘ ਬਰਾੜ

# ਆਓ ਬਣਾਈਏ ਤੰਬਾਕੂ ਮੁਕਤ ਸਮਾਜ

ਭਾਰਤ ਪੂਰੀ ਦੁਨੀਆ ਵਿਚੋਂ ਤੰਬਾਕੂ ਦਾ ਦੂਜਾ ਸਭ ਤੋਂ ਵੱਡਾ ਉਪਭੋਗਤਾ, ਅਮਰੀਕਾ ਅਤੇ ਚੀਨ ਤੋਂ ਬਾਅਦ ਤੀਜਾ ਸਭ ਤੋਂ ਵੱਡਾ ਉਤਪਾਦਕ ਦੇਸ਼ ਹੈ। ਭਾਰਤ ਵਿੱਚ ਤੰਬਾਕੂ ਦਾ ਪੌਦਾ ਪੁਰਤਗਾਲੀਆਂ ਦੁਆਰਾ ਸੰਨ 1608 ਈ. ਵਿੱਚ ਲਿਆਂਦਾ ਗਿਆ ਅਤੇ ਬਾਅਦ ਵਿੱਚ ਇਸਦੀ ਖੇਤੀ ਪੂਰੇ ਦੇਸ਼ ਵਿੱਚ ਫੈਲ ਗਈ। ਅੰਕੜਿਆ ਅਨੁਸਾਰ ਭਾਰਤ ਵਿਚ 35 ਫ਼ੀਸਦੀ ਤੋਂ ਜ਼ਿਆਦਾ ਬਾਲਗ ਤੰਬਾਕੂ ਦਾ ਸੇਵਨ ਕਰਦੇ ਹਨ। ਤੰਬਾਕੂ ਉਤਪਾਦਾਂ ਦਾ ਸੇਵਨ ਅਨੇਕ ਰੂਪਾਂ ਵਿੱਚ ਕੀਤਾ ਜਾਂਦਾ ਹੈ ਜਿਵੇਂ ਕਿ ਬੀੜੀ, ਸਿਗਰਟ, ਗੁਟਖਾ, ਜ਼ਰਦਾ, ਖੈਨੀ, ਹੁੱਕਾ, ਚਿਲਮ ਆਦਿ। ਤੰਬਾਕੂ ਇੱਕ ਧੀਮੀ ਗਤੀ ਦਾ ਜ਼ਹਿਰ ਹੈ ਜੋ ਸੇਵਨ ਕਰਨ ਵਾਲੇ ਨੂੰ ਹੌਲੀ ਹੌਲੀ ਮੌਤ ਦੀ ਗ੍ਰਿਫਤ ਵਿੱਚ ਜਕੜ ਲੈਂਦਾ ਹੈ। ਭਾਰਤ ਵਿੱਚ ਸਿਗਰਟ ਨਾਲੋਂ ਬੀੜੀ ਜ਼ਿਆਦਾ ਪੀਤੀ ਜਾਂਦੀ ਹੈ। ਤਕਰੀਬਨ 48 ਫ਼ੀਸਦੀ ਮਰਦ ਅਤੇ 20 ਫ਼ੀਸਦੀ ਔਰਤਾਂ ਤੰਬਾਕੂ ਦਾ ਸੇਵਨ ਕਰਦੀਆਂ ਹਨ। 4000 ਤੋਂ ਜ਼ਿਆਦਾ ਵਿਭਿੰਨ ਪ੍ਰਕਾਰ ਦੇ ਰਸਾਇਣ ਤੰਬਾਕੂ ਅਤੇ ਤੰਬਾਕੂ ਵਿੱਚ ਪਾਏ ਜਾਂਦੇ ਹਨ। ਆਈਏਆਰਸੀ ਦੁਆਰਾ ਕੀਤੇ ਗਈ ਕੈਂਸਰ ਖੋਜ ਵਿੱਚ ਇਹਨਾਂ ਰਸਾਇਣਾਂ ਵਿੱਚ 60 ਨੂੰ ਕਾਰਸੀਨੋਜਨ (ਕੈਂਸਰ ਪੈਦਾ ਕਰਨ ਵਾਲੇ ਏਜੇਂਟ) ਦੇ ਰੂਪ ਵਿੱਚ ਵਰਗੀਕ੍ਰਿਤ ਕੀਤਾ ਗਿਆ ਹੈ। ਤੰਬਾਕੂ ਵਿੱਚ ਨਿਕੋਟੀਨ ਹੁੰਦਾ ਹੈ ਜਿਹੜਾ ਕਿ ਬਹੁਤ ਨਸ਼ੀਲਾ ਰਸਾਇਣ ਹੈ।ਤੰਬਾਕੂ ਦੇ ਸੇਵਨ ਕਾਰਨ ਗਲੇ-ਮੂੰਹ ਦੇ ਕੈਂਸਰ, ਦਮਾ, ਚਮੜੀ ਦੇ ਰੋਗ, ਦਿਲ ਦੀਆਂ ਬਿਮਾਰੀਆਂ, ਅੰਨ੍ਹਾ/ਬੋਲਾਪਣ, ਫੇਫੜਿਆਂ ਦੇ ਰੋਗ, ਪੇਟ ਦੇ ਅਲਸਰ, ਐਸੀਡਿਟੀ ਅਤੇ ਦੰਦ ਮਸੂੜਿਆਂ ਦੀਆਂ ਬਿਮਾਰੀਆਂ ਆਦਿ। ਮਰਦਾਂ ਵਿੱਚ ਸਭ ਤਰ੍ਹਾਂ ਦੇ ਕੈਂਸਰਾਂ ਦਾ ਲਗਭਗ 45 ਫ਼ੀਸਦੀ ਅਤੇ ਔਰਤਾਂ ਵਿੱਚ 17 ਫ਼ੀਸਦੀ ਮੂੰਹ ਦਾ ਕੈਂਸਰ ਹੈ ਅਤੇ 80 ਫ਼ੀਸਦੀ ਤੋਂ ਜ਼ਿਆਦਾ ਮੂੰਹ ਦਾ ਕੈਂਸਰ ਤੰਬਾਕੂ ਦੀ ਵਰਤੋਂ ਕਾਰਨ ਹੁੰਦਾ ਹੈ। 2010 ਵਿੱਚ ਭਾਰਤ ਵਿੱਚ ਤੰਬਾਕੂ ਨਾਲ ਸਬੰਧਤ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਲਗਭਗ 1.2 ਲੱਖ ਸੀ। ਐੱਨ.ਐੱਸ.ਐੱਸ.ਓ. ਦੇ ਸਰਵੇ ਵਿੱਚ ਹੈਰਾਨੀਜਨਕ ਤੱਥ ਸਾਹਮਣੇ ਆਇਆ ਹੈ ਕਿ ਰੋਜ਼ਾਨਾ ਤਕਰੀਬਨ 5500 ਨਵੇਂ ਲੋਕ ਤੰਬਾਕੂ ਦੇ ਸੇਵਨ ਨਾਲ ਜੁੜ ਰਹੇ ਹਨ। ਬਹੁਤੇ ਲੋਕ ਚੜ੍ਹਦੀ ਉਮਰ ਵਿੱਚ ਤੰਬਾਕੂ ਪਦਾਰਥਾਂ ਦਾ ਸ਼ੌਕੀਆ ਸੇਵਨ ਸ਼ੁਰੂ ਕਰਦੇ ਹਨ ਅਤੇ ਕਦੋਂ ਇਹ ਸ਼ੌਕ ਲਤ ਜਾਂ ਆਦਤ 'ਚ ਬਦਲ ਜਾਂਦਾ ਹੈ, ਉਹਨਾਂ ਨੂੰ ਪਤਾ ਤਕ ਨਹੀਂ ਲੱਗਦਾ।



ਸੰਸਾਰ ਦੇ ਬਹੁਤੇ ਦੇਸ਼ਾਂ ਦੇ ਵਾਂਗ ਸਾਡੇ ਦੇਸ਼ ਵਿੱਚ ਵੀ ਜਨਤਕ ਥਾਵਾਂ 'ਤੇ ਤੰਬਾਕੂ ਦੀ ਵਰਤੋਂ ਕਰਨ ਤੋਂ ਰੋਕਣ ਲਈ ਕਾਨੂੰਨ ਬਣਾਇਆ ਗਿਆ ਤਾਂ ਕਿ ਇਸ ਦੀ ਮਾਰ ਤੋਂ ਬਚਿਆ ਜਾ ਸਕੇ। ਲੋਕਾਂ ਨੂੰ ਜਾਗਰੂਕ ਕਰਨ ਲਈ ਤੰਬਾਕੂ ਪਦਾਰਥਾਂ 'ਤੇ ਇਸ ਦੇ ਹਾਨੀਕਾਰਕ ਪ੍ਰਭਾਵ ਦਰਸਾਉਣ ਵਾਲੀ ਚੇਤਾਵਨੀ, ਚਿੱਤਰ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ।

ਸੰਸਾਰ ਵਿਚ ਦਸ ਮੌਤਾਂ ਵਿੱਚੋਂ ਇਕ ਮੌਤ ਸਿਗਰਟਨੋਸ਼ੀ ਕਾਰਨ ਹੁੰਦੀ ਹੈ। ਸਿਗਰਟਨੋਸ਼ੀ ਕਰਦੇ ਸਮੇਂ ਉਸ ਦੇ ਨਜ਼ਦੀਕ ਬੈਠੇ ਲੋਕਾਂ 'ਤੇ ਵੀ ਇਸਦੇ ਧੂੰਏਂ ਦਾ ਮਾੜਾ ਅਸਰ ਪੈਂਦਾ ਹੈ। ਸਿਗਰਟਨੋਸ਼ੀ ਕਰਨ ਵਾਲੇ ਦੀ ਸੰਗਤ ਵਿਚ ਧੂੰਏਂ ਦੀ ਲਪੇਟ 'ਚ ਆਉਣ ਨੂੰ ਪੈਸਿਵ ਸਮੋਕਿੰਗ ਜਾਂ ਸੈਕਿੰਡ ਹੈਂਡ ਸਮੋਕਿੰਗ ਕਿਹਾ ਜਾਂਦਾ ਹੈ। ਪੈਸਿਵ ਸਮੋਕਿੰਗ ਸਦਕਾ ਵੀ ਫੇਫੜਿਆਂ ਦਾ ਕੈਂਸਰ ਹੋਣ ਦਾ 20 ਤੋਂ 30 ਫ਼ੀਸਦੀ ਜ਼ੋਖਮ ਹੁੰਦਾ ਹੈ।

ਸੰਸਾਰ ਪੱਧਰ 'ਤੇ ਲੋਕਾਂ ਨੂੰ ਤੰਬਾਕੂ ਦੇ ਸੇਵਨ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਉਣ ਅਤੇ ਲੋਕਾਂ ਨੂੰ ਤੰਬਾਕੂ ਦੀ ਵਰਤੋਂ ਛੱਡਣ ਲਈ ਪ੍ਰੇਰਿਤ ਕਰਨ ਦੇ ਮਨੋਰਥ ਨਾਲ 31 ਮਈ ਨੂੰ ਕੌਮਾਂਤਰੀ ਤੰਬਾਕੂਮੁਕਤ ਦਿਹਾੜਾ ਮਨਾਇਆ ਜਾਂਦਾ ਹੈ।

• ਗੋਬਿੰਦਰ ਸਿੰਘ ਢੀਂਡਸਾ
ਮੋਬਾਈਲ :92560-66000

# ਬੇਹੱਦ ਕਾਰਗਰ ਇਲਾਜ ਪ੍ਰਣਾਲੀ ਹੈ ਇਲੈਕਟ੍ਰੋ-ਹੋਮਿਓਪੈਥੀ

ਮਹੱਤਵਪੂਰਣ ਸਵਾਲ ਹੈ ਕਿ ਇਲੈਕਟ੍ਰੋ-ਹੋਮਿਓਪੈਥੀ ਦੀ ਖੋਜ ਕਰਨ ਦੀ ਲੋੜ ਕਿਉਂ ਪਈ ਜਦੋ ਕਿ ਇਸ ਤੋਂ ਪਹਿਲਾਂ ਕਿੰਨੀਆਂ ਹੀ ਇਲਾਜ ਪ੍ਰਣਾਲੀਆਂ ਕੰਮ ਕਰ ਰਹੀਆਂ ਹਨ। ਅੱਜ ਹਰ ਵਰਗ ਭਿਆਨਕ ਤੋਂ ਭਿਆਨਕ ਰੋਗਾਂ ਨਾਲ ਗ੍ਰਸਤ ਹੈ। ਹਸਪਤਾਲ ਵਿੱਚ ਮਰੀਜ਼ਾਂ ਦੀਆਂ ਲੰਬੀਆਂ ਲੰਬੀਆਂ ਲਾਈਨਾਂ ਲੱਗੀਆਂ ਹੋਈਆਂ ਹਨ। ਇਸ ਵਿਸ਼ੇ ਨੂੰ ਘੋਖਣ ਦੀ ਲੋੜ ਹੈ। ਭਾਵੇਂ ਮੈਡੀਕਲ ਸਾਇੰਸ ਨੇ ਬਹੁਤ ਹੀ ਤਰੱਕੀ ਕੀਤੀ ਹੈ ਪਰ ਨਾਲ ਦੀ ਨਾਲ ਕੁਦਰਤ ਦੇ ਨਿਯਮਾਂ ਨੂੰ ਤੋੜਕੇ ਕੁਦਰਤ ਨੂੰ ਆਪਣੇ ਵੱਸ ਵਿੱਚ ਕਰਨ ਦੀ ਕੋਸ਼ਿਸ਼ ਵੀ ਕੀਤੀ ਹੈ ਜਿਸ ਦਾ ਖ਼ਾਮਿਆਜ਼ਾ ਅੱਜ ਪੂਰਾ ਵਿਸ਼ਵ ਭੁਗਤ ਰਿਹਾ ਹੈ।

ਗੁਰਬਾਣੀ 'ਚ ਵੀ ਲਿਖਿਆ ਹੈ ਕਿ ਹਵਾ, ਪਾਣੀ ਤੇ ਧਰਤੀ ਤੋਂ ਬਿਨਾ ਜੀਵਨ ਨਹੀਂ ਹੈ ਪਰ ਅੱਜ ਦੇ ਵਿਗਿਆਨ ਨੇ ਇਨ੍ਹਾਂ ਤਿੰਨਾਂ ਨੂੰ ਹੀ ਬੇਹੱਦ ਗੰਧਲਾ ਅਤੇ ਜ਼ਹਿਰੀਲਾ ਬਣਾ ਦਿੱਤਾ ਹੈ। ਮਨੁੱਖੀ ਸਰੀਰ ਦਾ ਇਲਾਜ ਕਰਨ ਲਈ ਬਣੀਆਂ ਦਵਾਈਆਂ ਪੂਰੀ ਤਰ੍ਹਾਂ ਨਾਲ ਰਸਾਇਣ, ਅਲਕੋਹਲ ਅਤੇ ਜਾਨਵਰਾਂ ਦੀਆਂ ਜ਼ਹਿਰਾਂ ਦੇ ਪ੍ਰਭਾਵ ਹੇਠ ਤਿਆਰ ਕੀਤੀਆਂ ਜਾਂਦੀਆਂ ਹਨ ਜਿਸ ਕਾਰਨ ਮਨੁੱਖੀ ਸਰੀਰਕ ਅੰਗ ਅੰਦਰੋਂ ਬਿਲਕੁਲ ਨਾਕਾਰਾ ਹੋ ਚੁੱਕੇ ਹਨ। ਜੋ ਜ਼ਹਿਰ ਸਰੀਰ ਅੰਦਰ ਇਕੱਠੀ ਹੁੰਦੀ ਹੈ, ਉਹ ਬਾਹਰ ਕੱਢਣ ਦੀ ਸਮਰੱਥਾ ਗੁਵਾ ਚੁਕੇ ਹਨ ਜਿਵੇਂ ਕਿ ਗੁਰਦਿਆਂ ਦਾ ਕਮਜ਼ੋਰ ਹੋ ਜਾਣਾ, ਲੀਵਰ ਦਾ ਪੂਰਾ ਕੰਮ ਨਾ ਕਰਨਾ, ਬਲੱਡ ਦਾ ਗੰਦਾ ਹੋ ਜਾਣਾ, ਅੰਤੜੀਆਂ ਦੇ ਠੀਕ ਕੰਮ ਨਾ ਕਰਕੇ ਕਬਜ਼ ਦਾ ਰਹਿਣਾ ਆਦਿ। ਕਿਉਂਕਿ ਬਿਮਾਰੀ ਨੂੰ ਠੀਕ ਕਰਨ ਲਈ ਸਾਰੀਆਂ ਹੀ ਦਵਾਈਆਂ ਸਰੀਰ ਦੇ ਅੰਦਰੂਨੀ ਅੰਗਾਂ 'ਤੇ ਕੈਮੀਕਲ ਕੰਮ ਕਰਦੀਆਂ ਜਿਸ ਦੇ ਕਾਰਨ ਮਨੁੱਖੀ ਸਰੀਰ ਦੀ ਬਿਮਾਰੀਆਂ ਨਾਲ ਲੜਨ ਦੀ ਤਾਕਤ ਬਿਲਕੁਲ ਵੀ ਨਹੀਂ ਰਹੀ ਅਤੇ ਅੱਜ ਦੇ ਸਮੇਂ ਛੋਟੀ ਤੋਂ ਛੋਟੀ ਬਿਮਾਰੀ ਵੀ ਠੀਕ ਨਾ ਹੋ ਕੇ ਗੰਭੀਰ ਰੂਪ ਲੈ ਰਹੀ ਹੈ।

ਇਸੇ ਲਈ ਸਮੇਂ ਦੀ ਲੋੜ ਅਨੁਸਾਰ ਇਲੈਕਟ੍ਰੋ-ਹੋਮਿਓਪੈਥੀ ਇਲਾਜ ਪ੍ਰਣਾਲੀ ਦੀ ਖੋਜ ਕਰਨ ਦੀ ਲੋੜ ਮਹਿਸੂਸ ਹੋਈ ਕਿਉਂਕਿ ਇਲੈਕਟ੍ਰੋ - ਹੋਮਿਓਪੈਥੀ ਇਲਾਜ ਪ੍ਰਣਾਲੀ ਵਿੱਚ ਸਾਰੀਆਂ ਦਵਾਈਆਂ ਨੂੰ ਰਸਾਇਣ ਅਤੇ ਜਾਨਵਰਾਂ ਦੀਆਂ ਜ਼ਹਿਰਾਂ ਤੋਂ ਬਿਨਾਂ ਸਿਰਫ ਕੁਦਰਤ ਦੀ ਗੋਦ ਵਿੱਚ ਪੈਦਾ ਹੋਈ ਬਨਸਪਤੀ ਵਰਗ ਤੋਂ ਤਿਆਰ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਨੂੰ ਬਣਾਉਣ ਦਾ ਤਰੀਕਾ ਵੀ ਕੁਦਰਤ ਦੇ ਨਿਯਮਾ ਦੇ ਅਨੁਸਾਰ ਬਿਨਾ ਕਿਸੇ ਕੈਮੀਕਲ ਜਾਂ ਅਲਕੋਹਲ ਦਾ ਸਹਾਰਾ ਲਿਆਂ ਦਵਾਈਆ ਤਿਆਰ ਕੀਤੀਆਂ ਜਾਂਦੀਆਂ ਹਨ। ਜੋ ਕਿ ਮਨੁੱਖੀ ਸਰੀਰ ਵਿੱਚ ਬਲੱਡ ਅਤੇ ਲਿਫ ਨੂੰ ਸਾਫ ਕਰਕੇ ਨਰਵਸ ਸਿਸਟਮ ਨੂੰ ਤਾਕਤ ਦੇ ਕੇ ਸਰੀਰ ਨੂੰ ਬਿਮਾਰੀਆਂ ਨਾਲ ਲੜਨ ਦੀ ਤਾਕਤ ਦਿੰਦੀਆਂ ਹਨ। ਬੇਕਾਰ ਹੋ ਚੁੱਕੇ ਸੈੱਲਾਂ ਨੂੰ ਸਰੀਰ ਵਿੱਚੋਂ ਬਾਹਰ ਕੱਢਣ ਦਾ ਕੰਮ ਕਰਦੀਆਂ ਹਨ ਅਤੇ ਨਵੇਂ ਸੈੱਲ ਪੈਦਾ ਕਰਦੀਆਂ ਹਨ। ਸਰੀਰ ਦੇ ਇਮਿਊਨਟੀ ਸਿਸਟਮ ਨੂੰ ਵਧਾਉਂਦੀਆਂ ਹਨ ਅਤੇ ਸਰੀਰ ਨੂੰ ਤੰਦਰੁਸਤ ਰੱਖਦੀਆਂ ਹਨ। ਇਨ੍ਹਾਂ ਦਵਾਈਆਂ ਨਾਲ ਹਰ ਛੋਟੀ ਤੋਂ ਛੋਟੀ ਬਿਮਾਰੀ ਤੋਂ ਲੈ ਕਿ ਕੈਂਸਰ ਤਕ ਦਾ ਇਲਾਜ ਬਿਨਾ ਕਿਸੇ ਨੁਕਸਾਨ ਕੀਤਾ ਜਾਂਦਾ ਹੈ। ਇਲੈਕਟ੍ਰੋ-ਹੋਮਿਓਪੈਥੀ ਦਵਾਈਆ ਨਵੇਂ ਰੋਗਾਂ ਵਿੱਚ ਬਹੁਤ ਤੇਜ਼ੀ ਨਾਲ ਅਸਰ ਕਰ ਕੇ ਮਰੀਜ਼ ਦੀ ਤਕਲੀਫ ਘਟਾਉਂਦੀਆ ਹਨ। ਜੋ ਲੋਕ ਇਲੈਕਟ੍ਰੋ-ਹੋਮਿਓਪੈਥੀ ਦਵਾਈਆਂ ਨਾਲ ਆਪਣਾ ਇਲਾਜ ਕਰਾਉਂਦੇ ਹਨ, ਉਹ ਕਦੇ ਵੀ ਭਿਆਨਕ ਬਿਮਾਰੀਆਂ ਦੀ ਚਪੇਟ ਵਿਚ ਨਹੀਂ ਆਉਂਦੇ।





ਦੂਜੀਆਂ ਇਲਾਜ ਪ੍ਰਣਾਲੀਆਂ ਵਿੱਚ ਦਵਾਈ ਨੂੰ ਲੰਬਾ ਸਮਾਂ ਵਰਤਿਆ ਜਾਵੇ ਤਾਂ ਫਾਇਦਾ ਹੋਣ ਦੀ ਥਾਂ ਨੁਕਸਾਨ ਹੋਣ ਲੱਗ ਜਾਂਦਾ ਹੈ। ਇਸ ਤੋਂ ਉਲਟ ਇਲੈਕਟ੍ਰੋ-ਹੋਮਿਓਪੈਥੀ ਦਵਾਈਆ ਨੂੰ ਲੰਬਾ ਸਮਾਂ ਵਰਤਣ ਨਾਲ ਰੋਗ ਜੜ੍ਹੋਂ ਠੀਕ ਕੀਤਾ ਜਾਂਦਾ ਹੈ। ਬਿਮਾਰੀ ਦੀ ਜੜ੍ਹ ਚਾਹੇ ਉਹ ਕਿੰਨੀ ਵੀ ਬਰੀਕ ਤੋ ਬਰੀਕ ਸੈੱਲਾਂ ਤਕ ਪਹੁੰਚ ਗਈ ਹੋਵੇ, ਇਲੈਕਟ੍ਰੋ-ਹੋਮਿਓਪੈਥੀ ਦਵਾਈਆਂ ਰੋਗ ਨੂੰ ਜੜ੍ਹ ਤੋਂ ਖ਼ਤਮ ਕਰ ਦਿੰਦੀਆਂ ਹਨ।

ਦੂਜੀਆਂ ਇਲਾਜ ਪ੍ਰਣਾਲੀਆਂ ਵਿੱਚ ਕੁਝ ਬਿਮਾਰੀਆਂ ਨੂੰ ਇਸ ਕਰਕੇ ਲਾਇਲਾਜ ਕਹਿ ਦਿੰਦੇ ਹਨ ਕਿ ਇਨ੍ਹਾਂ ਦਾ ਅਪਰੇਸ਼ਨ ਤੋ ਬਿਨਾਂ ਕੋਈ ਇਲਾਜ ਨਹੀਂ ਹੈ। ਪਰ ਇਲੈਕਟ੍ਰੋ-ਹੋਮਿਓਪੈਥੀ ਇਲਾਜ ਪ੍ਰਣਾਲੀ ਵਿੱਚ ਉਨ੍ਹਾਂ ਸਾਰੀਆਂ ਹੀ ਬਿਮਾਰੀਆਂ ਦਾ ਇਲਾਜ ਬਿਨਾ ਅਪਰੇਸ਼ਨ ਕੀਤਾ ਜਾਂਦਾ ਹੈ ਜਿਵੇਂ ਕਿ ਬਵਾਸੀਰ ਦੇ ਮੋਹਕੇ, ਛਾਤੀ ਅਤੇ ਬੱਚੇਦਾਨੀ ਦੀਆਂ ਰਸੌਲੀਆਂ, ਜੜ੍ਹ ਵਾਲਾ ਫੋੜਾ ਅਤੇ ਹੱਡੀ ਦੀ ਰਸੌਲੀ, ਗੁਰਦੇ ਅਤੇ ਪਿੱਤੇ ਦੀ ਪਥਰੀ, ਅਪੈਂਡੇਕਸ, ਲਿਵਰ ਅਤੇ ਖਾਣੇ ਵਾਲੀ ਨਾਲੀ ਦਾ ਕੈਂਸਰ ਅਤੇ ਹੋਰ ਭਿਆਨਿਕ ਬਿਮਾਰੀਆਂ ਆਦਿ। ਜੇਕਰ ਕੋਈ ਬਿਮਾਰੀ ਆਖ਼ਰੀ ਸਟੇਜ ਵਿੱਚ ਪਹੁੱਚ ਗਈ ਹੋਵੇ ਤਾਂ ਵੀ ਮਰੀਜ਼ ਨੂੰ ਤਕਲੀਫ ਘੱਟਣੀ ਸ਼ੁਰੂ ਹੋ ਜਾਂਦੀ ਹੈ ਅਤੇ ਮਰੀਜ਼ ਦੀ ਜ਼ਿੰਦਗੀ ਅਰਾਮਦਾਇਕ ਅਤੇ ਲੰਬੀ ਹੋ ਜਾਂਦੀ ਹੈ।

ਜੇਕਰ ਇਲੈਕਟ੍ਰੋ-ਹੋਮਿਓਪੈਥੀ ਦਵਾਈਆ ਗਰਭਵਤੀ ਔਰਤਾਂ ਨੂੰ ਗਰਭ ਦੇ ਦੌਰਾਨ ਦਿੱਤੀਆਂ ਜਾਣ ਤਾਂ ਮਾਤਾ-ਪਿਤਾ ਤੋਂ (ਜੱਦੀ-ਪੁਸ਼ਤੀ) ਬਿਮਾਰੀਆਂ ਉਨ੍ਹਾਂ ਤੋਂ ਪੈਦਾ ਹੋਣ ਵਾਲੇ ਬੱਚਿਆਂ ਨੂੰ ਨਹੀਂ ਹੁੰਦੀਆਂ ਜਦੋਂ ਕਿ ਦੂਜੀਆਂ ਇਲਾਜ ਪ੍ਰਣਾਲੀਆਂ ਵਿੱਚ ਇਹ ਸੁਵਿਧਾ ਨਹੀਂ ਹੈ।

ਇਲੈਕਟ੍ਰੋ-ਹੋਮਿਓਪੈਥੀ ਦਵਾਈਆਂ ਕਮਜ਼ੋਰ ਤੋਂ ਕਮਜ਼ੋਰ ਮਰੀਜ਼ ਨੂੰ ਭਾਵੇਂ ਉਹ ਦੁੱਧ ਮੂੰਹਾਂ ਬੱਚਾ, ਬੁੱਢਾ ਜਾਂ ਫਿਰ ਬੇਹੋਸ਼ ਹੀ ਕਿਉਂ ਨਾ ਹੋਵੇ, ਬੜੇ ਅਰਾਮ ਨਾਲ ਦਿੱਤੀਆਂ ਜਾ ਸਕਦੀਆਂ ਹਨ ਕਿਉਂਕਿ ਇਹ ਸਵਾਦਲੀਆਂ ਹਨ ਅਤੇ ਪ੍ਰਯੋਗ ਕਰਨ ਵਿੱਚ ਆਸਾਨ ਹਨ। ਜਦੋਂ ਕੋਈ ਰੋਗ ਭਿਆਨਿਕ ਰੂਪ ਧਾਰਨ ਕਰ ਲਵੇ ਜਾਂ ਮਰੀਜ਼ ਦੀ ਜਾਨ ਨੂੰ ਖਤਰਾ ਹੋਵੇ ਤਾਂ ਉਸ ਦੀ ਜਾਨ ਬਚਾਉਣ ਲਈ ਇਲੈਕਟ੍ਰੋ- ਹੋਮਿਓਪੈਥੀ ਦੁਵਾਈਆਂ 5,5 ਜਾਂ 10, 10 ਮਿੰਟ ਦੇ ਫ਼ਰਕ ਨਾਲ ਦੇ ਕੇ ਮਰੀਜ਼ ਦੀ ਜਾਨ ਬਚਾਈ ਦਾ ਸਕਦੀ ਹੈ। ਮਾਹਵਾਰੀ ਨਾਲ ਫੈਲਣ ਵਾਲੀਆਂ ਬਿਮਾਰੀਆਂ ਨੂੰ ਇੰਨ੍ਹਾਂ ਦਵਾਈਆਂ ਨਾਲ ਰੋਕਿਆ ਜਾ ਸਕਦਾ ਹੈ ਜਿਵੇ ਕਿ ਮਲੇਰੀਆ ਅਤੇ ਡੇਂਗੂ ਬੁਖ਼ਾਰ, ਚਿਕਨ ਪੋਕਸ, ਧਸਲ, ਹੈਜਾ, ਪੇਚਿਸ਼ ਅਤੇ ਫਲੂ ਆਦਿ।

• ਡਾ. ਜਸਵੰਤ
ਐੱਮ. ਡੀ. ਈ. ਐੱਚ.
98151-31444

***ਗੁਰਬਾਣੀ 'ਚ ਲਿਖਿਆ ਹੈ ਕਿ ਹਵਾ, ਪਾਣੀ ਤੇ ਧਰਤੀ ਤੋਂ ਬਿਨਾਂ ਜੀਵਨ ਨਹੀਂ ਹੈ ਪਰ ਅੱਜ ਦੇ ਵਿਗਿਆਨ ਨੇ ਇਨ੍ਹਾਂ ਤਿੰਨਾਂ ਨੂੰ ਹੀ ਬੇਹੱਦ ਗੰਧਲਾ ਅਤੇ ਜ਼ਹਿਰੀਲਾ ਬਣਾ ਦਿਤਾ ਹੈ। ਜੋ ਮਨੁੱਖ ਲਈ ਹਾਨੀਕਾਰਕ ਹੈ...***

# 9 ਜੁਲਾਈ ਨੂੰ ਖ਼ਤਮ ਹੋ ਰਹੀ 90 ਦਿਨਾਂ ਦੀ ਮਿਆਦ 'ਚ ਵਾਧਾ ਨਹੀਂ ਹੋਵੇਗਾ: ਟਰੰਪ

**ਵਾਸ਼ਿੰਗਟਨ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ US Tariff ਦੇ ਅਮਲ 'ਤੇ ਲੱਗੀ 90 ਦਿਨਾਂ ਦੀ ਰੋਕ ਦੀ ਮਿਆਦ ਨੂੰ 9 ਜੁਲਾਈ ਤੋਂ ਅੱਗੇ ਵਧਾਉਣ ਦੀ ਉਨ੍ਹਾਂ ਦੀ ਕੋਈ ਯੋਜਨਾ ਨਹੀਂ ਹੈ ਕਿਉਂਕਿ ਇਸ ਤਰੀਕ ਨੂੰ ਉਨ੍ਹਾਂ ਵੱਲੋਂ ਨਿਰਧਾਰਿਤ ਗੱਲਬਾਤ ਦੀ ਮਿਆਦ ਸਮਾਪਤ ਹੋ ਜਾਵੇਗੀ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ 9 ਜੁਲਾਈ ਮਗਰੋਂ ਉਨ੍ਹਾਂ ਦਾ ਪ੍ਰਸ਼ਾਸਨ ਮੁਲਕਾਂ ਨੂੰ ਸੂਚਿਤ ਕਰੇਗਾ ਕਿ ਇਹ ਟੈਕਸ ਉਦੋਂ ਤੱਕ ਅਮਲ ਵਿਚ ਰਹਿਣਗੇ ਜਦੋਂ ਤੱਕ ਅਮਰੀਕਾ ਨਾਲ ਕੋਈ ਸਮਝੌਤਾ ਨਹੀਂ ਹੋ ਜਾਂਦਾ।

ਅਮਰੀਕੀ ਸਦਰ ਨੇ ਕਿਹਾ ਕਿ ਨਿਰਧਾਰਿਤ ਮਿਆਦ ਮੁੱਕਣ ਤੋਂ ਪਹਿਲਾਂ ਹੀ ਚਿੱਠੀ ਪੱਤਰ ਭੇਜਣੇ ਸ਼ੁਰੂ ਹੋ ਜਾਣਗੇ। ਟਰੰਪ ਨੇ ਫੌਕਸ ਨਿਊਜ਼ ਚੈਨਲ ਦੇ 'ਸੰਡੇ ਮਾਰਨਿੰਗ ਫਿਊਚਰਜ਼' ਪ੍ਰੋਗਰਾਮ ਲਈ ਸ਼ੁੱਕਰਵਾਰ ਨੂੰ ਰਿਕਾਰਡ ਕੀਤੀ ਤੇ ਐਤਵਾਰ ਨੂੰ ਪ੍ਰਸਾਰਿਤ ਇੰਟਰਵਿਊ ਵਿਚ ਕਿਹਾ, "ਅਸੀਂ ਦੇਖਾਂਗੇ ਕਿ ਕੋਈ ਮੁਲਕ ਨਾਲ ਸਾਡੇ ਨਾਲ ਕਿਹੋ ਜਿਹਾ ਵਿਹਾਰ ਕਰਦਾ ਹੈ- ਕੀ ਉਹ ਚੰਗੇ ਹਨ, ਕੀ ਉਹ ਇੰਨੇ ਚੰਗੇ ਨਹੀਂ ਹਨ- ਕੁਝ ਮੁਲਕਾਂ ਬਾਰੇ ਅਸੀਂ ਪ੍ਰਵਾਹ ਨਹੀਂ ਕਰਦੇ, ਅਸੀਂ ਬੱਸ ਉੱਚ ਟੈਕਸ ਦਾ ਪੱਤਰ ਭੇਜਾਂਗੇ।"

ਟਰੰਪ ਨੇ ਕਿਹਾ ਕਿ ਉਨ੍ਹਾਂ ਚਿੱਠੀ ਪੱਤਰਾਂ ਵਿਚ ਲਿਖਿਆ ਹੋਵੇਗਾ, "ਵਧਾਈ ਹੋਵੇ, ਅਸੀਂ ਤੁਹਾਨੂੰ ਅਮਰੀਕਾ ਵਿਚ (ਆਪਣਾ ਸਾਮਾਨ) ਵੇਚਣ ਦੀ ਇਜਾਜ਼ਤ ਦੇ ਰਹੇ ਹਾਂ, ਤੁਹਾਨੂੰ 25 ਫੀਸਦ ਟੈਕਸ, ਜਾਂ 35 ਫੀਸਦ ਜਾਂ 50 ਫੀਸਦ ਜਾਂ 10 ਫੀਸਦ ਦਾ ਭੁਗਤਾਨ ਕਰਨਾ ਹੋਵੇਗਾ।" ਟਰੰਪ ਨੇ ਵ੍ਹਾਈਟ ਹਾਊਸ ਵਿਚ ਇਕ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਹਰੇਕ ਦੇਸ਼ ਨਾਲ ਵੱਖਰੇ ਤੌਰ 'ਤੇ ਵਪਾਰ ਸਮਝੌਤਾ ਸਿਰੇ ਚੜ੍ਹਨਾ ਕਿੰਨਾ ਮੁਸ਼ਕਲ ਹੋਵੇਗਾ। ਪ੍ਰਸ਼ਾਸਨ ਨੇ 90 ਦਿਨਾਂ ਵਿੱਚ 90 ਵਪਾਰਕ ਸੌਦੇ ਕਰਨ ਦਾ ਟੀਚਾ ਮਿੱਥਿਆ ਸੀ। ਉਨ੍ਹਾਂ ਇੰਟਰਵਿਊ ਦੌਰਾਨ ਕਿਹਾ, "ਗੱਲਬਾਤ ਚੱਲ ਰਹੀ ਹੈ, ਪਰ 200 ਦੇਸ਼ ਹਨ, ਤੁਸੀਂ ਉਨ੍ਹਾਂ ਸਾਰਿਆਂ ਨਾਲ ਗੱਲ ਨਹੀਂ ਕਰ ਸਕਦੇ।"

ਟਰੰਪ ਨੇ ਸੰਭਾਵੀ TikTok ਸੌਦੇ, ਚੀਨ ਨਾਲ ਸਬੰਧਾਂ, ਇਰਾਨ 'ਤੇ ਹਮਲਿਆਂ ਅਤੇ ਇਮੀਗ੍ਰੇਸ਼ਨ ਨੂੰ ਲੈ ਕੇ ਕਾਰਵਾਈ 'ਤੇ ਵੀ ਚਰਚਾ ਕੀਤੀ। ਟਰੰਪ ਨੇ ਕਿਹਾ, "ਉਂਝ ਸਾਡੇ ਕੋਲ TikTok ਲਈ ਇੱਕ ਖਰੀਦਦਾਰ ਹੈ। ਮੈਨੂੰ ਲੱਗਦਾ ਹੈ ਕਿ ਇਸ ਲਈ ਸ਼ਾਇਦ ਚੀਨ ਦੀ ਮਨਜ਼ੂਰੀ ਦੀ ਲੋੜ ਹੋਵੇਗੀ, ਅਤੇ ਮੈਨੂੰ ਲੱਗਦਾ ਹੈ ਕਿ ਰਾਸ਼ਟਰਪਤੀ ਸ਼ੀ (ਜਿਨਪਿੰਗ) ਸ਼ਾਇਦ ਅਜਿਹਾ ਕਰਨਗੇ।" ਟਰੰਪ ਨੇ ਕਿਹਾ ਕਿ ਅਮਰੀਕਾ ਨੇ ਇਰਾਨ ਦੇ ਪ੍ਰਮਾਣੂ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਰਾਨ 'ਤੇ ਅਮਰੀਕੀ ਹਮਲਿਆਂ ਨੇ ਉਸ ਦੇ ਪ੍ਰਮਾਣੂ ਟਿਕਾਣਿਆਂ ਨੂੰ 'ਤਬਾਹ' ਕਰ ਦਿੱਤਾ ਹੈ ਅਤੇ ਜਿਸ ਨੇ ਵੀ ਸ਼ੁਰੂਆਤੀ ਖੁਫੀਆ ਮੁਲਾਂਕਣ ਲੀਕ ਕੀਤਾ ਹੈ (ਜਿਸ ਵਿੱਚ ਕਿਹਾ ਗਿਆ ਸੀ ਕਿ ਤਹਿਰਾਨ ਦਾ ਪ੍ਰਮਾਣੂ ਪ੍ਰੋਗਰਾਮ ਕੁਝ ਮਹੀਨਿਆਂ ਲਈ ਹੀ ਰੁਕਿਆ ਹੈ) ਉਸ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ।

ਟਰੰਪ ਨੇ ਦਾਅਵਾ ਕੀਤਾ ਸੀ ਕਿ ਇਰਾਨ 'ਤੇ ਹਮਲੇ ਦਾ ਹੁਕਮ ਦੇਣ ਤੋਂ ਪਹਿਲਾਂ ਇਸਲਾਮਿਕ ਮੁਲਕ ਪ੍ਰਮਾਣੂ ਹਥਿਆਰ ਪ੍ਰਾਪਤ ਕਰਨ ਤੋਂ ਸਿਰਫ਼ ਕੁਝ 'ਹਫ਼ਤੇ ਦੂਰ' ਸੀ। ਰਾਸ਼ਟਰਪਤੀ ਨੇ ਕਿਹਾ, "ਇਹ ਇਸ ਤਰ੍ਹਾਂ ਤਬਾਹ ਹੋ ਗਿਆ ਜਿਵੇਂ ਕਿਸੇ ਨੇ ਪਹਿਲਾਂ ਕਦੇ ਨਹੀਂ ਦੇਖਿਆ। ਇਸ ਦਾ ਮਤਲਬ ਸੀ ਕਿ ਉਨ੍ਹਾਂ ਦੀਆਂ ਪ੍ਰਮਾਣੂ ਇੱਛਾਵਾਂ ਦਾ ਅੰਤ, ਘੱਟੋ ਘੱਟ ਕੁਝ ਸਮੇਂ ਲਈ।"

# ਅਮਰਨਾਥ ਯਾਤਰਾ ਤੋਂ ਪਹਿਲਾਂ ਸੁਰੱਖਿਆ ਪ੍ਰਬੰਧ ਸਖ਼ਤ; ਮੁੱਖ ਮੰਤਰੀ ਉਮਰ ਅਬਦੁੱਲਾ ਤੇ ਉਪ ਰਾਜਪਾਲ ਵੱਲੋਂ ਸੁਰੱਖਿਆ ਪ੍ਰਬੰਧਾਂ ਦੀ ਸਮੀਖਿਆ; ਸੁਰੱਖਿਆ ਅਧਿਕਾਰੀਆਂ ਵੱਲੋਂ ਜਾਇਜ਼ਾ

**ਅਨੰਤਨਾਗ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਅਮਰਨਾਥ ਯਾਤਰਾ 3 ਜੁਲਾਈ ਨੂੰ ਸ਼ੁਰੂ ਹੋਣ ਵਾਲੀ ਹੈ ਜਿਸ ਲਈ ਸ਼ਰਧਾਲੂਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸੁਰੱਖਿਆ ਬਲਾਂ ਵੱਲੋਂ ਕਈ ਖੇਤਰਾਂ ਦੀ ਜਾਂਚ ਕੀਤੀ ਗਈ ਤੇ ਰਾਮਬਨ ਅਤੇ ਪਹਿਲਗਾਮ ਸਮੇਤ ਪ੍ਰਮੁੱਖ ਖੇਤਰਾਂ ਵਿੱਚ ਵੱਡੀ ਗਿਣਤੀ ਸੁਰੱਖਿਆ ਬਲਾਂ ਨੂੰ ਤਾਇਨਾਤ ਕੀਤਾ ਗਿਆ ਹੈ। ਸੁਰੱਖਿਆ ਅਧਿਕਾਰੀਆਂ ਨੇ ਅਮਰਨਾਥ ਯਾਤਰਾ ਦੇ ਸ਼ੁਰੂ ਹੋਣ ਤੋਂ ਪਹਿਲਾਂ ਅਨੰਤਨਾਗ, ਬਨਿਹਾਲ, ਰਾਮਬਨ ਅਤੇ ਹੋਰ ਪ੍ਰਮੁੱਖ ਖੇਤਰਾਂ ਵਿੱਚ ਪ੍ਰਬੰਧਾਂ ਦਾ ਜਾਇਜ਼ਾ ਲਿਆ। ਜ਼ਿਕਰਯੋਗ ਹੈ ਕਿ ਅਮਰਨਾਥ ਯਾਤਰਾ ਬਾਲਟਾਲ ਅਤੇ ਪਹਿਲਗਾਮ ਮਾਰਗਾਂ ਤੋਂ ਸ਼ੁਰੂ ਹੋਵੇਗੀ।

ਇਸ ਤੋਂ ਪਹਿਲਾਂ ਦਿਨ ਵੇਲੇ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਅਮਰਨਾਥ ਯਾਤਰਾ ਦੇ ਸ਼ਰਧਾਲੂਆਂ ਲਈ ਲੋੜੀਂਦੇ ਪ੍ਰਬੰਧਾਂ ਬਾਰੇ ਗੱਲ ਕੀਤੀ।

ਉਨ੍ਹਾਂ ਕਿਹਾ ਕਿ ਉਪ ਰਾਜਪਾਲ (ਐਲਜੀ) ਮਨੋਜ ਸਿਨਹਾ ਨੇ ਤੀਰਥ ਯਾਤਰਾ ਤੋਂ ਪਹਿਲਾਂ ਦੋ ਮੀਟਿੰਗਾਂ ਕੀਤੀਆਂ। ਪਹਿਲੀ ਮੀਟਿੰਗ ਸਿਆਸੀ ਪਾਰਟੀਆਂ ਨਾਲ ਅਤੇ ਦੂਜੀ ਸਿਵਲ ਸੁਸਾਇਟੀ ਦੇ ਨੁਮਾਇੰਦਿਆਂ ਨਾਲ ਕੀਤੀ ਗਈ ਜਿਸ ਵਿਚ ਯਾਤਰੀਆਂ ਲਈ ਢੁਕਵੀਆਂ ਸਹੂਲਤਾਂ ਨੂੰ ਯਕੀਨੀ ਬਣਾਉਣ ਲਈ ਵਿਚਾਰ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਸ ਯਾਤਰਾ ਲਈ 2 ਜੁਲਾਈ ਨੂੰ ਜੰਮੂ ਤੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਇਸ ਯਾਤਰਾ ਲਈ ਵੱਡੀ ਗਿਣਤੀ ਸ਼ਰਧਾਲੂਆਂ ਨੇ ਵਿਸ਼ੇਸ਼ ਸੈਂਟਰਾਂ ਵਿਚ ਜਾ ਕੇ ਰਜਿਸਟਰੇਸ਼ਨ ਕਰਵਾਈ। ਅਧਿਕਾਰੀਆਂ ਨੇ ਦੱਸਿਆ ਕਿ ਲੋਕਾਂ ਵਿਚ ਅਮਰਨਾਥ ਯਾਤਰਾ ਲਈ ਉਤਸ਼ਾਹ ਪਾਇਆ ਜਾ ਰਿਹਾ ਹੈ।

# ਕੰਟਰੋਲ ਰੇਖਾ 'ਤੇ ਘੁਸਪੈਠ ਕਰਦੇ ਸਮੇਂ ਅਤਿਵਾਦੀਆਂ ਦਾ ਗਾਈਡ ਕਾਬੂ



**ਰਾਜੌਰੀ/ਜੰਮੂ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜੰਮੂ ਅਤੇ ਕਸ਼ਮੀਰ ਦੇ ਸਰਹੱਦੀ ਜ਼ਿਲ੍ਹਿਆਂ ਪੁਣਛ ਅਤੇ ਰਾਜੌਰੀ ਨੇੜੇ ਕੰਟਰੋਲ ਰੇਖਾ (LoC) 'ਤੇ ਭਾਰਤ ਵਿੱਚ ਘੁਸਪੈਠ ਕਰਨ ਦੀ ਕੋਸ਼ਿਸ਼ ਕਰਦੇ ਸਮੇਂ ਇੱਕ ਅਤਿਵਾਦੀ ਗਾਈਡ ਗ੍ਰਿਫਤਾਰ ਕੀਤਾ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਮੁਹੰਮਦ ਆਰਿਫ ਚਾਰ ਜੈਸ਼-ਏ-ਮੁਹੰਮਦ (JeM) ਅਤਿਵਾਦੀਆਂ ਦੇ ਇੱਕ ਸਮੂਹ ਨੂੰ ਭਾਰਤੀ ਪਾਸੇ ਲੈਜਾ ਰਿਹਾ ਸੀ, ਜਦੋਂ ਐਤਵਾਰ ਦੁਪਹਿਰ ਨੂੰ ਚੌਕਸ ਫੌਜੀਆਂ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ। ਉਨ੍ਹਾਂ ਦੱਸਿਆ ਕਿ ਉਸ ਦੇ ਨਾਲ ਮੌਜੂਦ ਅਤਿਵਾਦੀ ਇੱਕ ਖੜ੍ਹੀ ਚੱਟਾਨ ਤੋਂ ਛਾਲ ਮਾਰਦਿਆਂ ਜ਼ਖਮੀ ਹਾਲਤ ਵਿੱਚ ਪਾਕਿਸਤਾਨ ਵਾਲੇ ਪਾਸੇ ਪਰਤ ਗਏ।

ਅਧਿਕਾਰੀਆ ਅਨੁਸਾਰ ਆਰਿਫ, ਪਾਕਿਸਤਾਨ ਮਕਬੂਜ਼ਾ ਕਸ਼ਮੀਰ (ਪੀਓਕੇ) ਦੇ ਦਤੋਟ ਪਿੰਡ ਦਾ ਵਸਨੀਕ ਹੈ। ਅਤਿਵਾਦੀ ਸੰਘਣੀ ਵਨਸਪਤੀ ਦਾ ਫਾਇਦਾ ਉਠਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਪਰ ਚੌਕਸ ਜਵਾਨਾਂ ਨੇ ਆਰਿਫ ਨੂੰ ਕਾਬੂ ਕਰ ਲਿਆ ਗਿਆ ਪਰ ਚਾਰ ਅਤਿਵਾਦੀ 'ਨੋ ਮੈਨਜ਼ ਲੈਂਡ' ਵਿੱਚ ਉੱਤਰੇ ਅਤੇ ਸੰਘਣੀ ਵਨਸਪਤੀ ਅਤੇ ਪ੍ਰਤੀਕੂਲ ਮੌਸਮੀ ਹਾਲਤਾਂ ਦੀ ਆੜ ਵਿੱਚ ਪਾਕਿਸਤਾਨੀ ਪਾਸੇ ਪਰਤ ਗਏ।

ਉਨ੍ਹਾਂ ਕਿਹਾ ਕਿ ਨੇੜੇ ਪਾਕਿਸਤਾਨੀ ਚੌਕੀਆਂ ਦੀ ਮੌਜੂਦਗੀ ਕਾਰਨ ਫੌਜ ਦੇ ਜਵਾਨ ਅਤਿਵਾਦੀਆਂ 'ਤੇ ਗੋਲੀ ਨਹੀਂ ਚਲਾ ਸਕੇ। ਅਧਿਕਾਰੀਆਂ ਨੇ ਦੱਸਿਆ ਕਿ ਆਰਿਫ ਦੇ ਕਬਜ਼ੇ ਵਿੱਚ ਇੱਕ ਮੋਬਾਈਲ ਫੋਨ ਅਤੇ ਲਗਭਗ 20,000 ਪਾਕਿਸਤਾਨੀ ਕਰੰਸੀ ਸੀ। ਉਸ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਉਹ ਖੇਤਰ ਦੀ ਭੂਗੋਲਿਕ ਸਥਿਤੀ ਤੋਂ ਜਾਣੂ ਸੀ ਅਤੇ ਅਤਿਵਾਦੀਆਂ ਨੂੰ ਭਾਰਤੀ ਪਾਸੇ ਘੁਸਪੈਠ ਕਰਨ ਵਿੱਚ ਮਦਦ ਕਰਨ ਲਈ ਪਾਕਿਸਤਾਨੀ ਫੌਜ ਦੇ ਇਸ਼ਾਰੇ 'ਤੇ ਕੰਮ ਕਰ ਰਿਹਾ ਸੀ।

ਉਨ੍ਹਾਂ ਕਿਹਾ ਕਿ ਅੱਤਵਾਦੀ ਗਾਈਡ ਤੋਂ ਵਿਸਤ੍ਰਿਤ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਮਹੱਤਵਪੂਰਨ ਖੁਫੀਆ ਜਾਣਕਾਰੀ ਕੱਢੀ ਜਾ ਰਹੀ ਹੈ।

# ਪੁਲੀਸ ਅਤੇ ਬੀਐੱਸਐੱਫ ਦੇ ਸਾਂਝੇ ਅਪਰੇਸ਼ਨ ਦੌਰਾਨ 60 ਕਿੱਲੋ ਤੋਂ ਵੱਧ ਹੈਰੋਇਨ ਬਰਾਮਦ

**ਅੰਮ੍ਰਿਤਸਰ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਮ੍ਰਿਤਸਰ ਕਮਿਸ਼ਨਰੇਟ ਪੁਲੀਸ ਨੇ ਬੀਐੱਸਐੱਫ ਅਤੇ ਰਾਜਸਥਾਨ ਪੁਲੀਸ ਦੇ ਨਾਲ ਇੱਕ ਸਾਂਝੇ ਆਪਰੇਸ਼ਨ ਦੌਰਾਨ 60 ਕਿਲੋ ਤੋਂ ਵੱਧ ਹੈਰਇਨ ਬਰਾਮਦ ਕੀਤੀ ਹੈ। ਇਸ ਕਾਰਵਾਈ ਤਹਿਤ ਪੁਲੀਸ ਨੇ ਸਰਹੱਦ ਪਾਰ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿੱਚ ਸ਼ਾਮਿਲ ਇੱਕ ਅੰਤਰਰਾਸ਼ਟਰੀ ਡਰੱਗ ਸਿੰਡੀਕੇਟ ਦਾ ਵੀ ਪਰਦਾਫਾਸ਼ ਕੀਤਾ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਇਸ ਅੰਤਰਰਾਜੀ ਕਾਰਵਾਈ ਦੌਰਾਨ ਇੱਕ ਔਰਤ ਸਮੇਤ ਨੌਂ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ, ਜਿੰਨ੍ਹਾਂ ਵਿੱਚ ਪੰਜਾਬ ,ਹਰਿਆਣਾ, ਰਾਜਸਥਾਨ ਅਤੇ ਜੰਮੂ ਕਸ਼ਮੀਰ ਵਾਸੀ ਸ਼ਾਮਿਲ ਹਨ। ਉਨ੍ਹਾਂ ਦੱਸਿਆ ਕਿ ਇਹ ਨਸ਼ੀਲੇ ਪਦਾਰਥਾਂ ਦੀ ਖੇਪ ਪਾਕਿਸਤਾਨ ਦੀ ਸਰਹੱਦ ਨਾਲ ਲੱਗਦੇ ਰਾਜਸਥਾਨ ਦੇ ਇਲਾਕੇ ਬਾੜਮਾਰ ਤੋ ਬਰਾਮਦ ਕੀਤੀ ਗਈ ਹੈ। ਇਸ ਮਾਮਲੇ ਵਿੱਚ ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਵਿੱਚ ਗੁਰਸਾਹਿਬ ਸਿੰਘ, ਜਸ਼ਨਪ੍ਰੀਤ ਸਿੰਘ, ਕੁਲਵਿੰਦਰ ਸਿੰਘ, ਪੁਰਸ਼ੋਤਮ ਸਿੰਘ, ਗਗਨਦੀਪ ਸਿੰਘ ਅਤੇ ਰਜਿੰਦਰ ਕੌਰ ਸ਼ਾਮਿਲ ਹਨ, ਜੋ ਕਿ ਅੰਮ੍ਰਿਤਸਰ ਜ਼ਿਲ੍ਹੇ ਨਾਲ ਸੰਬੰਧਿਤ ਹਨ। ਇਸ ਸਬੰਧੀ ਡੀਜੀਪੀ ਗੌਰਵ ਯਾਦਵ ਨੇ ਐਕਸ 'ਤੇ ਪੋਸਟ ਸਾਂਝੀ ਕਰਦਿਆਂ ਖੁਲਾਸਾ ਕੀਤਾ ਕਿ ਨਸ਼ੀਲੇ ਪਦਾਰਥਾਂ ਦਾ ਇਹ ਗਿਰੋਹ ਕੈਨੇਡਾ ਅਧਾਰਤ ਤਸਕਰ ਜੋਬਨ ਕਲੇਰ ਅਤੇ ਪਾਕਿਸਤਾਨੀ ਤਸਕਰ ਤਨਵੀਰ ਸ਼ਾਹ ਦੁਆਰਾ ਚਲਾਇਆ ਜਾ ਰਿਹਾ ਸੀ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਕਮਿਸ਼ਨਰੇਟ ਪੁਲੀਸ ਨੇ ਬੀਐੱਸਐੱਫ ਅਤੇ ਰਾਜਸਥਾਨ ਪੁਲੀਸ ਦੇ ਨਾਲ ਇੱਕ ਸਾਂਝੇ ਆਪਰੇਸ਼ਨ ਦੌਰਾਨ ਵੱਡੀ ਪ੍ਰਾਪਤੀ ਕੀਤੀ ਹੈ। ਅਧਿਕਾਰੀ ਨੇ ਕਿਹਾ ਕਿ ਗਿਰੋਹ ਦੇ ਹੋਰ ਸੰਪਰਕ ਸੂਤਰਾਂ ਦੀ ਜਾਂਚ ਕੀਤੀ ਜਾ ਰਹੀ ਹੈ।

# ਹਿਮਾਚਲ ਪ੍ਰਦੇਸ਼ ਦੇ ਸੱਤ ਜ਼ਿਲ੍ਹਿਆਂ ਵਿਚ ਹੜ੍ਹਾਂ ਦੀ ਚੇਤਾਵਨੀ

**ਨਦੀਆਂ ਨਾਲਿਆਂ 'ਚ ਪਾਣੀ ਦਾ ਪੱਧਰ ਵੱਧਣ ਤੇ ਨੀਵੇਂ ਇਲਾਕਿਆਂ 'ਚ ਪਾਣੀ ਭਰਨ ਦੀ ਸੰਭਾਵਨਾ; ਸ਼ਿਮਲਾ, ਸੋਲਨ, ਕੁੱਲੂ, ਮੰਡੀ, ਹਮੀਰਪੁਰ, ਬਿਲਾਸਪੁਰ, ਚੰਬਾ, ਕਾਂਗੜਾ ਅਤੇ ਸਿਰਮੌਰ ਜ਼ਿਲ੍ਹਿਆਂ ਲਈ ਸੰਤਰੀ ਅਲਰਟ**

**ਸ਼ਿਮਲਾ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਮੌਸਮ ਵਿਭਾਗ ਦੀ ਹਾਈਡਰੋ ਮੈਟਰੋਲੋਜੀਕਲ ਡਿਵੀਜ਼ਨ ਨੇ ਹਿਮਾਚਲ ਪ੍ਰਦੇਸ਼ ਵਿਚ ਲਗਾਤਾਰ ਪੈ ਰਹੇ ਭਾਰੀ ਮੀਂਹ ਕਰਕੇ ਅਗਲੇ 24 ਘੰਟਿਆਂ ਵਿਚ ਪਹਾੜੀ ਰਾਜ ਦੇ ਸੱਤ ਜ਼ਿਲ੍ਹਿਆਂ ਵਿਚ ਹੜ੍ਹਾਂ ਦੀ ਚੇਤਾਵਨੀ ਦਿੱਤੀ ਹੈ। ਇਸ ਅਨੁਸਾਰ ਅਗਲੇ 24 ਘੰਟਿਆਂ ਵਿਚ ਰਾਜ ਦੇ ਚੰਬਾ, ਕਾਂਗੜਾ, ਕੁੱਲੂ, ਮੰਡੀ, ਸ਼ਿਮਲਾ, ਸਿਰਮੌਰ ਅਤੇ ਸੋਲਨ ਜ਼ਿਲ੍ਹਿਆਂ ਦੇ ਕੁਝ ਜਲ-ਖੇਤਰਾਂ (ਨਦੀਆਂ-ਨਾਲਿਆਂ) ਅਤੇ ਨੇੜਲੇ ਇਲਾਕਿਆਂ ਵਿੱਚ 1 ਜੁਲਾਈ ਤੱਕ ਦਰਮਿਆਨੇ ਤੋਂ ਉੱਚ ਪੱਧਰੀ ਹੜ੍ਹਾਂ ਦਾ ਬਹੁਤ ਜ਼ਿਆਦਾ ਖ਼ਤਰਾ ਹੈ। ਹੜ੍ਹਾਂ ਕਰਕੇ ਨੀਵੇਂ ਇਲਾਕਿਆਂ ਵਿੱਚ ਪਾਣੀ ਭਰਨ ਦੀ ਸੰਭਾਵਨਾ ਹੈ।

ਇਸੇ ਤਰ੍ਹਾਂ ਸ਼ਿਮਲਾ, ਸੋਲਨ, ਕੁੱਲੂ, ਮੰਡੀ, ਹਮੀਰਪੁਰ, ਬਿਲਾਸਪੁਰ, ਚੰਬਾ, ਕਾਂਗੜਾ ਅਤੇ ਸਿਰਮੌਰ ਜ਼ਿਲ੍ਹਿਆਂ ਲਈ ਸੰਤਰੀ ਮੌਸਮ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ, ਜਿਸ ਦੇ ਨਤੀਜੇ ਵਜੋਂ ਅਗਲੇ ਕੁਝ ਘੰਟਿਆਂ ਦੌਰਾਨ ਇਨ੍ਹਾਂ ਜ਼ਿਲ੍ਹਿਆਂ ਦੇ ਦੂਰ-ਦੁਰਾਡੇ ਇਲਾਕਿਆਂ ਵਿੱਚ ਭਾਰੀ ਮੀਂਹ ਦੇ ਨਾਲ-ਨਾਲ ਗਰਜ ਨਾਲ ਤੂਫ਼ਾਨ ਅਤੇ ਬਿਜਲੀ ਡਿੱਗਣ ਦੀ ਸੰਭਾਵਨਾ ਹੈ। ਰਾਜਧਾਨੀ ਸ਼ਿਮਲਾ ਅਤੇ ਨਾਲ ਲੱਗਦੇ ਇਲਾਕਿਆਂ ਵਿੱਚ ਵੀ ਹਲਕੀ ਤੋਂ ਦਰਮਿਆਨੀ ਬਾਰਿਸ਼ ਹੋਣ ਦੀ ਸੰਭਾਵਨਾ ਹੈ ਅਤੇ ਅਗਲੇ ਕੁਝ ਘੰਟਿਆਂ ਦੌਰਾਨ ਦਿਸਣ ਹੱਦ ਵੀ ਘੱਟ ਰਹੇਗੀ।

# ਕੈਨੇਡਾ ਵੱਲੋਂ ਅਮਰੀਕਾ 'ਤੇ ਡਿਜੀਟਲ ਸੇਵਾ ਟੈਕਸ ਲਗਾਉਣ ਦੀ ਯੋਜਨਾ ਰੱਦ, ਦੋਵਾਂ ਮੁਲਕਾਂ 'ਚ ਗੱਲਬਾਤ ਬਹਾਲ



**ਟੋਰਾਂਟੋ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਿਹਾ ਕਿ ਕੈਨੇਡਾ ਵੱਲੋਂ ਅਮਰੀਕੀ ਡਿਜੀਟਲ ਕੰਪਨੀਆਂ ਉੱਤੇ ਡਿਜੀਟਲ ਟੈਕਸ (Digital Services Tax) ਲਗਾਉਣ ਦੀ ਯੋਜਨਾ ਰੱਦ ਕਰਨ ਮਗਰੋਂ ਅਮਰੀਕਾ ਨਾਲ ਵਪਾਰਕ ਗੱਲਬਾਤ ਬਹਾਲ ਹੋ ਗਈ ਹੈ।

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸ਼ੁੱਕਰਵਾਰ ਨੂੰ ਕਿਹਾ ਸੀ ਕਿ ਉਹ ਤਕਨਾਲੋਜੀ ਕੰਪਨੀਆਂ 'ਤੇ ਟੈਕਸ ਲਗਾਉਣ ਦੀ ਕੈਨੇਡਾ ਦੀ ਯੋਜਨਾ ਨੂੰ ਲੈ ਕੇ ਵਪਾਰਕ ਗੱਲਬਾਤ ਨੂੰ ਮੁਅੱਤਲ ਕਰ ਰਹੇ ਹਨ। ਉਨ੍ਹਾਂ ਕੈਨੇਡਾ ਵੱਲੋਂ ਲਾਏ ਇਸ ਟੈਕਸ ਨੂੰ "ਅਮਰੀਕਾ 'ਤੇ ਸਿੱਧਾ ਤੇ ਸਪੱਸ਼ਟ ਹਮਲਾ' ਦੱਸਿਆ ਸੀ।

ਕੈਨੇਡੀਅਨ ਸਰਕਾਰ ਨੇ ਕਿਹਾ ਕਿ ਉਹ ਇੱਕ ਵਪਾਰਕ ਸਮਝੌਤੇ ਦੀ 'ਉਮੀਦ' ਰੱਖਦੀ ਹੈ ਇਸ ਲਈ ਇਹ 'ਡਿਜੀਟਲ ਸੇਵਾਵਾਂ ਟੈਕਸ ਨੂੰ ਰੱਦ' ਕਰ ਦੇਵੇਗੀ। ਕਾਰਨੀ ਦੇ ਦਫਤਰ ਨੇ ਕਿਹਾ ਕਿ ਕਾਰਨੀ ਅਤੇ ਟਰੰਪ ਗੱਲਬਾਤ ਮੁੜ ਸ਼ੁਰੂ ਕਰਨ ਲਈ ਸਹਿਮਤ ਹੋਏ ਹਨ।

# ਜੀਐਸਟੀ ਦੇ 2024-25 ਵਿੱਚ ਰਿਕਾਰਡ 22.08 ਲੱਖ ਕਰੋੜ ਰੁਪਏ ਜੁਟਾਏ

**ਨਵੀਂ ਦਿੱਲੀ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੀ ਵਸਤੂ ਅਤੇ ਸੇਵਾਵਾਂ ਟੈਕਸ (ਜੀਐਸਟੀ) ਪ੍ਰਣਾਲੀ ਨੇ 2024-25 ਵਿੱਚ 22.08 ਲੱਖ ਕਰੋੜ ਰੁਪਏ ਦਾ ਰਿਕਾਰਡ ਕੁਲੈਕਸ਼ਨ ਕੀਤਾ ਹੈ ਜੋ ਪਿਛਲੇ ਸਾਲ ਦੇ ਮੁਕਾਬਲੇ 9.4 ਫੀਸਦੀ ਜ਼ਿਆਦਾ ਹੈ। ਵਿੱਤ ਮੰਤਰਾਲੇ ਵੱਲੋਂ ਜਾਰੀ ਇੱਕ ਰਿਲੀਜ਼ ਅਨੁਸਾਰ ਔਸਤ ਮਾਸਿਕ ਜੀਐਸਟੀ ਕੁਲੈਕਸ਼ਨ 1.84 ਲੱਖ ਕਰੋੜ ਰੁਪਏ ਰਿਹਾ ਜੋ 2017 ਵਿੱਚ ਜੀਐਸਟੀ ਦੀ ਸ਼ੁਰੂਆਤ ਤੋਂ ਬਾਅਦ ਸਭ ਤੋਂ ਵੱਧ ਹੈ। 7ST ਪਿਛਲੇ ਸਾਲਾਂ ਵਿੱਚ ਲਗਾਤਾਰ ਵਧਿਆ ਹੈ ਜੋ 2020-21 ਵਿੱਚ 11.37 ਲੱਖ ਕਰੋੜ ਰੁਪਏ ਤੋਂ ਵੱਧ ਕੇ 2023-24 ਵਿੱਚ 20.18 ਲੱਖ ਕਰੋੜ ਹੋ ਗਿਆ ਹੈ ਜੋ ਮਜ਼ਬੂਤ ? ?ਆਰਥਿਕ ਗਤੀਵਿਧੀਆਂ ਨੂੰ ਦਰਸਾਉਂਦਾ ਹੈ। ਜ਼ਿਕਰਯੋਗ ਹੈ ਕਿ 30 ਅਪਰੈਲ, 2025 ਤੱਕ 1.51 ਕਰੋੜ ਤੋਂ ਵੱਧ ਜੀਐਸਟੀ ਤਹਿਤ ਰਜਿਸਟਰਡ ਹੋ ਚੁੱਕੇ ਹਨ ਜੋ ਟੈਕਸ ਪ੍ਰਣਾਲੀ ਵਿੱਚ ਵੱਧ ਰਹੀ ਭਾਗੀਦਾਰੀ ਨੂੰ ਦਰਸਾਉਂਦਾ ਹੈ।

# ਥਾਣਾ ਮਜੀਠਾ ਰੋਡ ਦੇ ਇਲਾਕੇ ਵਿੱਖੇ ਨਸ਼ਾ ਤਸਕਰ ਦੀ ਜਾਇਦਾਦ ਕੀਤੀ ਤਹਿਸ ਨਹਿਸ

**ਅੰਮ੍ਰਿਤਸਰ 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਮੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਵੱਲੋਂ ਨਸ਼ਿਆਂ ਖਿਲਾਫ ਸੂਰੂ ਕੀਤੇ ਗਏ ਯੁੱਧ ਨਸ਼ਿਆਂ ਵਿਰੱਧ ਨੂੰ ਅੱਗੇ ਤੋਰਦੇ ਹੋਏ ਅੱਜ ਥਾਣਾ ਮਜੀਠਾ ਰੋਡ ਦੇ ਇਲਾਕਾ ਵਿੱਚ ਨਸ਼ਾ ਤਸਕਰ ਰਕੇਸ਼ ਉਰਫ ਕੇਸ਼ੀ ਪੁੱਤਰ ਹਰਮੇਸ਼ ਵਾਸੀ ਗਲੀ ਨੰਬਰ 5 ਨੇੜੇ ਪ੍ਰੀਤ ਹਸਪਤਾਲ, ਨਵੀ ਅਬਾਦੀ, ਅੰਮ੍ਰਿਤਸਰ, ਜਿਸ ਉੱਤੇ ਪਹਿਲਾਂ ਤੋ ਹੀ 6 ਮੁੱਕਦਮੇ ਵੱਖ ਵੱਖ ਧਾਰਾਵਾ ਹੇਠ ਦਰਜ ਹਨ, ਦੀ ਜਾਇਦਾਦ ਜ਼ਿਲ੍ਹਾ ਪ੍ਰਸ਼ਾਸਨ ਨੇ ਢਾਹ ਦਿੱਤੀ। ਇੰਨਾ ਪਰਚਿਆਂ ਵਿੱਚ ਐਨ ਡੀ ਪੀ ਐਸ ਐਕਟ ਦੇ ਚਾਰ, 1 ਆਬਕਾਰੀ ਐਕਟ, ਇਕ ਅਪਰਾਧ ਤੇ ਲੱਟਾਂ ਖੋਹਾਂ ਸਬੰਧੀ ਦਰਜ ਹਨ । ਇਹ ਲੰਮੇ ਸਮੇਂ ਤੋ ਨਸ਼ਾ ਤਸਕਰੀ ਦਾ ਕੰਮ ਕਰ ਰਿਹਾ ਸੀ ਅੱਜ ਇਸ ਨਸ਼ਾ ਤਸਕਰ ਦਾ ਮਕਾਨ ਜਿਲਾ ਪ੍ਰਸ਼ਾਸਨ ਨੇ ਢਾਹ ਦਿਤਾ। ਦੱਸਣ ਯੋਗ ਹੈ ਕਿ ਇਸ ਤੋਂ ਪਹਿਲਾਂ ਅੰਮ੍ਰਿਤਸਰ ਸ਼ਹਿਰ ਵਿੱਚ ਨਸ਼ਾ ਸਮਗਲਰਾਂ ਦੀਆਂ 8 ਜਾਇਦਾਤਾਂ ਢਾਹੀਆਂ ਜਾ ਚੁੱਕੀਆਂ ਹਨ।

ਇਸ ਮੌਕੇ ਵਿਸ਼ੇਸ਼ ਤੌਰ ਉਤੇ ਪਹੁੰਚੇ ਪੁਲਿਸ ਕਮਸਿ ?ਨਰ ਸ ਗੁਰਪ੍ਰੀਤ ਸਿੰਘ ਭੁੱਲਰ ਨੇ ਨਸ਼ਾ ਤਸਕਰਾਂ ਨੂੰ ਚੇਤਾਵਨੀ ਭਰੇ ਲਹਿਜੇ ਵਿਚ ਸਪਸ਼ਟ ਸੰਦੇਸ਼ ਦਿੱਤਾ ਜੋ ਲੋਕ ਸਾਡੇ ਨੌਜਵਾਨਾਂ ਦੀ ਜ਼ਿੰਦਗੀ ਵਿੱਚ ਨਸ਼ਿਆਂ ਰੂਪੀ ਜ਼ਹਿਰ ਘੋਲ ਰਹੇ ਹਨ, ਉਹਨਾਂ ਉੱਤੇ ਕੋਈ ਰਹਿਮ ਨਹੀਂ ਕੀਤਾ ਜਾ ਸਕਦਾ। ਉਹਨਾਂ ਕਿਹਾ ਕਿ ਨਸ਼ਾ ਤਸਕਰਾਂ ਖਿਲਾਫ ਪੁਲਿਸ ਸਖਤ ਕਾਰਵਾਈ ਕਰ ਰਹੀ ਹੈ ਅਤੇ ਜੋ ਵੀ ਇਸ ਧੰਦੇ ਵਿੱਚ ਸ਼ਾਮਿਲ ਹੈ, ਉਸ ਨੂੰ ਜੇਲ ਵਿੱਚ ਸੁਟਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਨਸ਼ੇ ਦੇ ਰੋਗੀਆਂ ਦਾ ਇਲਾਜ ਵੀ ਪੁਲਿਸ ਕਰਵਾ ਰਹੀ ਹੈ। ਉਹਨਾਂ ਕਿਹਾ ਕਿ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਇਸ ਨਸ਼ਾ ਵਿਰੁੱਧ ਮੁਹਿੰਮ ਉੱਤੇ ਨਜ਼ਰ ਰੱਖ ਰਹੇ ਹਨ ਅਤੇ ਪੁਲਿਸ ਰੋਜ਼ਾਨਾ ਨਸ਼ੇ ਦੀਆਂ ਵੱਡੀਆਂ ਖੇਪਾਂ ਬਰਾਮਦ ਕਰ ਰਹੀ ਹੈ। ਉਹਨਾਂ ਲੋਕਾਂ ਨੂੰ ਇਹ ਅਪੀਲ ਕੀਤੀ ਕਿ ਉਹ ਨਸ਼ਾ ਤਸਕਰਾਂ ਦੀ ਜਾਣਕਾਰੀ ਪੁਲਿਸ ਨਾਲ ਸਾਂਝੀ ਕਰਨ।

ਉਹਨਾਂ ਕਿਹਾ ਕਿ ਅਸੀਂ ਜਾਣਕਾਰੀ ਦੇਣ ਵਾਲੇ ਦਾ ਨਾਂ ਬਿਲਕੁਲ ਗੁਪਤ ਰੱਖ ਕੇ ਐਸੀ ਕਾਰਵਾਈ ਕਰਾਂਗੇ ਕਿ ਨਸ਼ਾ ਤਸਕਰਾਂ ਦੀਆਂ ਆਉਣ ਵਾਲੀਆਂ ਪੀੜੀਆਂ ਵੀ ਯਾਦ ਰੱਖਣਗੀਆਂ। ਇਸ ਮੌਕੇ ਡੀਸੀਪੀ ਸ੍ਰੀ ਆਲਮ ਵਿਜੈ ਸਿੰਘ ਏ.ਡੀ.ਸੀ.ਪੀ ਸ:ਹਰਪਾਲ ਸਿੰਘ ਏਸੀਪੀ ਸ੍ਰੀ ਰਿਸ਼ਭ ਭੋਲਾ ਅਤੇ ਹੋਰ ਅਧਿਕਾਰੀ ਹਾਜ਼ਰ ਸਨ।

# ਬਠਿੰਡਾ 'ਚ 30 ਲੱਖ ਰੁਪਏ ਦੇ ਤੇਲ ਘੁਟਾਲੇ ਵਿੱਚ 3 ਸਿਹਤ ਅਧਿਕਾਰੀ ਮੁਅੱਤਲ

**ਬਠਿੰਡਾ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਵਿਭਾਗ ਨੇ ਬਠਿੰਡਾ ਦੇ ਸਿਵਲ ਹਸਪਤਾਲ ਵਿੱਚ ਕਥਿਤ 30 ਲੱਖ ਰੁਪਏ ਦੇ ਤੇਲ ਘੁਟਾਲੇ ਦੇ ਸਬੰਧ ਵਿੱਚ ਇੱਕ ਸੀਨੀਅਰ ਮੈਡੀਕਲ ਅਫਸਰ ਸਮੇਤ ਤਿੰਨ ਅਧਿਕਾਰੀਆਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਮੁਅੱਤਲ ਕੀਤੇ ਗਏ ਅਧਿਕਾਰੀਆਂ ਵਿੱਚ ਡਾ. ਗੁਰਮੇਲ ਸਿੰਘ, ਜੋ ਇਸ ਸਮੇਂ ਸੰਗਰੂਰ ਜ਼ਿਲ੍ਹੇ ਦੇ ਸੁਨਾਮ ਵਿੱਚ ਸੀਨੀਅਰ ਮੈਡੀਕਲ ਅਫਸਰ (SMO) ਵਜੋਂ ਤਾਇਨਾਤ ਹਨ; ਸ਼ੀਨਮ ਸਿੰਗਲਾ, ਇੱਕ ਜੂਨੀਅਰ ਸਹਾਇਕ; ਅਤੇ ਜਗਜੀਤ ਸਿੰਘ, ਇੱਕ ਡੇਟਾ ਐਂਟਰੀ ਆਪਰੇਟਰ ਸ਼ਾਮਲ ਹਨ।

ਇਸ ਕਾਰਵਾਈ ਦੀ ਪੁਸ਼ਟੀ ਕਰਦਿਆਂ ਬਠਿੰਡਾ ਦੇ ਮੁੱਖ ਮੈਡੀਕਲ ਅਫ਼ਸਰ (ਸੀਐੱਮਓ) ਡਾ: ਰਮਨਦੀਪ ਸਿੰਘ ਨੇ ਕਿਹਾ, " ਬਠਿੰਡਾ ਦੇ ਐੱਸਐੱਮਓ ਰਹੇ ਡਾ: ਗੁਰਮੇਲ ਸਿੰਘ ਸਮੇਤ ਤਿੰਨ ਅਧਿਕਾਰੀਆਂ ਨੂੰ ਤੇਲ ਘੁਟਾਲੇ ਵਿੱਚ ਕਥਿਤ ਸ਼ਮੂਲੀਅਤ ਦੇ ਦੋਸ਼ ਵਿੱਚ ਮੁਅੱਤਲ ਕਰ ਦਿੱਤਾ ਗਿਆ ਹੈ। ਸਾਨੂੰ ਅੱਜ ਮੁਅੱਤਲੀ ਦੇ ਹੁਕਮ ਪ੍ਰਾਪਤ ਹੋਏ ਹਨ। ਵਿਜੀਲੈਂਸ ਬਿਊਰੋ ਪਹਿਲਾਂ ਹੀ ਇਸ ਮਾਮਲੇ ਦੀ ਜਾਂਚ ਕਰ ਰਿਹਾ ਹੈ। ਸੂਤਰਾਂ ਅਨੁਸਾਰ ਸਰਕਾਰੀ ਵਾਹਨਾਂ ਅਤੇ ਐਂਬੂਲੈਂਸਾਂ ਲਈ ਤੇਲ ਦੇ ਬਿੱਲ ਮਨਜ਼ੂਰ ਕੀਤੇ ਗਏ ਸਨ, ਇਹ ਵਾਹਨ ਵਰਤੋਂ ਵਿੱਚ ਨਹੀਂ ਸਨ। ਵਿਜੀਲੈਂਸ ਬਿਊਰੋ ਨੇ ਝੂਠੇ ਤੇਲ ਕਲੇਮਾਂ ਅਤੇ ਫੰਡਾਂ ਦੀ ਦੁਰਵਰਤੋਂ ਦੀਆਂ ਸ਼ਿਕਾਇਤਾਂ 'ਤੇ ਕਾਰਵਾਈ ਕਰਦਿਆਂ, ਸਬੰਧਤ ਰਿਕਾਰਡ ਪ੍ਰਾਪਤ ਕੀਤੇ ਹਨ ਅਤੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਹ ਪਤਾ ਲੱਗਾ ਹੈ ਕਿ ਘੁਟਾਲੇ ਨਾਲ ਜੁੜੀਆਂ ਮੁੱਢਲੀਆਂ ਸ਼ਿਕਾਇਤਾਂ ਤੋਂ ਬਾਅਦ ਡਾ: ਗੁਰਮੇਲ ਨੂੰ ਪਹਿਲਾਂ ਹੀ ਬਠਿੰਡਾ ਤੋਂ ਸੁਨਾਮ ਤਬਦੀਲ ਕਰ ਦਿੱਤਾ ਗਿਆ ਸੀ। ਇਸ ਘੁਟਾਲੇ ਨੇ ਸਿਹਤ ਵਿਭਾਗ ਦੀ ਕਾਰਗੁਜ਼ਾਰੀ 'ਤੇ ਵੱਡੇ ਸਵਾਲ ਚੁੱਕੇ ਹਨ। ਇਸ ਮਾਮਲੇ ਨੂੰ ਲੈ ਕੇ ਵਿਜੀਲੈਂਸ ਬਿਊਰੋ ਵੱਲੋਂ ਜਾਂਚ ਹਾਲੇ ਵੀ ਜਾਰੀ ਅਤੇ ਕਿਹਾ ਜਾ ਰਿਹਾ ਹੈ ਕਿ ਹੋਰ ਅਧਿਕਾਰੀ ਵੀ ਇਸ ਜਾਂਚ ਦੇ ਘੇਰੇ ਵਿੱਚ ਆ ਸਕਦੇ ਹਨ।

# ਮੌਨਸੂਨ ਨੇ ਫੜੀ ਰ਼ਫ਼ਤਾਰ; ਪੰਜਾਬ, ਹਰਿਆਣਾ ਤੇ ਚੰਡੀਗੜ੍ਹ 'ਚ ਮੀਂਹ ਦੀ ਝੜੀ ਲੱਗੀ

**ਚੰਡੀਗੜ੍ਹ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਮੌਨਸੂਨ ਆਮ ਨਾਲੋਂ ਇਕ ਹਫ਼ਤਾ ਪਹਿਲਾਂ ਪੂਰੇ ਦੇਸ਼ ਵਿਚ ਪਹੁੰਚ ਗਈ ਹੈ ਜਿਸ ਕਰਕੇ ਕੌਮੀ ਰਾਜਧਾਨੀ ਤੇ ਹੋਰਨਾਂ ਉੱਤਰੀ ਰਾਜਾਂ ਵਿਚ ਮੀਂਹ ਪਿਆ ਤੇ ਕਈ ਪਹਾੜੀ ਇਲਾਕਿਆਂ ਵਿਚ ਜ਼ਮੀਨ ਖਿਸਕਣ ਤੇ ਢਿੱਗਾਂ ਡਿੱਗਣ ਦੀਆਂ ਰਿਪੋਰਟਾਂ ਹਨ। ਐਤਵਾਰ ਰਾਤੀਂ ਤੇ ਸੋਮਵਾਰ ਸਵੇਰੇ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਸਣੇ ਦੇਸ਼ ਦੇ ਕਈ ਇਲਾਕਿਆਂ ਵਿਚ ਜਮ ਕੇ ਮੀਂਹ ਪਿਆ। ਭਾਰਤੀ ਮੌਸਮ ਵਿਭਾਗ (9$4) ਨੇ ਅੱਜ ਵੀ ਸਾਰਾ ਦਿਨ ਮੀਂਹ ਪੈਣ ਦੀ ਭਵਿੱਖਬਾਣੀ ਕੀਤੀ ਹੈ। ਸ਼ਿਮਲਾ ਮੌਸਮ ਵਿਗਿਆਨ ਕੇਂਦਰ ਨੇ ਹਿਮਾਚਲ ਪ੍ਰਦੇਸ਼ ਦੇ 10 ਜ਼ਿਲ੍ਹਿਆਂ ਲਈ ਮੋਹਲੇਧਾਰ ਮੀਂਹ ਲਈ 'ਰੈੱਡ ਅਲਰਟ' ਜਾਰੀ ਕੀਤਾ ਹੈ। ਪਹਾੜੀ ਰਾਜ ਵਿਚ 20 ਜੂਨ ਨੂੰ ਮੌਨਸੂਨ ਦੀ ਸ਼ੁਰੂਆਤ ਤੋਂ ਬਾਅਦ ਮੀਂਹ ਨਾਲ ਸਬੰਧਤ ਘਟਨਾਵਾਂ ਵਿੱਚ 20 ਲੋਕਾਂ ਦੀ ਜਾਨ ਚਲੀ ਗਈ ਹੈ।

ਯੂਨੈਸਕੋ ਵਿਸ਼ਵ ਵਿਰਾਸਤ ਸ਼ਿਮਲਾ-ਕਾਲਕਾ ਰੇਲ ਲਾਈਨ 'ਤੇ ਐਤਵਾਰ ਨੂੰ ਸੇਵਾਵਾਂ ਮੁਅੱਤਲ ਕਰ ਦਿੱਤੀਆਂ ਗਈਆਂ ਕਿਉਂਕਿ ਸੋਲਨ ਜ਼ਿਲ੍ਹੇ ਵਿੱਚ ਰਾਤ ਭਰ ਹੋਈ ਬਾਰਿਸ਼ ਦੌਰਾਨ ਪੱਥਰ ਅਤੇ ਦਰੱਖਤ ਪਟੜੀਆਂ 'ਤੇ ਡਿੱਗ ਗਏ। ਸੋਲਨ ਦੇ ਬਰੋਟੀਵਾਲਾ ਉਦਯੋਗਿਕ ਖੇਤਰ ਵਿੱਚ ਇੱਕ ਪੁਲ ਵੀ ਰੁੜ੍ਹ ਗਿਆ। ਸ਼ਿਮਲਾ-ਕਾਲਕਾ ਕੌਮੀ ਸ਼ਾਹਰਾਹ (©8-5) ਜੋ ਸ਼ਿਮਲਾ ਅਤੇ ਚੰਡੀਗੜ੍ਹ ਨੂੰ ਜੋੜਦਾ ਹੈ, 'ਤੇ ਕੋਟੀ ਨੇੜੇ ਜ਼ਮੀਨ ਖਿਸਕਣ ਨਾਲ ਸੜਕ ਦੇ ਕੁਝ ਹਿੱਸਿਆਂ ਨੂੰ ਨੁਕਸਾਨ ਪਹੁੰਚਿਆ, ਜਿਸ ਕਾਰਨ ਘੰਟਿਆਂ ਤੱਕ ਦੋ ਤੋਂ ਤਿੰਨ ਕਿਲੋਮੀਟਰ ਲੰਬਾ ਟਰੈਫਿਕ ਜਾਮ ਰਿਹਾ। ਜ਼ਿਲ੍ਹੇ ਦੇ ਬੱਦੀ ਖੇਤਰ ਵਿੱਚ ਬਾਲਦ ਨਦੀ ਵਿਚ ਪਾਣੀ ਚੜ੍ਹ ਆ ਹੋਇਆ ਹੈ ਅਤੇ ਝੜਮਾਜਰੀ ਦੇ ਸ਼ਿਵਾਲਿਕ ਨਗਰ ਵਿੱਚ 20 ਤੋਂ ਵੱਧ ਘਰਾਂ ਵਿੱਚ ਚਾਰ ਫੁੱਟ ਤੱਕ ਪਾਣੀ ਦਾਖਲ ਹੋਣ ਦੀਆਂ ਰਿਪੋਰਟਾਂ ਹਨ।

ਇਸ ਦੌਰਾਨ, ਮੰਡੀ ਵਿੱਚ ਜੂਨੀ ਖੱਡ ਅਤੇ ਬਿਆਸ ਨਦੀ ਵਿੱਚ ਪਾਣੀ ਦਾ ਪੱਧਰ ਵਧ ਗਿਆ ਹੈ। ਸਥਾਨਕ ਪ੍ਰਸ਼ਾਸਨ ਨੇ ਲੋਕਾਂ ਨੂੰ ਨਦੀ ਦੇ ਨੇੜੇ ਨਾ ਜਾਣ ਅਤੇ ਚੌਕਸ ਰਹਿਣ ਦੀ ਅਪੀਲ ਕੀਤੀ ਹੈ। ਪੰਡੋਹ ਡੈਮ ਦੇ ਸਾਰੇ ਪੰਜ ਦਰਵਾਜ਼ੇ ਐਤਵਾਰ ਸਵੇਰੇ ਖੋਲ੍ਹ ਦਿੱਤੇ ਗਏ, ਜਿਸ ਕਾਰਨ ਬਿਆਸ ਨਦੀ ਵਿੱਚ ਪਾਣੀ ਦਾ ਪੱਧਰ ਵਧ ਗਿਆ।

ਸਥਾਨਕ ਮੌਸਮ ਵਿਭਾਗ ਨੇ ਸੋਮਵਾਰ ਤੱਕ 10 ਜ਼ਿਲ੍ਹਿਆਂ- ਬਿਲਾਸਪੁਰ, ਚੰਬਾ, ਹਮੀਰਪੁਰ, ਕਾਂਗੜਾ, ਕੁੱਲੂ, ਮੰਡੀ, ਸ਼ਿਮਲਾ, ਸੋਲਨ, ਸਿਰਮੌਰ ਅਤੇ ਊਨਾ - ਦੇ ਹਿੱਸਿਆਂ ਵਿੱਚ ਅਚਾਨਕ ਹੜ੍ਹ ਆਉਣ ਦੇ ਦਰਮਿਆਨੇ ਤੋਂ ਉੱਚੇ ਖ਼ਤਰੇ ਦੀ ਚੇਤਾਵਨੀ ਦਿੱਤੀ ਹੈ। ਮੌਸਮ ਵਿਭਾਗ ਦੇ ਅੰਕੜਿਆਂ ਅਨੁਸਾਰ 2020 ਤੋਂ ਬਾਅਦ ਇਹ ਪਹਿਲਾ ਮੌਕਾ ਹੈ ਜਦੋਂ ਮੌਨਸੂਨ ਨੇ ਪੂਰੇ ਦੇਸ਼ ਵਿਚ ਅਗਾਊਂ ਦਸਤਕ ਦਿੱਤੀ ਹੈ।

ਮੌਸਮ ਵਿਭਾਗ ਨੇ ਇੱਕ ਬਿਆਨ ਵਿੱਚ ਕਿਹਾ, "ਮੌਨਸੂਨ ਨੂੰ ਰਾਜਸਥਾਨ, ਪੱਛਮੀ ਉੱਤਰ ਪ੍ਰਦੇਸ਼ ਅਤੇ ਹਰਿਆਣਾ ਦੇ ਬਾਕੀ ਹਿੱਸਿਆਂ ਅਤੇ ਪੂਰੀ ਦਿੱਲੀ ਵਿੱਚ ਪਹੁੰਚ ਗਿਆ।" ਵਿਭਾਗ ਅਨੁਸਾਰ, ਐਤਵਾਰ ਸਵੇਰੇ 8.30 ਵਜੇ ਖਤਮ ਹੋਏ ਪਿਛਲੇ 24 ਘੰਟਿਆਂ ਵਿੱਚ ਚੰਡੀਗੜ੍ਹ ਵਿੱਚ 119.5 ਮਿਲੀਮੀਟਰ ਮੀਂਹ ਪਿਆ। ਪੰਜਾਬ ਦੇ ਹੋਰ ਸਥਾਨਾਂ ਵਿੱਚ, ਫਿਰੋਜ਼ਪੁਰ, ਮੁਹਾਲੀ, ਲੁਧਿਆਣਾ, ਪਟਿਆਲਾ, ਪਠਾਨਕੋਟ ਅਤੇ ਰੂਪਨਗਰ ਵਿੱਚ ਮੀਂਹ ਪਿਆ। ਆਈਐਮਡੀ ਨੇ ਕਿਹਾ ਕਿ ਅਗਲੇ ਸੱਤ ਦਿਨਾਂ ਦੌਰਾਨ ਉੱਤਰ-ਪੱਛਮ, ਮੱਧ, ਪੂਰਬੀ ਅਤੇ ਉੱਤਰ-ਪੂਰਬੀ ਭਾਰਤ ਦੇ ਕਈ ਹਿੱਸਿਆਂ ਵਿੱਚ ਭਾਰੀ ਤੋਂ ਬਹੁਤ ਭਾਰੀ ਮੀਂਹ ਜਾਰੀ ਰਹਿਣ ਦੀ ਸੰਭਾਵਨਾ ਹੈ।

ਇੱਕ ਅਧਿਕਾਰੀ ਨੇ ਦੱਸਿਆ ਕਿ ਆਈਐਮਡੀ ਨੇ ਐਤਵਾਰ ਨੂੰ 'ਰੈੱਡ' ਅਲਰਟ ਜਾਰੀ ਕੀਤਾ ਹੈ ਅਤੇ 1 ਜੁਲਾਈ ਤੱਕ ਝਾਰਖੰਡ ਦੇ ਕੁਝ ਹਿੱਸਿਆਂ ਵਿੱਚ ਬਹੁਤ ਜ਼ਿਆਦਾ ਭਾਰੀ ਬਾਰਿਸ਼ ਹੋਣ ਦੀ ਭਵਿੱਖਬਾਣੀ ਕੀਤੀ ਹੈ। ਝਾਰਖੰਡ ਦੀ ਰਾਜਧਾਨੀ ਰਾਂਚੀ ਵਿੱਚ ਐਤਵਾਰ ਸਵੇਰ ਤੋਂ ਹੀ ਹਲਕੀ ਤੋਂ ਦਰਮਿਆਨੀ ਬਾਰਿਸ਼ ਹੋ ਰਹੀ ਹੈ।

# ਲਾਅ ਵਿਦਿਆਰਥਣ 'ਤੇ ਹਮਲਾ ਯੋਜਨਾਬੱਧ ਸੀ: ਪੁਲਿਸ; ਮੁਲਜ਼ਮਾਂ ਦੀ ਤਿੱਕੜੀ ਕਾਫੀ ਸਮੇਂ ਤੋਂ ਪੀੜਤਾ ਨੂੰ ਨਿਸ਼ਾਨਾ ਬਣਾ ਰਹੀ ਸੀ

**ਕੋਲਕਾਤਾ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਦੱਖਣੀ ਕੋਲਕਾਤਾ ਦੇ ਲਾਅ ਕਾਲਜ ਦੀ ਇੱਕ ਵਿਦਿਆਰਥਣ ਨਾਲ ਕਥਿਤ ਤੌਰ 'ਤੇ ਕੀਤੇ ਗਏ ਸਮੂਹਿਕ ਜਬਰ ਜਨਾਹ ਬਾਰੇ ਪੁਲੀਸ ਵੱਲੋਂ ਜਾਰੀ ਜਾਂਚ ਦੌਰਾਨ ਨਵੇਂ ਖੁਲਾਸੇ ਕੀਤੇ ਗਏ ਹਨ। ਪੁਲਿਸ ਅਧਿਕਾਰੀ ਨੇ ਸੋਮਵਾਰ ਨੂੰ ਦੱਸਿਆ ਕਿ ਕਾਲਜ ਵਿੱਚ ਇੱਕ ਵਿਦਿਆਰਥਣ ਨਾਲ ਕਥਿਤ ਗੈਂਗਰੇਪ ਦੇ ਸਬੰਧ ਵਿੱਚ ਗ੍ਰਿਫਤਾਰ ਕੀਤੇ ਗਏ ਚਾਰ ਵਿਅਕਤੀਆਂ ਵਿੱਚੋਂ ਤਿੰਨ ਨੇ ਇਸ ਹਮਲੇ ਦੀ ਪਹਿਲਾਂ ਤੋਂ ਯੋਜਨਾ ਬਣਾਈ ਹੋਈ ਸੀ।

ਘਟਨਾ ਦੀ ਜਾਂਚ ਕਰ ਰਹੀ ਨੌਂ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਦੇ ਜਾਸੂਸਾਂ ਨੇ ਇਹ ਵੀ ਪਾਇਆ ਕਿ ਤਿੰਨ ਮੁਲਜ਼ਮਾਂ - ਮਨੋਜੀਤ ਮਿਸ਼ਰਾ, ਪ੍ਰਤੀਮ ਮੁਖਰਜੀ ਅਤੇ ਜ਼ੈਦ ਅਹਿਮਦ - ਦਾ ਕਾਲਜ ਦੀਆਂ ਮਹਿਲਾ ਵਿਦਿਆਰਥਣਾਂ ਨੂੰ ਜਿਨਸੀ ਤੌਰ 'ਤੇ ਤੰਗ ਕਰਨ ਦਾ ਇਤਿਹਾਸ ਸੀ। ਜਦੋਂ ਕਿ ਚੌਥਾ ਮੁਲਜ਼ਮ ਕਾਲਜ ਦਾ ਸੁਰੱਖਿਆ ਗਾਰਡ ਹੈ।

ਅਧਿਕਾਰੀ ਅਨੁਸਾਰ ਮੁਲਜ਼ਮਾਂ ਦੀ ਤਿੱਕੜੀ ਅਜਿਹੀਆਂ ਘਟਨਾਵਾਂ ਨੂੰ ਆਪਣੇ ਮੋਬਾਈਲ ਫੋਨਾਂ ਵਿਚ ਰਿਕਾਰਡ ਕਰਦੀ ਅਤੇ ਬਾਅਦ ਵਿੱਚ ਫੁਟੇਜ ਦੀ ਵਰਤੋਂ ਪੀੜਤਾਂ ਨੂੰ ਬਲੈਕਮੇਲ ਕਰਨ ਲਈ ਕਰਦੇ ਸਨ। ਪੁਲਿਸ ਅਧਿਕਾਰੀ ਨੇ ਕਿਹਾ, "ਪੂਰਾ ਮਾਮਲਾ ਪਹਿਲਾਂ ਤੋਂ ਯੋਜਨਾਬੱਧ ਸੀ। ਤਿੰਨੇ ਕਈ ਦਿਨਾਂ ਤੋਂ ਪੀੜਤਾ 'ਤੇ ਇਹ ਤਸ਼ੱਦਦ ਕਰਨ ਦੀ ਸਾਜ਼ਿਸ਼ ਰਚ ਰਹੇ ਸਨ। ਅਸੀਂ ਪਾਇਆ ਹੈ ਕਿ ਜਿਸ ਦਿਨ ਪੀੜਤਾ ਨੇ ਕਾਲਜ ਵਿੱਚ ਦਾਖਲਾ ਲਿਆ ਸੀ, ਉਸੇ ਦਿਨ ਤੋਂ ਮੁੱਖ ਮੁਲਜ਼ਮਾਂ ਵੱਲੋਂ ਉਸ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਸੀ।"

ਕੋਲਕਾਤਾ ਪੁਲਿਸ ਨੇ ਤਿੰਨਾਂ ਵੱਲੋਂ ਕਥਿਤ ਤੌਰ 'ਤੇ ਫਿਲਮਾਈਆਂ ਗਈਆਂ ਮੋਬਾਈਲ ਵੀਡੀਓਜ਼ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਅਧਿਕਾਰੀ ਨੇ ਕਿਹਾ, "ਐਤਵਾਰ ਨੂੰ ਮੁਲਜ਼ਮ ਮੁਖਰਜੀ ਅਤੇ ਅਹਿਮਦ ਦੇ ਘਰਾਂ ਦੀ ਤਲਾਸ਼ੀ ਲਈ ਗਈ। ਅਸੀਂ ਸੰਭਵ ਤੌਰ 'ਤੇ ਹੋਰ ਘਟਨਾਵਾਂ ਨਾਲ ਸਬੰਧਤ ਫੁਟੇਜ ਦੀ ਭਾਲ ਕਰ ਰਹੇ ਹਾਂ।" ਜਾਂਚਕਰਤਾਵਾਂ ਨੇ ਇਹ ਵੀ ਕਿਹਾ ਕਿ 25 ਜੂਨ ਦੇ ਕਥਿਤ ਜਬਰ ਜਨਾਹ ਦੀ ਇੱਕ ਵੀਡੀਓ ਕਲਿੱਪ ਮੁਲਜ਼ਮਾਂ ਦੁਆਰਾ ਸਾਂਝੀ ਕੀਤੀ ਗਈ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਐੱਸਆਈਟੀ ਨੇ 25 ਤੋਂ ਵੱਧ ਲੋਕਾਂ ਦੀ ਸੂਚੀ ਤਿਆਰ ਕੀਤੀ ਹੈ, ਜਿਨ੍ਹਾਂ ਵਿੱਚ ਜ਼ਿਆਦਾਤਰ ਦੱਖਣੀ ਕੋਲਕਾਤਾ ਲਾਅ ਕਾਲਜ ਦੇ ਵਿਦਿਆਰਥੀ ਹਨ, ਜੋ 25 ਜੂਨ ਦੀ ਸ਼ਾਮ ਨੂੰ ਵਿਦਿਅਕ ਸੰਸਥਾ ਵਿੱਚ ਮੌਜੂਦ ਸਨ।

# ਫਾਰਮਾ ਪਲਾਂਟ ਵਿੱਚ ਧਮਾਕੇ ਕਾਰਨ 8 ਮੌਤਾਂ, 26 ਜ਼ਖਮੀ



**ਸੰਗਾਰੇਡੀ (ਤਿਲੰਗਾਨਾ), 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੇਦਕ ਜ਼ਿਲ੍ਹੇ ਦੇ ਇੱਕ ਫਾਰਮਾ ਪਲਾਂਟ ਵਿੱਚ ਹੋਏ ਸ਼ੱਕੀ ਧਮਾਕੇ ਕਾਰਨ 8 ਵਿਅਕਤੀਆਂ ਦੀ ਮੌਤ ਹੋ ਗਈ ਅਤੇ 26 ਹੋਰ ਜ਼ਖਮੀ ਹੋ ਗਏ ਹਨ। ਅਧਿਕਾਰੀਆਂ ਨੇ ਦੱਸਿਆ ਕਿ ਪਸ਼ਾਮਿੱਲਰਾਮ ਉਦਯੋਗਿਕ ਅਸਟੇਟ ਵਿਖੇ ਸਿਗਾਚੀ ਫਾਰਮਾ ਕੰਪਨੀ ਵਿੱਚ ਹਾਦਸੇ ਵਾਲੀ ਥਾਂ 'ਤੇ ਕਈ ਮਜ਼ਦੂਰਾਂ ਦੇ ਫਸੇ ਹੋਣ ਦਾ ਖਦਸ਼ਾ ਹੈ ਅਤੇ ਉਨ੍ਹਾਂ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ।

ਇਸ ਦੌਰਾਨ ਜ਼ਖਮੀਆਂ ਨੂੰ ਵੱਖ ਵੱਖ ਹਸਪਤਾਲਾਂ ਵਿਚ ਪਹੁੰਚਾਇਆ ਗਿਆ ਹੈ ਅਤੇ ਰਾਹਤ ਕਾਰਜ ਹਾਲੇ ਵੀ ਜਾਰੀ ਹਨ। ਅਧਿਕਾਰੀਆਂ ਨੇ ਕਿਹਾ ਕਿ ਅੱਗ ਬੁਝਾਉਣ ਲਈ ਫਾਇਰ ਟੈਂਡਰਾਂ ਨੂੰ ਬੁਲਾਇਆ ਗਿਆ ਹੈ। ਇੱਕ ਪੁਲੀਸ ਅਧਿਕਾਰੀ ਨੇ ਇਕ ਸਵਾਲ ਦੇ ਜਵਾਬ ਵਿਚ ਕਿਹਾ ਕਿ ਇਹ ਇੱਕ ਧਮਾਕਾ ਜਾਪਾਦਾ ਹੈ।

ਮੁੱਖ ਮੰਤਰੀ ਏ ਰੇਵੰਤ ਰੈੱਡੀ ਨੇ ਇਸ ਘਟਨਾ 'ਤੇ ਦੁੱਖ ਪਰਗਟ ਕਰਦਿਆਂ ਮਜ਼ਦੂਰਾਂ ਨੂੰ ਜਲਦ ਬਚਾਉਣ ਅਤੇ ਉੱਨਤ ਡਾਕਟਰੀ ਇਲਾਜ ਪ੍ਰਦਾਨ ਕਰਨ ਲਈ ਹੁਕਮ ਦਿੱਤੇ ਹਨ। ਕੰਪਨੀ ਦੀ ਵੈੱਬਸਾਈਟ ਦੇ ਅਨੁਸਾਰ, ਸਿਗਾਚੀ ਇੰਡਸਟਰੀਜ਼ ਲਿਮਟਿਡ ਇੱਕ ਫਾਰਮਾਸਿਊਟੀਕਲ ਉਦਯੋਗ ਹੈ ਜੋ ਐਕਟਿਵ ਫਾਰਮਾਸਿਊਟੀਕਲ ਇੰਗ੍ਰੇਡੀਐਂਟਸ (APIs), ਇੰਟਰਮੀਡੀਏਟਸ, ਐਕਸੀਪੀਐਂਟਸ, ਵਿਟਾਮਿਨ-ਮਿਨਰਲ ਮਿਸ਼ਰਣਾਂ, ਅਤੇ ਅਪਰੇਸ਼ਨ ਅਤੇ ਮੈਨੇਜਮੈਂਟ (O&M) ਸੇਵਾਵਾਂ ਵਿੱਚ ਮੋਹਰੀ ਤਰੱਕੀ ਲਈ ਸਮਰਪਿਤ ਹੈ।

# ਮਾਲੇਰਕੋਟਲਾ ਪੁਲਿਸ ਵੱਲੋਂ ਸਪਸ਼ਟੀਕਰਨ ਅਤੇ ਜਨਤਾ ਨੂੰ ਸ਼ਾਂਤੀ ਬਣਾਈ ਰੱਖਣ ਦੀ ਅਪੀਲ

**ਮਾਲੇਰਕੋਟਲਾ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਕਾਲੀ ਮਾਲਾ ਮੰਦਰ ਵਿਖੇ ਹਾਲ ਹੀ 'ਚ ਵਾਪਰੀ ਘਟਨਾ ਸੰਬੰਧੀ ਮਾਲੇਰਕੋਟਲਾ ਪੁਲਿਸ ਵੱਲੋਂ ਅਧਿਕਾਰਤ ਬਿਆਨ ਜਾਰੀ ਕਰਦਿਆਂ ਡੀ.ਐਸ.ਪੀ. ਮਾਨਵਜੀਤ ਸਿੰਘ ਨੇ ਕਿਹਾ ਕਿ ਇਸ ਮਾਮਲੇ ਦੀ ਪੂਰੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਵੱਲੋਂ ਹਰੇਕ ਪੱਖ ਤੋਂ ਤਫਤੀਸ਼ ਕਰ ਰਹੀ ਹੈ ਤਾਂ ਜੋ ਤੱਥਾਂ ਦੀ ਪੂਰੀ ਪੜਤਾਲ ਹੋ ਸਕੇ ਅਤੇ ਸੱਚ ਸਾਹਮਣੇ ਆ ਸਕੇ।

ਉਨ੍ਹਾਂ ਉਕਤ ਮਾਮਲੇ ਸਬੰਧੀ ਸਪਸਟ ਕਰਦਿਆ ਕਿਹਾ ਕਿ ਸ਼ੁਰੂ ਤੋਂ ਹੀ ਕਾਨੂੰਨੀ ਕਾਰਵਾਈ ਅਨੁਸਾਰ ਪੜਤਾਲ ਕੀਤੀ ਜਾ ਰਹੀ ਹੈ। ਜੋ ਵੀ ਵਿਅਕਤੀ ਜਾਂ ਤੱਤ ਕਾਨੂੰਨ ਦੀ ਉਲੰਘਣਾ ਕਰਦੇ ਪਾਏ ਜਾਣਗੇ, ਉਨ੍ਹਾਂ ਖਿਲਾਫ਼ ਬਿਨਾਂ ਕਿਸੇ ਭੇਦਭਾਵ ਦੇ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਹੋਰ ਸਪਸ਼ਟ ਕਰਦਿਆਂ ਕਿਹਾ ਕਿ ਕਿਸੇ ਕਿਸਮ ਦੀ ਲਾਪਰਵਾਹੀ ਜਾਂ ਢਿੱਲ ਨਹੀਂ ਵਰਤੀ ਜਾਵੇਗੀ।

ਡੀ.ਐਸ.ਪੀ. ਮਾਨਵਜੀਤ ਸਿੰਘ ਨੇ ਮਾਲੇਰਕੋਟਲਾ ਪੁਲਿਸ ਵੱਲੋਂ ਜਨਤਾ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਬੇਬੁਨਿਆਦ ਅਫ਼ਵਾਹ ਜਾਂ ਗਲਤ ਖ਼ਬਰ ਨੂੰ ਨਾ ਫੈਲਣ ਦੇਣ । ਅਜਿਹੀਆਂ ਅਫ਼ਵਾਹਾਂ ਨਾਲ ਨਾ ਸਿਰਫ਼ ਸਥਾਨਕ ਠਹਿਰਾਵ ਨੂੰ ਨੁਕਸਾਨ ਪਹੁੰਚਦਾ ਹੈ, ਸਗੋਂ ਸਮਾਜ ਵਿੱਚ ਗਲਤ ਫੈਲਾਵ ਪੈਦਾ ਹੁੰਦਾ ਹੈ ਜੋ ਅਕਸਰ ਨਿਰਦੋਸ਼ ਲੋਕਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ।



ਉਨ੍ਹਾਂ ਮਾਲੇਰਕੋਟਲਾ ਪੁਲਿਸ ਵੱਲੋਂ ਸਾਰੇ ਨਾਗਰਿਕਾਂ ਨੂੰ ਇਹ ਯਕੀਨ ਦਿਵਾਇਆ ਕਿ ਸ਼ਹਿਰ ਦੀ ਅਮਨ-ਚੈਨ ਦੀ ਹਾਲਤ ਨੂੰ ਬਣਾਈ ਰੱਖਣ ਲਈ ਹਰ ਸੰਭਵ ਉਪਰਾਲਾ ਕੀਤਾ ਜਾ ਰਿਹਾ ਹੈ। ਸਾਰੇ ਧਰਮਾਂ ਅਤੇ ਭਾਈਚਾਰੇ ਦੇ ਲੋਕਾਂ ਨੂੰ ਸ਼ਾਂਤੀ ਅਤੇ ਸਦਭਾਵਨਾ ਕਾਇਮ ਰੱਖਣ ਵਿੱਚ ਆਪਣੀ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ ਗਈ ਹੈ।

ਪੁਲਿਸ ਵੱਲੋਂ ਇਹ ਵੀ ਕਿਹਾ ਗਿਆ ਹੈ ਕਿ ਕਿਸੇ ਵੀ ਤੱਥ ਜਾਂ ਮਦਦ ਦੀ ਲੋੜ ਹੋਣ 'ਤੇ ਲੋਕ ਤੁਰੰਤ 112 ਐਮਰਜੈਂਸੀ ਨੰਬਰ ਜਾਂ ਨਜ਼ਦੀਕੀ ਪੁਲਿਸ ਥਾਣੇ ਨਾਲ ਸੰਪਰਕ ਕਰ ਸਕਦੇ ਹਨ। ਕੋਈ ਵੀ ਜਾਣਕਾਰੀ, ਸ਼ੱਕੀ ਗਤੀਵਿਧੀ ਜਾਂ ਤਤਕਾਲ ਸਹਾਇਤਾ ਦੀ ਲੋੜ ਹੋਣ 'ਤੇ ਪੁਲਿਸ ਤੁਹਾਡੀ ਸੇਵਾ ਲਈ ਹਮੇਸ਼ਾ ਤਤਪਰ ਹੈ।

ਮਾਲੇਰਕੋਟਲਾ ਪੁਲਿਸ ਵੱਲੋਂ ਸਮੂਹ ਲੋਕਾਂ ਨੂੰ ਅਧਿਕਾਰਤ ਸਰੋਤਾਂ ਰਾਹੀਂ ਹੀ ਜਾਣਕਾਰੀ ਲੈਣ ਅਤੇ ਸ਼ਾਂਤੀ ਬਣਾਈ ਰੱਖਣ ਦੀ ਨਿਮਰ ਅਪੀਲ ਕੀਤੀ ਗਈ ਹੈ।

## ਸੰਪਾਦਕੀ

# ਲਿੰਗਕ ਤਰਜੀਹਾਂ ਪ੍ਰਤੀ ਵਿਸ਼ਵਵਿਆਪੀ ਰਵੱਈਆ

ਲਿੰਗਕ ਤਰਜੀਹਾਂ ਪ੍ਰਤੀ ਵਿਸ਼ਵਵਿਆਪੀ ਰਵੱਈਏ 'ਚ ਸੂਖ਼ਮ ਪਰ ਮਹੱਤਵਪੂਰਨ ਤਬਦੀਲੀ ਆ ਰਹੀ ਹੈ। ਜਿਵੇਂ ਹਾਲ ਹੀ ਵਿੱਚ 'ਦਿ ਇਕੌਨੋਮਿਸਟ' ਵੱਲੋਂ ਰਿਪੋਰਟ ਕੀਤਾ ਗਿਆ ਹੈ ਕਿ ਲੜਕਿਆਂ ਦੇ ਪੱਖ 'ਚ ਸਦੀਆਂ ਪੁਰਾਣਾ ਝੁਕਾਅ ਹੁਣ ਫਿੱਕਾ ਪੈ ਰਿਹਾ ਹੈ। ਵਿਸ਼ਵ ਭਰ ਵਿੱਚ ਵਾਧੂ ਮਰਦਾਨਾ ਜਨਮਾਂ ਦੀ ਗਿਣਤੀ ਜੋ ਸੰਨ 2000 ਵਿੱਚ 17 ਲੱਖ ਸੀ, 2025 ਵਿੱਚ ਘਟ ਕੇ ਲਗਭਗ 2 ਲੱਖ ਰਹਿ ਗਈ ਹੈ। ਇਹ ਜਣਨ ਚੋਣ ਵਿੱਚ ਨਾਟਕੀ ਉਲਟ-ਫੇਰ ਦਾ ਸੰਕੇਤ ਹੈ। ਦੱਖਣੀ ਕੋਰੀਆ ਅਤੇ ਚੀਨ ਵਿੱਚ ਲਿੰਗ ਅਨੁਪਾਤ ਆਮ ਹੋ ਚੁੱਕਾ ਹੈ; ਇੱਥੋਂ ਤੱਕ ਕਿ ਧੀਆਂ ਨੂੰ ਤਰਜੀਹ ਦੇਣ ਦੇ ਸੰਕੇਤ ਮਿਲਣੇ ਸ਼ੁਰੂ ਹੋ ਗਏ ਹਨ। ਇਹ ਤਬਦੀਲੀ ਕਿਉਂ ਆਈ ਹੈ ? ਲੜਕੀਆਂ ਨੂੰ ਵਧੇਰੇ ਭਰੋਸੇਮੰਦ ਦੇਖਭਾਲ ਕਰਨ ਵਾਲੀਆਂ, ਠੋਸ ਅਕਾਦਮਿਕ ਪ੍ਰਦਰਸ਼ਨ ਕਰਨ ਵਾਲੀਆਂ ਤੇ ਪਰਿਵਾਰ ਨਾਲ ਜੁੜੇ ਰਹਿਣ ਦੀ ਵਧੇਰੇ ਸੰਭਾਵਨਾ ਵਾਲੀਆਂ ਸੰਤਾਨਾਂ ਵਜੋਂ ਦੇਖਿਆ ਜਾਂਦਾ ਹੈ। ਕਈ ਦੇਸ਼ਾਂ ਵਿੱਚ ਹੁਣ ਔਰਤਾਂ ਮਰਦਾਂ ਨਾਲੋਂ ਵਧੇਰੇ ਬੈਚਲਰ ਡਿਗਰੀਆਂ ਪ੍ਰਾਪਤ ਕਰਦੀਆਂ ਹਨ। ਪੱਛਮੀ ਦੇਸ਼ਾਂ ਵਿੱਚ ਗੋਦ ਲੈਣ ਅਤੇ ਆਈਵੀਐੱਫ ਦਾ ਡੇਟਾ ਵੀ ਧੀਆਂ ਨੂੰ ਚੁਣਨ ਪ੍ਰਤੀ ਸਪੱਸ਼ਟ ਝੁਕਾਅ ਦਿਖਾਉਂਦਾ ਹੈ।

ਭਾਰਤ ਵਧੇਰੇ ਗੁੰਝਲਦਾਰ ਤਸਵੀਰ ਪੇਸ਼ ਕਰਦਾ ਹੈ। ਸਰਕਾਰੀ ਅੰਕੜੇ ਭਾਵੇਂ ਦੱਸਦੇ ਹਨ ਕਿ ਦੇਸ਼ ਦੇ ਬਾਲ ਲਿੰਗ ਅਨੁਪਾਤ ਵਿੱਚ ਸੁਧਾਰ ਹੋਇਆ ਹੈ (ਖ਼ਾਸਕਰ ਲਿੰਗ ਦੇਖ ਕੇ ਹੁੰਦੇ ਗਰਭਪਾਤ 'ਤੇ ਕਾਨੂੰਨੀ ਕਾਰਵਾਈਆਂ ਅਤੇ ਜਾਗਰੂਕਤਾ ਮੁਹਿੰਮਾਂ ਕਾਰਨ), ਫਿਰ ਵੀ ਪੁੱਤਰਾਂ ਨੂੰ ਤਰਜੀਹ ਦੇਣ ਦੀ ਡੂੰਘੀ ਇੱਛਾ ਕਿਤੇ ਨਾ ਕਿਤੇ ਕਾਇਮ ਹੈ। ਰਾਸ਼ਟਰੀ ਪਰਿਵਾਰਕ ਸਿਹਤ ਸਰਵੇਖਣ-5 (2019-21) ਅਨੁਸਾਰ ਲਗਭਗ 15 ਪ੍ਰਤੀਸ਼ਤ ਭਾਰਤੀ ਮਾਪੇ ਅਜੇ ਵੀ ਧੀਆਂ ਨਾਲੋਂ ਪੁੱਤਰਾਂ ਦੀ ਵੱਧ ਇੱਛਾ ਪ੍ਰਗਟ ਕਰਦੇ ਹਨ। ਹਰਿਆਣਾ, ਪੰਜਾਬ ਅਤੇ ਉੱਤਰ ਪ੍ਰਦੇਸ਼ ਵਿੱਚ ਵਿਗੜਿਆ ਬਾਲ ਲਿੰਗ ਅਨੁਪਾਤ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਤੋਂ ਇਲਾਵਾ ਭਾਰਤ ਵਿੱਚ ਧੀ ਨੂੰ ਤਰਜੀਹ ਚਾਹੇ ਜਿੱਥੇ ਵੀ ਮਿਲੇ, ਅਕਸਰ ਸ਼ਰਤੀ ਨਾਲ ਹੁੰਦੀ ਹੈ। ਕੁੜੀਆਂ ਨੂੰ ਭਾਵਨਾਤਮਕ ਸਹਾਰੇ ਜਾਂ ਘਰੇਲੂ ਸਥਿਰਤਾ ਲਈ ਮਹੱਤਵ ਦਿੱਤਾ ਜਾ ਸਕਦਾ ਹੈ, ਪਰ ਜ਼ਰੂਰੀ ਨਹੀਂ ਕਿ ਉਨ੍ਹਾਂ ਨੂੰ ਪੋਸ਼ਣ, ਸਿੱਖਿਆ ਜਾਂ ਵਿਰਾਸਤ ਤੱਕ ਬਰਾਬਰ ਪਹੁੰਚ ਦਿੱਤੀ ਜਾਵੇ। ਦਹੇਜ ਵਰਗੀਆਂ ਸੱਭਿਆਚਾਰਕ ਪ੍ਰਥਾਵਾਂ ਅਤੇ ਇਹ ਧਾਰਨਾ ਕਿ ਧੀਆਂ 'ਕਿਸੇ ਹੋਰ ਪਰਿਵਾਰ ਦੀਆਂ ਹੁੰਦੀਆਂ ਹਨ', ਪੇਂਡੂ ਤੇ ਸ਼ਹਿਰੀ ਗ਼ਰੀਬ ਤਬਕੇ ਵਿੱਚ ਕੁੜੀਆਂ ਨੂੰ ਹਾਸ਼ੀਏ 'ਤੇ ਰੱਖਦੀਆਂ ਹਨ।

ਲਿੰਗ ਸਮਾਨਤਾ ਵੱਲ ਤੁਰੀ ਇਸ ਆਲਮੀ ਲਹਿਰ ਨੂੰ ਭਾਰਤ ਤੋਂ ਪਾਸੇ ਹੋ ਕੇ ਨਹੀਂ ਲੰਘਣਾ ਚਾਹੀਦਾ। ਨੀਤੀਗਤ ਦਖ਼ਲ ਮਹਿਜ਼ ਜਨਮ ਦੇ ਅੰਕੜਿਆਂ ਤੋਂ ਅੱਗੇ ਵਧਣਾ ਚਾਹੀਦਾ ਹੈ। ਕੁੜੀਆਂ ਦੀ ਸਿੱਖਿਆ ਨੂੰ ਉਤਸ਼ਾਹਿਤ ਕਰ ਕੇ, ਬਰਾਬਰ ਜਾਇਦਾਦ ਦੇ ਅਧਿਕਾਰਾਂ ਨੂੰ ਲਾਗੂ ਕਰ ਕੇ, ਦਹੇਜ ਨੂੰ ਖ਼ਤਮ ਤੇ ਬਜ਼ੁਰਗਾਂ ਦੀ ਸਮਾਜਿਕ ਸੁਰੱਖਿਆ ਨੂੰ ਇਸ ਤਰ੍ਹਾਂ ਯਕੀਨੀ ਕਰ ਕੇ ਕਿ ਉਹ ਇਸ ਲਈ ਆਪਣੇ ਬੱਚਿਆਂ ਦੇ ਲਿੰਗ 'ਤੇ ਨਿਰਭਰ ਨਾ ਰਹਿਣ, ਬਰਾਬਰੀ ਦਾ ਰਾਹ ਪੱਧਰਾ ਕਰਨ 'ਚ ਮਦਦ ਮਿਲ ਸਕਦੀ ਹੈ।

# ਇਰਾਨ ਤੇ ਇਜ਼ਰਾਈਲ ਵਿਚਾਲੇ ਜੰਗਬੰਦੀ ਖ਼ਤਰੇ 'ਚ

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਜਾਪਦਾ ਹੈ ਕਿ ਇਹ ਮੰਨਣਾ ਸ਼ੁਰੂ ਕਰ ਦਿੱਤਾ ਹੈ ਕਿ ਜੰਗਬੰਦੀ ਸੌਖਾ ਜਿਹਾ ਕੰਮ ਹੈ ਜਿਹੜਾ ਉਨ੍ਹਾਂ ਵੱਲੋਂ ਕਦੇ ਅਤੇ ਕਿਤੇ ਵੀ ਕਰਵਾਇਆ ਜਾ ਸਕਦਾ ਹੈ। ਟਰੰਪ ਵੱਲੋਂ ਦੁਨੀਆ ਨੂੰ ਇਹ ਦੱਸਿਆਂ ਅਜੇ ਡੇਢ ਮਹੀਨਾ ਹੀ ਹੋਇਆ ਸੀ ਕਿ ਭਾਰਤ ਅਤੇ ਪਾਕਿਸਤਾਨ ਅਮਰੀਕਾ ਦੇ ਕਹਿਣ 'ਤੇ ਜੰਗਬੰਦੀ ਲਈ ਸਹਿਮਤ ਹੋਏ ਸਨ ਤੇ ਹੁਣ ਉਨ੍ਹਾਂ ਇਜ਼ਰਾਈਲ ਤੇ ਇਰਾਨ ਦੀ ਲੜਾਈ ਬਾਰੇ ਵੀ ਅਜਿਹਾ ਹੀ ਐਲਾਨ ਕਰ ਦਿੱਤਾ ਹੈ। ਪਰ ਇਹ ਸਥਿਤੀ ਜ਼ਿਆਦਾ ਦੇਰ ਤੱਕ ਕਾਇਮ ਨਾ ਰਹਿ ਸਕੀ ਤੇ ਹਾਲਾਤ ਤੇਜ਼ੀ ਨਾਲ ਮੁੜ ਉੱਥੇ ਹੀ ਪਹੁੰਚ ਗਏ। ਇਜ਼ਰਾਈਲ ਅਤੇ ਇਰਾਨ ਵਿਚਕਾਰ ਵਿਸ਼ਵਾਸ ਦੀ ਘਾਟ ਕਾਰਨ ਦੁਸ਼ਮਣੀ ਬਰਕਰਾਰ ਹੈ। ਦੋਵਾਂ ਪਾਸਿਆਂ ਤੋਂ ਜੰਗਬੰਦੀ ਦੀਆਂ ਉਲੰਘਣਾਵਾਂ ਤੋਂ ਨਿਰਾਸ਼ ਹੋ ਕੇ ਟਰੰਪ ਨੇ ਮੰਨਿਆ ਹੈ ਕਿ ਉਹ ਇਜ਼ਰਾਈਲ ਤੋਂ 'ਸੱਚੀਮੁੱਚੀ ਨਾਖੁਸ਼' ਹਨ ਅਤੇ ਉਨ੍ਹਾਂ ਤਲ ਅਵੀਵ ਨੂੰ ਬਦਲਾਅ ਦੇ ਤੌਰ 'ਤੇ ਆਪਣੇ ਢੰਗ-ਤਰੀਕੇ ਸੁਧਾਰਨ ਤੇ ਸਿਆਣਪ ਵਰਤਣ ਦੀ ਵੀ ਚਿਤਾਵਨੀ ਦਿੱਤੀ ਹੈ। ਵੱਡਾ ਸਵਾਲ ਇਹ ਹੈ ਕਿ ਕੀ ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਆਪਣੇ ਦੋਸਤ ਡੋਨਲਡ ਟਰੰਪ ਦੀ ਗੱਲ ਸੁਣਨਗੇ ਅਤੇ ਸੰਜਮ ਵਰਤਣਗੇ, ਜੋ ਉਨ੍ਹਾਂ ਪਹਿਲਾਂ ਕਦੇ ਵੀ ਨਹੀਂ ਵਰਤਿਆ ?

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਇਹ ਯਕੀਨੀ ਬਣਾਉਣ ਲਈ ਬੇਤਾਬ ਹਨ ਕਿ ਇਜ਼ਰਾਈਲ ਤੇ ਇਰਾਨ ਸਮਝੌਤਾ ਕਾਇਮ ਰਹੇ। ਜੇ ਇਹ ਢਹਿ ਜਾਂਦਾ ਹੈ ਤਾਂ ਇਰਾਨੀ ਪਰਮਾਣੂ ਟਿਕਾਣਿਆਂ 'ਤੇ ਹਵਾਈ ਹਮਲੇ ਦਾ ਉਨ੍ਹਾਂ ਵਲੋਂ ਖੇਡਿਆ ਗਿਆ ਜੂਆ ਬਹੁਤ ਵੱਡੀ ਭੁੱਲ ਸਾਬਿਤ ਹੋਵੇਗਾ। ਕਤਰ ਵਿੱਚ ਅਮਰੀਕੀ ਫ਼ੌਜੀ ਅੱਡੇ 'ਤੇ ਤਹਿਰਾਨ ਦੇ ਜਵਾਬੀ ਮਿਜ਼ਾਈਲ ਹਮਲੇ ਨੇ ਸ਼ਾਇਦ ਡੋਨਲਡ ਟਰੰਪ ਨੂੰ ਇਹ ਅਹਿਸਾਸ ਕਰਵਾ ਦਿੱਤਾ ਹੈ ਕਿ ਉਨ੍ਹਾਂ ਲੋੜੋਂ ਵੱਧ ਪੰਗਾ ਲੈ ਲਿਆ ਹੈ। ਦੋਵਾਂ ਧਿਰਾਂ ਨੂੰ 'ਸੰਪੂਰਨ ਅਤੇ ਵਿਆਪਕ ਜੰਗਬੰਦੀ' ਲਈ ਸਹਿਮਤ ਕਰਨ ਦੀ ਉਨ੍ਹਾਂ ਦੀ ਤੀਬਰ ਕੋਸ਼ਿਸ਼ ਵਿੱਚੋਂ ਇਹ ਜ਼ਾਹਿਰ ਵੀ ਹੋ ਰਿਹਾ ਹੈ।

ਨੇਤਨਯਾਹੂ ਨੇ ਦਾਅਵਾ ਕੀਤਾ ਹੈ ਕਿ ਇਜ਼ਰਾਈਲ ਨੇ ਇਰਾਨ ਵਿਰੁੱਧ 12 ਦਿਨਾਂ ਦੇ ਅਪਰੇਸ਼ਨ ਵਿੱਚ ਆਪਣੇ ਸਾਰੇ ਜੰਗੀ ਟੀਚੇ ਪ੍ਰਾਪਤ ਕਰ ਲਏ ਹਨ, ਜਿਸ ਵਿੱਚ ਇਰਾਨ ਦੇ ਪਰਮਾਣੂ ਅਤੇ ਬੈਲਿਸਟਿਕ ਮਿਜ਼ਾਈਲ ਪ੍ਰੋਗਰਾਮਾਂ ਦੇ ਖ਼ਤਰੇ ਨੂੰ ਦੂਰ ਕਰਨਾ ਸ਼ਾਮਿਲ ਹੈ। ਇਰਾਨੀ ਲੀਡਰਸ਼ਿਪ, ਜਿਸ ਨੂੰ ਬਿਨਾਂ ਸ਼ੱਕ ਭਾਰੀ ਨੁਕਸਾਨ ਹੋਇਆ ਹੈ, ਆਪਣੀ ਵਾਜਬੀਅਤ ਅਤੇ ਦਬਦਬੇ ਨੂੰ ਮੁੜ ਕਾਇਮ ਕਰਨ ਦੇ ਔਖੇ ਕਾਰਜ ਦਾ ਸਾਹਮਣਾ ਕਰ ਰਹੀ ਹੈ।

ਖੇਤਰ ਵਿੱਚ ਸਥਾਈ ਸ਼ਾਂਤੀ ਇਜ਼ਰਾਈਲ ਅਤੇ ਅਮਰੀਕਾ ਦੇ ਸੰਜਮ ਵਰਤਣ 'ਤੇ ਨਿਰਭਰ ਕਰਦੀ ਹੈ। ਫਿਲਹਾਲ, ਇਰਾਨ ਵਿੱਚ ਸੱਤਾ ਤਬਦੀਲੀ ਤੋਂ ਧਿਆਨ ਪਾਸੇ ਕਰ ਲਿਆ ਗਿਆ ਹੈ। ਇਹ ਇਰਾਨ ਨੂੰ ਚੁੱਪ-ਚਾਪ ਆਪਣੇ ਆਪ ਨੂੰ ਸੰਭਾਲਣ ਦਾ ਮੌਕਾ ਦਿੰਦਾ ਹੈ। ਬਹੁਤ ਕੁਝ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਬੁਰੀ ਤਰ੍ਹਾਂ ਫੱਟੜ ਤਹਿਰਾਨ ਨੂੰ ਤੰਦਰੁਸਤ ਹੋਣ ਅਤੇ ਇਜ਼ਰਾਈਲ ਲਈ ਨਵੀਂ ਚੁਣੌਤੀ ਖੜ੍ਹੀ ਕਰਨ ਵਿੱਚ ਕਿੰਨਾ ਸਮਾਂ ਲੱਗਦਾ ਹੈ।

# ਜ਼ਿਲ੍ਹਾ ਕਾਨੂੰਨੀ ਸੇਵਾਵਾ ਅਥਾਰਟੀ ਨੇ ਪੁਰਹੀਰਾਂ ਵਿਖੇ ਲਗਾਇਆ ਜਾਗਰੂਕਤਾ ਕੈਂਪ



**ਹੁਸ਼ਿਆਰਪੁਰ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ- ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਰਜਿੰਦਰ ਅਗਰਵਾਲ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਅੱਜ ਪੁਰਹੀਰਾਂ ਵਿਖੇ ਇਕ ਵਿਸ਼ੇਸ਼ ਜਾਗਰੂਕਤਾ ਕੈਂਪ ਲਗਾਇਆ ਗਿਆ।

ਨਗਰ ਨਿਗਮ ਦੇ ਮੇਅਰ ਸੁਰਿੰਦਰ ਕੁਮਾਰ ਨੇ ਇਸ ਕੈਂਪ ਵਿਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਆਮ ਲੋਕਾਂ ਨੂੰ ਕਾਨੂੰਨੀ ਸਹਾਇਤਾ ਬਾਰੇ ਜਾਗਰੂਕ ਕਰਨਾ ਅੱਜ ਸਮੇਂ ਦੀ ਮੁੱਖ ਲੋੜ ਹੈ।

ਇਸ ਦੌਰਾਨ ਪੈਨਲ ਐਡਵੋਕੇਟ ਸ਼ਵੇਤਾ ਸ਼ਰਮਾ ਅਤੇ ਪੈਰਾਲੀਗਲ ਵਲੰਟੀਅਰ ਬਲਵੀਰ ਸਿੰਘ ਵੱਲੋਂ ਮੁਫ਼ਤ ਕਾਨੂੰਨੀ ਸਲਾਹ-ਮਸ਼ਵਰਾ, ਉਪ ਮੰਡਲ ਅਦਾਲਤਾਂ, ਜ਼ਿਲ੍ਹਾ ਅਦਾਲਤਾਂ, ਮਾਨਯੋਗ ਹਾਈਕੋਰਟ ਜਾਂ ਮਾਨਯੋਗ ਸੁਪਰੀਮ ਕੋਰਟ ਪੱਧਰ 'ਤੇ ਦੀਵਾਨੀ, ਫ਼ੌਜਦਾਰੀ ਅਤੇ ਮਾਲ ਦੀਆਂ ਕਚਹਿਰੀਆਂ ਵਿਚ ਚਾਰਾਜੋਈ ਲਈ ਵਕੀਲ ਦੀਆਂ ਸੇਵਾਵਾਂ, ਕੋਰਟ ਫੀਸ, ਤਲਬਾਨਾ ਫੀਸ, ਗਵਾਹਾਂ ਦੇ ਖਰਚਿਆਂ, ਵਕੀਲ ਦੀ ਫੀਸ ਅਤੇ ਮੁਕੱਦਮੇ ਬਾਬਤ ਹੋਰ, ਫੁੱਟਕਲ ਖ਼ਰਚਿਆਂ ਦੀ ਸਰਕਾਰ ਵਲੋਂ ਅਦਾਇਗੀ, ਮੀਡੀਏਸ਼ਨ (ਵਿਚੋਲਗੀ) ਅਤੇ ਲੋਕ ਅਦਾਲਤਾਂ ਰਾਹੀਂ ਵਿਵਾਦਾ ਦਾ ਨਿਪਟਾਰਾ ਅਤੇ ਹਰੇਕ ਹਵਾਲਾਤੀ/ ਮੁਜਰਿਮ ਨੂੰ ਰਿਮਾਂਡ ਦੌਰਾਨ ਵਕੀਲਾਂ ਦੀਆਂ ਮੁਫਤ ਸੇਵਾਵਾ ਆਦਿ ਦਿੱਤੇ ਜਾਣ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ।

ਇਸ ਮੌਕੇ ਹਰਪਾਲ ਸਿੰਘ ਪਾਲਾ, ਪੰਚਾਇਤ ਅਫਸਰ ਹਰਭਜਨ ਸਿੰਘ, ਡਾ. ਕ੍ਰਿਸ਼ਨ ਗੋਪਾਲ, ਰੋਸ਼ਨ ਲਾਲ, ਸ਼ਿੰਦਰਪਾਲ ਫਿੱਟਰ, ਰਾਮ ਦਿਆਲ, ਬਲਵਿੰਦਰ ਰਾਜ ਵਿਰਦੀ, ਬਿੱਟੂ ਕੋਹਲੀ, ਪਰਮਜੀਤ ਕੋਹਲੀ, ਸੂਰਜ ਮੋਹਨ ਪਿੰਟੂ, ਰਾਜੂ ਬੇਦੀ, ਅਮਰਜੀਤ ਚੌਧਰੀ, ਸੁਰਜੀਤ ਯੂਨੀਅਨ ਬੈਂਕ, ਰਕੇਸ਼ ਭਾਟੀਆਂ, ਸ਼ਿੰਦਰਪਾਲ ਫਿੱਟਰ, ਨਰਿੰਦਰ ਨਿੰਦੀ ਐਡਵੋਕੇਟ, ਸ਼ਿੰਦਰਪਾਲ ਫਿੱਟਰ, ਅਭਿਸ਼ੇਕ ਮੋਦਗਿੱਲ ਐਡਵੋਕੇਟ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।

# ਨਗਰ ਕੌਂਸਲ ਖਰੜ ਦੇ ਪ੍ਰਧਾਨ ਦੇ ਅਹੁੱਦੇ ਲਈ ਹੋਈ ਚੋਣ ਵਿਚ ਕੌਂਸਲਰ ਅੰਜੂ ਚੰਦਰ ਸਰਬ ਸੰਮਤੀ ਨਾਲ ਪ੍ਰਧਾਨ ਚੁਣੇ ਗਏ

**ਖਰੜ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਨਗਰ ਕੌਂਸਲ ਖਰੜ ਦੇ ਦਫਤਰ ਵਿਚ ਐਸ.ਡੀ.ਐਮ.-ਕਮ-ਕਨਵੀਨਰ ਦਿਵਿਆ ਪੀ ਆਈ.ਏ.ਐਸ.ਦੀ ਦੇਖ ਰੇਖ ਵਿਚ ਨਗਰ ਕੌਂਸਲ ਖਰੜ ਦੇ ਪ੍ਰਧਾਨ ਦੀ ਚੋਣ ਹੋਈ ਜਿਸ ਵਿਚ ਵਾਰਡ ਨੰ:16 ਤੋਂ 'ਆਪ' ਦੀ ਉਪ ਚੋਣ ਵਿਚ ਜੇਤੂ ਕੌਂਸਲਰ ਅੰਜੂ ਚੰਦਰ ਪ੍ਰਧਾਨ ਚੁਣੇ ਗਏ। ਉਹ ਇਸ ਤੋਂ ਪਹਿਲਾਂ ਵੀ ਨਗਰ ਕੌਂਸਲ ਖਰੜ ਦੇ ਪ੍ਰਧਾਨ ਰਹਿ ਚੁੱਕੇ ਹਨ। ਸਾਬਕਾ ਕੈਬਨਿਟ ਮੰਤਰੀ ਤੇ ਵਿਧਾਨ ਸਭਾ ਹਲਕਾ ਖਰੜ ਦੀ ਵਿਧਾਇਕ ਅਨਮੋਲ ਗਗਨ ਮਾਨ ਨੇ ਮਿਉਂਸਪਲ ਕੌਂਸਲਰਾਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਕੌਂਸਲ ਦੀ ਇਸ ਚੋਣ ਵਿਚ ਅਸੀ ਕੌਂਸਲਰ ਅੰਜੂ ਚੰਦਰ ਦਾ ਨਾਂ ਪੇਸ਼ ਕੀਤਾ ਅਤੇ ਉਨ੍ਹਾਂ ਦੇ ਮੁਕਾਬਲੇ ਵਿਚ ਕੋਈ ਹੋਰ ਉਮੀਦਵਾਰ ਨਹੀ ਸੀ ਜਿਸ ਕਾਰਨ ਕੌਂਸਲਰਾਂ ਨੇ ਏਕਤਾ ਦਿਖਾਈ ਤੇ ਮਾਣ ਰੱਖਿਆ ਅਤੇ ਕੌਂਸਲਰ ਅੰਜੂ ਚੰਦਰ ਨੂੰ ਸਰਬ ਸੰਮਤੀ ਨਾਲ ਕੌਂਸਲ ਦਾ ਪ੍ਰਧਾਨ ਚੁਣ ਲਿਆ ਗਿਆ। ਉਨ੍ਹਾਂ ਨੂੰ ਇਸ ਚੋਣ ਵਿਚ ਕੁੱਲ 27 ਕੋਸਲਰਾਂ ਵਿਚੋ 26 ਵੋਟਾਂ ਪਈਆਂ। ਉਨ੍ਹਾਂ ਅੱਗੇ ਕਿਹਾ ਕਿ ਜਦੋਂ ਨਗਰ ਕੌਂਸਲ ਖਰੜ ਦੀ ਪਹਿਲੀ ਪ੍ਰਧਾਨ ਜਸਪ੍ਰੀਤ ਕੌਰ ਲੌਗੀਆਂ ਨੂੰ ਅਹੁੱਦੇ ਤੋਂ ਉਤਾਰਿਆ ਗਿਆ ਸੀ ਉਦੋਂ ਵੀ ਸ਼ਾਂਤੀ ਪੂਰਵਕ ਵੋਟਾਂ ਹੋਈਆ। 'ਆਮ ਆਦਮੀ ਪਾਰਟੀ' ਨੇ ਖਰੜ ਵਿਚ ਆਪਣੀ ਪ੍ਰਧਾਨ ਨਿਯੁਕਤ ਕੀਤੀ ਹੈ। ਸਮੁੱਚੀ ਲੀਡਰਸ਼ਿਪ ਅਤੇ ਪਾਰਟੀ ਨੂੰ ਵਧਾਈ ਦਿੱਤੀ ਹੈ। ਨਗਰ ਕੌਂਸਲ ਖਰੜ ਪੰਜਾਬ ਦੀ ਵੱਡੀ ਕਮੇਟੀ ਹੈ, ਸਾਰੇ ਕੰਮ ਤੇਜ਼ ਗਤੀ ਨਾਲ ਕਰਾਂਗੇ, ਸਾਰੇ ਕੌਂਸਲਰ ਪ੍ਰਧਾਨ ਹਨ। ਉਨ੍ਹਾਂ ਕਿਹਾ ਕਿ ਵਿਧਾਇਕ ਵੀ 'ਆਪ' ਦੇ ਤੇ ਕੌਂਸਲ ਪ੍ਰਧਾਨ ਵੀ 'ਆਪ' ਦੇ ਹਨ। ਹੁਣ ਰੋਕਣ ਦਾ ਕੋਈ ਕੰਮ ਨਹੀ ਜਿਹੜੇ ਕੰਮ ਤੇ ਹੱਥ ਰੱਖਾਂਗੇ ਉਹ ਹੋਣਗੇ। ਨਗਰ ਕੌਂਸਲ ਖਰੜ ਦੀ ਨਵੇ ਚੁਣੇ ਗਏ ਅੰਜੂ ਚੰਦਰ ਵਲੋਂ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ,ਮੁੱਖ ਮੰਤਰੀ ਭਗਵੰਤ ਮਾਨ ਤੇ ਹਲਕਾ ਵਿਧਾਇਕ ਅਨਮੋਲ ਗਗਨ ਮਾਨ ਦਾ ਧੰਨਵਾਦ ਕੀਤਾ। ਖਰੜ ਸ਼ਹਿਰ ਦੇ ਕੰਮਾਂ ਬਾਰੇ ਉਨ੍ਹਾਂ ਕਿਹਾ ਕਿ ਵਧੀਆਂ ਕੰਮ ਕਰਾਂਗੇ। ਇਸ ਮੌਕੇ ਨਗਰ ਕੌਂਸਲ ਖਰੜ ਦੇ ਈ.ਓ ਗੁਰਬਖਸੀਸ਼ ਸਿੰਘ ਸਮੇਤ ਕੌਂਸਲਰ ਦੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ। ਇਸ ਮੌਕੇ ਸ਼ੀਲਮ ਸੋਹੀ, ਰਘਬੀਰ ਸਿੰਘ ਮੋਦੀ ਬਡਾਲਾ, ਰਾਮ ਸਰੂਪ, ਪੰਕਜ ਚੱਢਾ, ਮਨਮੋਹਨ ਸਿੰਘ, ਬਹਾਦਰ ਸਿੰਘ ਓ.ਕੇ, ਪਰਦੀਪ ਕੁਮਾਰ ਰੂੜਾ ਕੁਰਾਲੀ, ਅਮਨਦੀਪ ਸਿੰਘ ਅਮਨ, ਨਵਦੀਪ ਸਿੰਘ ਬੱਬੂ ਸਮੇਤ 'ਆਪ' ਦੇ ਸਮਰੱਥਕ ਹਾਜ਼ਰ ਸਨ। ਜਿਕਰਯੋਗ ਹੈ ਕਿ ਜਦੋਂ ਦੀ ਪੰਜਾਬ ਵਿਚ 'ਆਪ' ਸਰਕਾਰ ਸੱਤਾ ਵਿਚ ਆਈ ਤਾਂ ਨਗਰ ਕੌਂਸਲ ਖਰੜ ਦੀ ਪ੍ਰਧਾਨ ਜਸਪ੍ਰੀਤ ਕੌਰ ਲੌਗੀਆਂ ਜੋ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਿਤ ਸਨ ਨੂੰ ਅਹੁੱਦੇ ਤੋਂ ਉਤਾਰਨ ਲਈ ਕਈ ਵਾਰ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ ਪ੍ਰੰਤੂ ਬੇਅਰਥ। ਪਿਛਲੇ ਪਿਛਲੇ ਦੋ ਤਿਹਾਈ ਬਹੁਮਤ ਕੌਂਸਲਰ ਵਲੋਂ ਉਨ੍ਹਾਂ ਨੂੰ ਅਹੁੱਦੇ ਤੋ ਹਟਾਉਣ ਲਈ ਮਤਾ ਪਾਸ ਕਰ ਦਿੱਤਾ ਗਿਆ ਸੀ ਅਤੇ ਬੀਤੀ ਦੋ ਦਿਨ ਪਹਿਲਾਂ ਹੀ ਸਰਕਾਰ ਵਲੋਂ ਉਨ੍ਹਾਂ ਨੂੰ ਅਹੁੱਦੇ ਤੋਂ ਹਟਾ ਦਿੱਤਾ ਗਿਆ ਸੀ।

ਅੱਜ ਦੀ ਚੋਣ ਨੂੰ ਲੈ ਕੇ ਪੁਲਿਸ ਵਲੋਂ ਸਖਤ ਸੁਰੱਖਿਆ ਕਰੜੇ ਪ੍ਰਬੰਧ ਕੀਤੇ ਹੋਏ ਸਨ ਅਤੇ ਨਗਰ ਕੌਂਸਲ ਖਰੜ ਦਾ ਮੁੱਖ ਗੇਟ ਬੰਦ ਕੀਤਾ ਹੋਇਆ ਅਤੇ ਅੰਦਰ ਕਿਸੇ ਨੂੰ ਜਾਣ ਨਹੀ ਦਿੱਤਾ ਗਿਆ। ਐਸ.ਪੀ.ਮਨਪ੍ਰੀਤ ਸਿੰਘ ਤੇ ਡੀ.ਐਸ.ਪੀ.ਖਰੜ ਕਰਨ ਸਿੰਘ ਸੰਧੂ, ਥਾਣਾ ਸਦਰ ਖਰੜ ਦੇ ਐਸ.ਐਚ.ਓ.ਅਮਰਿੰਦਰ ਸਿੰਘ ਸਿੱਧੂ ਨਿਗਰਾਨੀ ਰੱਖ ਰਹੇ ਸਨ। ਜਿਕਰਯੋਗ ਹੈ ਕਿ ਖਰੜ ਦੇ ਮੀਡੀਆਂ ਨਾਲ ਸਬੰਧਤ ਪੱਤਰਕਾਰਾਂ ਨੂੰ ਵੀ ਗੇਟ ਦੇ ਬਾਹਰ ਹੀ ਰੋਕ ਕੇ ਰੱਖਿਆ ਗਿਆ ਅਤੇ ਕੌਂਸਲਰ ਦਫਤਰ ਵਿਚ ਆਪਣ ਕੰਮ ਕਰਵਾਉਣ ਲਈ ਆਉਣ ਜਾਣ ਤੋਂ ਵੀ ਪੁੱਛਗਿੱਛ ਕੀਤੀ ਜਾਂਦੀ ਸੀ ਅਤੇ ਉਨ੍ਹਾਂ ਨੂੰ ਵੀ ਅੰਦਰ ਜਾਣ ਤੋ ਰੋਕਿਆ ਗਿਆ।

# ਨੌਜਵਾਨਾਂ ਨੂੰ ਨਸ਼ਿਆਂ ਦੇ ਚੱਕਰਵਿਊ ਵਿੱਚੋਂ ਬਾਹਰ ਕੱਢਣ ਲਈ ਚਲਾਈ ਮੁਹਿੰਮ ਵਿੱਚ ਹਰ ਵਰਗ ਦਾ ਸਾਥ ਜਰੂਰੀ : ਡਾ. ਜੰਗਜੀਤ ਸਿੰਘ



**ਸ੍ਰੀ ਆਨੰਦਪੁਰ ਸਾਹਿਬ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਸਿਹਤ ਵਿਭਾਗ ਵੱਲੋਂ ਆਮ ਵਰਗ ਦੇ ਲੋਕਾਂ ਲਈ ਮਿਆਰੀ ਸਿਹਤ ਸਹੂਲਤਾਂ ਦੇਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਡਾ.ਬਲਵਿੰਦਰ ਕੌਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾ ਹੇਠ ਅਤੇ ਡਾ.ਜੰਗਜੀਤ ਸਿੰਘ ਸੀਨੀਅਰ ਮੈਡੀਕਲ ਅਫਸਰ ਕੀਰਤਪੁਰ ਸਾਹਿਬ ਦੀ ਅਗਵਾਈ ਹੇਠ ਪਿੰਡ ਦਸਗਰਾਈਂ ਵਿਖੇ ਨਸ਼ਿਆ ਵਿਰੁੱਧ ਇੱਕ ਵਿਸ਼ੇਸ਼ ਜਾਗਰੂਕਤਾ ਕੈਂਪ ਲਗਾਇਆ ਗਿਆ। ਡਾ.ਜੰਗਜੀਤ ਸਿੰਘ ਨੇ ਕਿਹਾ ਕਿ ਨਸ਼ਾ ਵਿਰੋਧੀ ਦਿਵਸ ਤੇ ਸਾਨੂੰ ਸਾਰਿਆਂ ਨੂੰ ਇਹ ਪ੍ਰਣ ਕਰਨਾ ਚਾਹੀਦ ਹੈ ਕਿ ਅਸੀਂ ਨਸ਼ਾ ਮੁਕਤ ਸਮਾਜ ਸਿਰਜਣ ਵਿੱਚ ਸਰਕਾਰ ਤੇ ਪ੍ਰਸ਼ਾਸ਼ਨ ਦਾ ਪੂਰਾ ਸਾਥ ਦਈਏ ਅਤੇ ਨੌਜਵਾਨਾਂ ਨੂੰ ਨਸ਼ੇ ਦੇ ਇਸ ਚੱਕਰਵਿਊ ਵਿੱਚੋਂ ਬਾਹਰ ਕੱਢਣ ਲਈ ਹਰ ਸੰਭਵ ਕੋਸ਼ਿਸ਼ ਕਰੀਏ।

ਇਸ ਮੌਕੇ ਜਾਣਕਾਰੀ ਦਿੰਦਿਆਂ ਹੈਲਥ ਇੰਸਪੈਕਟਰ ਬਲਵੰਤ ਰਾਏ ਨੇ ਦੱਸਿਆ ਕਿ ਪੰਜਾਬ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ ਮੁਹਿੰਮ' ਤਹਿਤ ਸਿਹਤ ਵਿਭਾਗ ਵਲੋਂ ਵੱਖ-ਵੱਖ ਪਿੰਡਾਂ ਵਿੱਚ ਕੈਂਪ ਲਗਾ ਕੇ ਲਗਾਤਾਰ ਲੋਕਾਂ ਨੂੰ ਜਾਣਕਾਰੀ ਦਿੱਤੀ ਜਾ ਰਹੀ ਹੈ ਅਤੇ ਇੱਕਜੁੱਟ ਹੋਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਹਰ ਪਿੰਡ ਵਿੱਚ ਵਿਲੇਜ ਡਿਫੈਂਸ ਕਮੇਟੀਆਂ ਦੀਆਂ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਆਮ ਲੋਕਾਂ ਨੂੰ ਨਸ਼ਿਆਂ ਵਿਰੁੱਧ ਲਾਮਬੰਦ ਕੀਤਾ ਜਾ ਸਕੇ ਅਤੇ ਸਮਾਜ ਨੂੰ ਇਸ ਭਿਆਨਕ ਬਿਮਾਰੀ ਤੋਂ ਬਚਾਇਆ ਜਾ ਸਕੇ। ਉਹਨਾਂ ਦੱਸਿਆ ਕਿ ਇਹ ਕਮੇਟੀ ਮੈਂਬਰ ਆਪਣੇ-ਆਪਣੇ ਪਿੰਡ ਵਿੱਚ ਨਸ਼ਾ ਕਰਨ ਵਾਲ਼ੇ ਵਿਅਕਤੀਆਂ ਅਤੇ ਵੇਚਣ ਵਾਲ਼ੇ ਤਸਕਰਾਂ ਤੇ ਨਿਗਾ ਰੱਖਣਗੇ ਅਤੇ ਕੋਈ ਵੀ ਜਾਣਕਾਰੀ ਪ੍ਰਾਪਤ ਹੋਣ ਤੇ 97791-00200 ਨੰਬਰ ਤੇ ਸੂਚਨਾ ਦੇਣਗੇ। ਇਸ ਨੰਬਰ ਤੇ ਟੈਕਸਟ ਮੈਸੇਜ ਭੇਜਿਆ ਜਾ ਸਕੇਗਾ ਅਤੇ ਮੈਸੇਜ਼ ਭੇਜਣ ਵਾਲ਼ੇ ਦੀ ਜਾਣਕਾਰੀ ਗੁਪਤ ਰੱਖੀ ਜਾਵੇਗੀ।

# ਅੰਤਰਰਾਸ਼ਟਰੀ ਨਸ਼ਾ ਰੋਕਥਾਮ ਦਿਵਸ: ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਨਸ਼ਿਆਂ ਵਿਰੁੱਧ ਪ੍ਰਣ ਲਿਆ

**ਬਰਨਾਲਾ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਅੱਜ ਅੰਤਰਰਾਸ਼ਟਰੀ ਨਸ਼ਾ ਰੋਕਥਾਮ ਦਿਵਸ ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿੱਚ ਮਨਾਇਆ ਗਿਆ। ਇਸ ਮੌਕੇ ਹਾਜ਼ਰ ਅਧਿਕਾਰੀਆਂ ਅਤੇ ਕਰਮਚਾਰੀਆਂ ਵਲੋਂ ਨਸ਼ਿਆਂ ਵਿਰੁੱਧ ਪ੍ਰਣ ਲਿਆ ਗਿਆ।

ਇਸ ਮੌਕੇ ਸੰਬੋਧਨ ਕਰਦੇ ਹੋਏ ਡਿਪਟੀ ਕਮਿਸ਼ਨਰ ਸ੍ਰੀ ਟੀ ਬੈਨਿਥ ਨੇ ਦੱਸਿਆ ਕਿ ਜਿੱਥੇ ਨਸ਼ਾ ਮੁਕਤ ਭਾਰਤ ਅਭਿਆਨ ਚੱਲ ਰਿਹਾ ਹੈ ਓਥੇ ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਵੀ ਨਸ਼ਿਆਂ ਵਿਰੁੱਧ ਗਤੀਵਿਧੀਆਂ ਜਾਰੀ ਹਨ। ਓਨ੍ਹਾਂ ਸਾਰੇ ਵਿਭਾਗਾਂ ਨੂੰ ਇਸ ਮੁਹਿੰਮ ਤਹਿਤ ਸ਼ਿੱਦਤ ਨਾਲ ਕੰਮ ਕਰਨ ਦਾ ਸੱਦਾ ਦਿੱਤਾ ਤਾਂ ਜੋ ਨਸ਼ਿਆਂ ਦਾ ਖਾਤਮਾ ਕੀਤਾ ਜਾ ਸਕੇ।

ਮਿਊਰ ਹੈਲਥ ਕੇਅਰ ਵੱਲੋਂ ਲੋਕਾਂ ਨੂੰ ਸਿਹਤ ਸਬੰਧੀ ਜਾਗਰੂਕ ਕੀਤਾ ਗਿਆ ਅੰਮ੍ਰਿਤਸਰ 26 ਜੂਨ 2025 ਰਕੇਸ਼ ਕੁਮਾਰ ਲੱਕੀ ਅੱਜ ਅੰਮ੍ਰਿਤਸਰ ਦੇ ਵਿੱਚ ਨੂਰ ਹੈਲਥ ਕੇਅਰ ਵੱਲੋਂ ਲੋਕਾਂ ਨੂੰ ਜਾਗਰੂਤੀ ਕੈਂਪ ਲਗਾਇਆ ਗਿਆ ਜਿਸ ਵਿੱਚ ਥਰੈਪੀ ਦੀ ਜਾਣਕਾਰੀ ਲੋਕਾਂ ਤੱਕ ਦਿੱਤੀ ਅਤੇ ਮਿਊਰ ਹੈਲਥ ਕੇਅਰ ਦੇ ਚੇਅਰਮੈਨ ਸ਼੍ਰੀ ਚੰਦਰਸ਼ੇਖਰ ਜੀ ਨੇ ਕਿਹਾ ਕਿ ਵੱਧ ਰਹੀ ਉਮਰ ਦੇ ਵਿੱਚ ਥਰੈਪੀ ਦੀ ਜਰੂਰਤ ਵੱਧ ਪੈਂਦੀ ਹੈ ਜਿਸ ਨਾਲ ਅੰਗਰੇਜ਼ੀ ਦਵਾਈਆਂ ਦੀ ਜਰੂਰਤ ਘੱਟ ਪੈਂਦੀ ਹੈ ਅਤੇ ਥਰੈਪੀ ਦੀ ਸਹਾਇਤਾ ਦੇ ਨਾਲ ਅਸੀਂ ਬਿਮਾਰੀਆਂ ਤੇ ਕਾਬੂ ਪਾ ਸਕਦੇ ਹਾਂ ਅਤੇ ਜਿਹੜਾ ਮਰੀਜ਼ ਅੰਗਰੇਜੀ ਦਵਾਈਆਂ ਦਾ ਸੇਵਨ ਕਰਦਾ ਹੈ ਹੈ ਉਸ ਦੀ ਸੇਵਨ ਕਰਨ ਦੀ ਮਾਤਰਾ ਘੱਟ ਹੋ ਜਾਂਦੀ ਹੈ ਇਸ ਦੌਰਾਨ ਮੌਕੇ ਤੇ ਸੀਨੀਅਰ ਸਿਟੀਜਨ ਅਭਿਆਨ ਟਰਸਟ ਤੋਂ ਗੁਲਸ਼ਨ ਕੁਮਾਰ ਚਾਵਲਾ, ਕਮਲ ਕੁਮਾਰ, ਸੁਰਿੰਦਰ ਸਹੋਤਾ ਅਤੇ ਹੋਰ ਸਹਿਯੋਗੀ ਨਾਲ ਮਜੂਦ ਸਨ

ਇਸ ਮੌਕੇ ਡਾਕਟਰ ਗਗਨਦੀਪ ਸਿੰਘ ਸੇਖੋਂ (ਮਨੋਵਿਗਿਆਨਕ ਮਹਿਰ) ਨੇ ਵੱਖ ਵੱਖ ਤਰ੍ਹਾਂ ਦੇ ਨਸ਼ਿਆਂ, ਮਰੀਜ਼ਾਂ ਦੇ ਲੱਛਣ ਅਤੇ ਇਲਾਜ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਡਾ. ਤੇਅਵਾਸਪ੍ਰੀਤ ਕੌਰ ਵਲੋਂ ਹਾਜ਼ਰੀਨ ਨੂੰ ਸਮਾਗਮ ਦੇ ਉਦੇਸ਼ ਬਾਰੇ ਦੱਸਿਆ ਗਿਆ ਅਤੇ ਨਸ਼ਿਆਂ ਵਿਰੁੱਧ ਸਹੁੰ ਚੁਕਾਈ ਗਈ। ਇਸ ਮੌਕੇ ਹਾਜ਼ਰੀਨ ਨੂੰ ਨਸ਼ਿਆਂ ਵਿਰੁੱਧ ਸੁਨੇਹਾ ਦਿੰਦੀਆਂ ਵੀਡੀਓਜ਼ ਵੀ ਦਿਖਾਈਆਂ ਗਈਆਂ।

ਇਸ ਮੌਕੇ ਐੱਸ ਐੱਸ ਪੀ ਮੁਹੰਮਦ ਸਰਫ਼ਰਾਜ਼ ਆਲਮ, ਐੱਸ ਪੀ ਸ੍ਰੀ ਰਾਜੇਸ਼ ਛਿੱਬਰ, ਏ ਡੀ ਸੀ (ਜ) ਮੈਡਮ ਅਨੁਪ੍ਰਿਤਾ ਜੌਹਲ, ਏ ਡੀ ਸੀ (ਵਿਕਾਸ) ਸਤਵੰਤ ਸਿੰਘ ਅਤੇ ਹੋਰ ਅਧਿਕਾਰੀ, ਕਰਮਚਾਰੀ ਹਾਜ਼ਰ ਸਨ।

# ਪੰਜਾਬ ਸਰਕਾਰ ਡੇਅਰੀ ਕਿਸਾਨਾਂ ਦੀ ਭਲਾਈ ਪ੍ਰਤੀ ਵਚਨਬੱਧ : ਵਿਧਾਇਕ ਸ਼ੈਰੀ ਕਲਸੀ

**ਬਟਾਲਾ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸੈਰੀ ਕਲਸੀ ਨੇ ਦੱਸਿਆ ਕਿ ਡੇਅਰੀ ਵਿਕਾਸ ਵਿਭਾਗ ਨੇ ਡੇਅਰੀ ਫਾਰਮਿੰਗ ਖੇਤਰ ਨੂੰ ਹੁਲਾਰਾ ਦਿੰਦਿਆਂ ਡੇਅਰੀ ਕਿੱਤੇ ਨਾਲ ਜੁੜੇ ਕਿਸਾਨਾਂ ਨੂੰ ਅਹਿਮ ਵਿੱਤੀ ਸੁਰੱਖਿਆ ਪ੍ਰਦਾਨ ਕਰਨ ਅਤੇ ਉਨ੍ਹਾਂ ਦੀ ਰੋਜ਼ੀ-ਰੋਟੀ ਦੀ ਰਾਖੀ ਕਰਨ ਵਾਸਤੇ ਮਹਿਜ਼ ਇੱਕ ਸਾਲ ਦੌਰਾਨ ਸੂਬੇ ਭਰ ਵਿੱਚ 30,598 ਦੁਧਾਰੂ ਪਸ਼ੂਆਂ ਦਾ ਬੀਮਾ ਕਰਵਾ ਕੇ ਮੀਲ ਪੱਥਰ ਸਥਾਪਤ ਕੀਤਾ ਹੈ।

ਉਨਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਡੇਅਰੀ ਕਿਸਾਨਾਂ ਦੀ ਭਲਾਈ ਪ੍ਰਤੀ ਵਚਨਬੱਧ ਹੈ।

ਉਨ੍ਹਾਂ ਦੱਸਿਆ ਕਿ ਵਿਭਾਗ ਦੇ ਅਧਿਕਾਰੀਆਂ ਨੂੰ ਨੌਜਵਾਨਾਂ ਨੂੰ ਡੇਅਰੀ ਫਾਰਮਿੰਗ ਬਾਰੇ ਸਰਗਰਮੀ ਨਾਲ ਜਾਗਰੂਕ ਕਰਨ ਅਤੇ ਉਨ੍ਹਾਂ ਨੂੰ ਵਿਭਾਗੀ ਸਕੀਮਾਂ ਬਾਰੇ ਜਾਣੂ ਕਰਵਾਉਣ ਲਈ ਕਿਹਾ ਗਿਆ ਹੈ ਤਾਂ ਜੋ ਜ਼ਮੀਨੀ ਪੱਧਰ 'ਤੇ ਲੋਕ ਇਸ ਦਾ ਵੱਧ ਤੋਂ ਵੱਧ ਲਾਭ ਉਠਾ ਸਕਣ।

ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਕੌਮੀ ਪਸ਼ੂਧਨ ਮਿਸ਼ਨ ਦੀ ਜੋਖਮ ਪ੍ਰਬੰਧਨ ਅਤੇ ਪਸ਼ੂਧਨ ਬੀਮਾ ਯੋਜਨਾ ਵੱਧ ਤੋਂ ਵੱਧ 70,000 ਰੁਪਏ ਪ੍ਰਤੀ ਪਸ਼ੂ ਕਲੇਮ ਸੀਮਾ ਦੇ ਨਾਲ ਜਨਰਲ ਵਰਗ ਦੇ ਕਿਸਾਨਾਂ ਲਈ 1120 ਰੁਪਏ ਅਤੇ ਅਨੁਸੂਚਿਤ ਜਾਤੀ/ਪਛੜੀ ਸ਼੍ਰੇਣੀ ਦੇ ਕਿਸਾਨਾਂ ਲਈ 672 ਰੁਪਏ ਦੀਆਂ ਸਾਲਾਨਾ ਪ੍ਰੀਮੀਅਮ ਦਰਾਂ ਦੀ ਪੇਸ਼ਕਸ਼ ਕਰਦੀ ਹੈ। ਉਨ੍ਹਾਂ ਦੱਸਿਆ ਕਿ ਪ੍ਰਭਾਵਿਤ ਡੇਅਰੀ ਕਿਸਾਨਾਂ ਨੂੰ ਮਹੱਤਵਪੂਰਨ ਵਿੱਤੀ ਸਹਾਇਤਾ ਪ੍ਰਦਾਨ ਕਰਦਿਆਂ ਹੁਣ ਤੱਕ 1056 ਕਿਸਾਨਾਂ ਨੂੰ 7.39 ਕਰੋੜ ਰੁਪਏ ਵੰਡੇ ਜਾ ਚੁੱਕੇ ਹਨ।

ਉਨਾਂ ਦੱਸਿਆ ਕਿ ਵਿੱਤੀ ਸਾਲ 2024-25 ਦੌਰਾਨ 2 ਤੋਂ 20 ਪਸ਼ੂਆਂ ਵਾਲੇ ਡੇਅਰੀ ਯੂਨਿਟ ਸਥਾਪਤ ਕਰਨ ਲਈ 204 ਕਿਸਾਨਾਂ ਨੂੰ 3 ਕਰੋੜ ਰੁਪਏ ਵੰਡੇ ਗਏ ਹਨ। ਇਸ ਤੋਂ ਇਲਾਵਾ 9150 ਬੇਰੁਜ਼ਗਾਰ ਨੌਜਵਾਨਾਂ ਨੂੰ ਸਵੈ-ਰੁਜ਼ਗਾਰ ਦੇ ਯੋਗ ਬਣਾਉਣ ਲਈ ਡੇਅਰੀ ਸਿਖਲਾਈ ਦਿੱਤੀ ਗਈ।

# ਡੇਂਗੂ ਤੇ ਵਾਰ ਮੁਹਿੰਮ ਅਧੀਨ ਜਿਲ੍ਹਾ ਫਾਜ਼ਿਲਕਾ ਦੇ ਅਰਬਨ ਅਤੇ ਰੂਰਲ ਏਰੀਏ ਵਿੱਚ ਕੀਤੀਆਂ ਡੇਂਗੂ ਵਿਰੋਧੀ ਗਤੀਵਿਧੀਆਂ

**ਫਾਜ਼ਿਲਕਾ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਾਕਟਰ ਰਾਜ ਕੁਮਾਰ ਸਿਵਲ ਸਰਜਨ ਫਾਜ਼ਿਲਕਾ ਜੀ ਦੀ ਉਚੇਚੀ ਨਿਗਰਾਨੀ ਅਤੇ ਡਾਕਟਰ ਸੁਨੀਤਾ ਕੰਬੋਜ਼ ਜਿਲ੍ਹਾ ਐਪੀਡਮੈਲੋਜਿਸਟ ਦੀ ਦੇਖਰੇਖ ਵਿੱਚ ÷ਹਰ ਸ਼ੁੱਕਰਵਾਰ, ਡੇਂਗੂ ਤੇ ਵਾਰ÷ ਮੁਹਿੰਮ ਅਧੀਨ ਜਿਲ੍ਹਾ ਫਾਜ਼ਿਲਕਾ ਦੇ ਵੱਖ ਵੱਖ ਅਰਬਨ ਅਤੇ ਰੂਰਲ਼ ਏਰੀਏ ਵਿੱਚ ਡੇਂਗੂ ਵਿਰੋਧੀ ਗਤੀਵਿਧੀਆਂ ਕੀਤੀਆਂ ਗਈਆਂ ਅਤੇ ਜਾਗਰੂਕ ਕੀਤਾ ਗਿਆ। ਇਸ ਸਮੇਂ ਟੀਮਾਂ ਵੱਲੋਂ ਲਾਰਵਾ ਲੱਭ ਕੇ ਨਸ਼ਟ ਕੀਤਾ ਗਿਆ।

ਡਾ ਸੁਨੀਤਾ ਕੰਬੋਜ਼ ਜਿਲ੍ਹਾ ਐਪੀਡਮੈਲੋਜਿਸਟ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਾਗਰੂਕਤਾ ਨਾਲ ਅਤੇ ਸਾਵਧਾਨੀਆਂ ਰੱਖ ਕੇ ਹੀ ਡੇਂਗੂ ਦੀ ਬਿਮਾਰੀ ਤੋਂ ਬਚਿਆ ਜਾ ਸਕਦਾ ਹੈ। ਉਹਨਾਂ ਦੱਸਿਆ ਕਿ ਡੇਂਗੂ ਦੂਸ਼ਿਤ ਏਡੀਜ ਅਜਿਪਟੀ ਮੱਛਰ ਦੇ ਕੱਟਣ ਨਾਲ ਫੈਲਦਾ ਹੈ। ਇਹ ਮੱਛਰ ਸਾਫ਼ ਖੜ੍ਹੇ ਪਾਣੀ ਵਿੱਚ ਪੈਦਾ ਹੁੰਦਾ ਹੈ ਅਤੇ ਜ਼ਿਆਦਾਤਰ ਦਿਨ ਵੇਲੇ ਹੀ ਕੱਟਦਾ ਹੈ। ਇਸ ਲਈ ਮੱਛਰ ਪੈਦਾ ਹੋਣ ਵਾਲੇ ਸੋਮਿਆਂ ਨੂੰ ਨਸ਼ਟ ਕਰਨਾ ਚਾਹੀਦਾ ਹੈ ਜਾਂ ਹਰੇਕ ਹਫਤੇ ਸਾਫ਼ ਕਰਨੇ ਚਾਹੀਦੇ ਹਨ। ਉਹਨਾਂ ਕਿਹਾ ਕਿ ਕੂਲਰਾਂ ਅਤੇ ਗਮਲਿਆਂ ਦੀਆਂ ਟ੍ਰੇਆਂ ਵਿੱਚ ਖੜ੍ਹੇ ਪਾਣੀ ਨੂੰ ਹਫ਼ਤੇ ਵਿੱਚ ਇਕ ਵਾਰ ਜਰੂਰ ਸਾਫ਼ ? ਕਰੋ, ਕੱਪੜੇ ਅਜਿਹੇ ਪਾਓ ਜਿਸ ਨਾਲ ਸਰੀਰ ਢੱਕਿਆ ਰਹੇ ਤਾਂ ਕਿ ਤੁਹਾਨੂੰ ਮੱਛਰ ਨਾ ਕੱਟੇ, ਸੌਣ ਵੇਲੇ ਮੱਛਰਦਾਨੀ ਦਾ ਇਸਤੇਮਾਲ ਕਰੋ, ਬੁਖਾਰ ਹੋਣ ਤੇ ਐਸਪਰੀਨ ਅਤੇ ਬਰੂਫਿਨ ਨਾ ਲਵੋ, ਸਿਰਫ਼ ਪੈਰਾਸੀਟਾਮੋਲ ਗੋਲੀ ਹੀ ਲਵੋ, ਛੱਤਾਂ ਤੇ ਰੱਖੀਆਂ ਪਾਣੀ ਦੀਆ ਟੈਂਕੀਆਂ ਦੇ ਢੱਕਣਾਂ ਨੂੰ ਚੰਗੀ ਤਰ੍ਹਾਂ ਬੰਦ ਕਰੋ,ਟੁੱਟੇ ਬਰਤਨਾਂ, ਡਰੰਮਾਂ ਅਤੇ ਟਾਇਰਾਂ ਆਦਿ ਨੂੰ ਖੁਲ੍ਹੇ ਵਿੱਚ ਨਾ ਰੱਖੋ ਅਤੇ ਵਧੇਰੇ ਮਾਤਰਾ ਵਿੱਚ ਤਰਲ ਪਦਾਰਥ ਲਓ ਅਤੇ ਸੰਤੁਲਿਤ ਭੋਜਨ ਖਾਓ।

ਉਹਨਾਂ ਦੱਸਿਆ ਕਿ ਜੇਕਰ ਕਿਸੇ ਨੂੰ ਤੇਜ਼ ਬੁਖਾਰ, ਮਾਸ ਪੇਸ਼ੀਆਂ ਵਿੱਚ ਦਰਦ, ਅੱਖਾਂ ਪਿੱਛੇ ਦਰਦ, ਸਿਰ ਦਰਦ, ਚਮੜੀ ਤੇ ਦਾਣੇ ਅਤੇ ਮਸੂੜਿਆਂ ਅਤੇ ਨੱਕ ਵਿੱਚੋਂ ਖੂਨ ਆਵੇ ਤਾਂ ਜਲਦੀ ਤੋਂ ਜਲਦੀ ਨੇੜੇ ਦੇ ਸਿਹਤ ਕੇਂਦਰ ਵਿੱਚ ਜਾ ਕੇ ਟੈਸਟ ਅਤੇ ਇਲਾਜ ਕਰਵਾਓ। ਡੇਂਗੂ ਦਾ ਟੈਸਟ ਅਤੇ ਇਲਾਜ ਸਿਹਤ ਵਿਭਾਗ ਦੇ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਕੀਤਾ ਜਾਂਦਾ ਹੈ। ਇਸ ਸਮੇਂ ਮਾਸ ਮੀਡੀਆ ਵਿੰਗ ਤੋਂ ਵਿਨੋਦ ਖੁਰਾਣਾ ਦਿਵੇਸ਼ ਕੁਮਾਰ, ਵਿੱਕੀ ਕੁਮਾਰ, ਮਨਜੋਤ ਸਿੰਘ, ਸੁਖਦੇਵ ਸਿੰਘ ਅਤੇ ਬਰੀਡ ਚੈੱਕਰ ਹਾਜ਼ਰ ਸਨ।

# ਨਸ਼ਿਆਂ ਤੇ ਡਰੱਗ ਮਨੀ 'ਚ ਵੱਡੇ ਮਗਰਮੱਛ ਕਾਬੂ ਕਰਨ ਦੀ ਨਿੰਦਾ ਕਰਕੇ ਵਿਰੋਧੀ ਆਗੂਆਂ ਨੇ ਆਪਣਾ ਨੈਤਿਕ ਰਾਜਸੀ ਕਿਰਦਾਰ ਡੇਗਿਆ : ਮੰਤਰੀ ਧਾਲੀਵਾਲ

**ਅੰਮ੍ਰਿਤਸਰ 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪ੍ਰਵਾਸੀ ਭਾਰਤੀ ਮਾਮਲਿਆਂ ਦੇ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਨੇ ਕਾਂਗਰਸ , ਅਕਾਲੀ ਦਲ ਤੇ ਭਾਜਪਾ ਨੂੰ ਰਾਜਸੀ ਤੌਰ ਤੇ ਲੰਮੇ ਹੱਥੀ ਲੈਂਦਿਆਂ ਕਿਹਾ ਕਿ ਪੰਜਾਬ ਦੀਆਂ ਇਨ੍ਹਾਂ ਰਵਾਇਤੀ ਪਾਰਟੀਆਂ ਦੇ 75 ਸਾਲਾਂ ਕਾਰਜਕਾਲ ਦੌਰਾਨ ਪੰਜਾਬ 'ਚ ਛਾਲਾਂ ਮਾਰ ਕੇ ਵਧੇ ਨਸ਼ਿਆਂ ਦੀ ਤਸਕਰੀ ਤੇ ਵਰਤੋਂ ਦੇ ਮੰਦਭਾਗੇ ਵਰਤਾਰੇ ਦੀ ਕੋਈ ਨੈਤਿਕ ਜਿੰਮੇਵਾਰੀ ਲੈਣ ਸਮੇਤ ਨਸ਼ਿਆਂ ਦੇ ਖਾਤਮੇ ਲਈ ਕੋਈ ਉਚਿਤ ਪ੍ਰਸ਼ਾਸ਼ਨਿਕ ਤੇ ਸਮਾਜਿਕ ਕਦਮ ਚੁਕੱਣ ਦੀ ਬਜਾਏ ਹੁਣ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵਲੋਂ ਦ੍ਰਿੜ ਰਾਜਸੀ ਇੱਛਾ ਦਾ ਪ੍ਰਮਾਣ ਦਿੰਦਿਆਂ 1 ਮਾਰਚ ਤੋਂ ਨਸ਼ਿਆਂ ਦੀ ਜੜ੍ਹ ਪੁਟਣ ਲਈ ਸ਼ੁਰੂ ਕੀਤੀ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੌਰਾਨ 19 ਹਜਾਰ ਤੋਂ ਵੱਧ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕਰਕੇ ਅਰਬਾਂ ਰੁਪਏ ਦੇ ਨਸ਼ੀਲੇ ਪਦਾਰਥ, 150 ਦੇ ਕਰੀਬ ਨਸ਼ਾ ਤਸਕਰਾਂ ਦੀ ਬੁਲਡੋਜ਼ਰ ਨਾਲ ਨਜਾਇਜ਼ ਸੰਪਤੀ ਨੂੰ ਤਹਿਸ ਨਹਿਸ ਕਰਨ ਅਤੇ 20 ਕਰੋੜ ਰੁਪਏ ਦੇ ਕਰੀਬ ਡਰੱਗ ਮਨੀ ਜ਼ਬਤ ਕੀਤੇ ਜਾਣ ਦੀ ਮੁਹਿੰਮ 'ਚ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਸਹਿਯੋਗ ਵੀ ਨਹੀਂ ਦਿੱਤਾ, ਸਗੋਂ ਇਨ੍ਹਾਂ ਰਵਾਇਤੀ ਪਾਰਟੀਆਂ ਨੇ ਨੈਤਿਕ ਕਦਰਾਂ ਕੀਮਤਾਂ ਦੀ ਰਾਜਨੀਤੀ ਨੂੰ ਸਿਰੇ ਤੋਂ ਤਿਲਾਂਜ਼ਲੀ ਦੇ ਦਿੱਤੀ ਹੈ। ਇਨ੍ਹਾਂ ਵਿਰੋਧੀ ਦਲਾਂ ਨੇ ਸਹੀ ਨੂੰ ਸਹੀ ਅਤੇ ਗਲਤ ਨੂੰ ਗਲਤ ਕਹਿਣਾ ਛੱਡ ਕੇ ਆਪਣਾ ਰਾਜਸੀ ਚਰਿੱਤਰ ਡੇਗ ਲਿਆ ਹੈ।ਗੱਲਬਾਤ ਦੌਰਾਨ ਕੈਬਨਿਟ ਮੰਤਰੀ ਧਾਲੀਵਾਲ ਨੇ ਕਿਹਾ ਕਿ ਉਕਤ ਵਿਰੋਧੀ ਧਿਰਾਂ ਦੇ ਰਾਜਸੀ ਦੱਲ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਛੋਟੇ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤੇ ਜਾਣ ਤੱਕ ਦਾ ਮੁੱਦਾ ਬਣਾ ਕੇ ਵੱਡੇ ਨਸ਼ਾ ਤਸਕਰਾਂ ਭਾਵ ਵੱਡੀਆਂ ਮੱਛੀਆਂ ਨੂੰ ਨਾ ਕਾਬੂ ਕਰਨ ਲਈ ਮਾਨ ਸਰਕਾਰ ਦੀ ਆਲੋਚਨਾ ਕਰਦਿਆਂ ਸਿੱਧੇ ਰੂਪ 'ਚ ਵੱਡੇ ਮੱਗਰਮੱਛ ਨੂੰ ਗ੍ਰਿਫਤਾਰ ਕੀਤੇ ਜਾਣ ਲਈ ਮਾਨ ਸਰਕਾਰ ਤੇ ਆਪਣਾ ਦਬਾਓ ਵਧਾਇਆ।ਸ: ਧਾਲੀਵਾਲ ਨੇ ਕਿਹਾ ਕਿ ਹੁਣ ਜੇਕਰ ਲੰਮੀ ਪੁਣ ਛਾਣ/ਜਾਂਚ ਪਿੱਛੋਂ ਵਿਜੀਲੈਂਸ ਨੇ ਆਪਣਾ ਕਰਤੱਵ ਨਿਭਾਉਂਦਿਆ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਾਲੀ ਸਾਬਕਾ ਕਾਂਗਰਸ ਸਰਕਾਰ ਦੌਰਾਨ ਕਥਿਤ ਦਰਜ ਨਸ਼ੀਲੇ ਪਦਾਰਥਾਂ ਦੇ ਧੰਦੇ ਤੇ ਡਰੱਗ ਮਨੀ 'ਚ ਲੋੜੀਂਦੇ ਇੱਕ ਵੱਡੇ ਮਗਰਮੱਛ ਨੂੰ ਜੇਕਰ ਵਿਜੀਲੈਂਸ ਨੇ ਗ੍ਰਿਫਤਾਰ ਕਰ ਲਿਆ ਹੈ ਤਾਂ ਨਿੰਦਾਯੋਗ ਗੱਲ ਇਹ ਉਭਰੀ ਹੈ ਕਿ ਸਾਬਕਾ ਮੁੱਖ ਮੰਤਰੀ ਚੰਨੀ ਸਮੇਤ ਸੀਨੀਅਰ ਕਾਂਗਰਸੀ ਲੀਡਰਸ਼ਿਪ ਸਣੇ , ਭਾਜਪਾ ਤੇ ਹੋਰ ਵਿਰੋਧੀ ਨੇ ਵੀ ਇਕੋ ਸੁਰ 'ਚ ਬੇਸੁਰਾ ਰਾਗ ਅਲਾਪਦਿਆਂ ਮਾਨ ਸਰਕਾਰ ਨੂੰ ਸਿਆਸੀ ਬਦਲਖੋਰੀ ਦੀ ਸਰਕਾਰ ਕਹਿ ਕੇ ਬੇਲੋੜੀ, ਝੂਠੀ, ਬੇਬੁਨਿਆਦ ਤੇ ਨਿਰਾਧਾਰ ਬਿਆਨਬਾਜ਼ੀ ਕਰਨੀ ਸ਼ੁਰੂ ਕਰ ਦਿੱਤੀ ਹੈ, ਜੋ ਵਿਰੋਧੀ ਧਿਰਾਂ ਦੀ ਨਿਰਪੱਖ ਭੂਮਿਕਾ ਦੀਆਂ ਨੈਤਿਕ ਰਾਜਸੀ ਕਦਰਾਂ ਕੀਮਤਾਂ ਦਾ ਘਾਣ ਹੈ। ਉਹਨਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦਮਦਾਰ ਤੇ ਵਾਅਦੇ ਦੇ ਪੱਕੇ ਬੰਦੇ ਹਨ, ਜੋ ਨਿਆਂ ਦਾ ਪੱਲਾ ਫੜ੍ਹਕੇ ਭ੍ਰਿਸ਼ਟਾਚਾਰ ਤੇ ਨਸ਼ਿਆਂ ਤੇ ਜ਼ੀਰੋ ਟੋਲਰੇਂਸ ਨੀਤੀ ਤੇ ਚਲਦਿਆਂ ਰੰਗਲੇ ਪੰਜਾਬ ਦੀ ਸਿਰਜਣਾ ਤਹਿਤ ਪੰਜਾਬ ਵਾਸੀਆਂ ਨੂੰ ਅਨੇਕਾਂ ਸਹੂਲਤਾਂ ਭਰਪੂਰ ਸਵੱਛ ਪ੍ਰਸ਼ਾਸ਼ਨ ਦੀ ਵਚਨਬੱਧਤਾ ਤੇ ਨਿਡਰਤਾ ਨਾਲ ਪਹਿਰਾ ਦੇ ਰਿਹਾ ਹੈ ਉਨ੍ਹਾਂ ਕਿਹਾ ਕਿ ਉਹ ਦਿਨ ਦੂਰ ਨਹੀਂ ਜਦੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੌਰਾਨ ਹੋਰ ਵੱਡੇ ਮਗਰਮੱਛਾਂ ਜਿੰਨ੍ਹਾਂ 'ਚ ਵੱਡੀ ਰਾਜਸੀ ਪਹੁੰਚ ਵਾਲੇ ਵਿਅਕਤੀ ਤੇ ਕਥਿਤ ਅਫਸਰ ਵੀ ਸ਼ਾਮਲ ਹਨ, ਜਾਂਚ 'ਚ ਗ੍ਰਿਫਤਾਰ ਹੋਣ ਤੇ ਜ਼ੇਲ ਦੀਆਂ ਸਲਾਖਾਂ ਪਿੱਛੇ ਹੋਣਗੇ।

## ਪੀ.ਡੀ.ਏ ਨੇ ਪਿੰਡ ਦੁਲੱਦੀ ਵਿਖੇ ਵਿਕਸਿਤ ਕੀਤੀ ਅਣ-ਅਧਿਕਾਰਤ ਕਲੋਨੀ ਢਾਹੀ

# ਪੀ.ਡੀ.ਏ., ਪਟਿਆਲਾ ਦੇ ਅਧਿਕਾਰ ਖੇਤਰ ਚ ਕਿਸੇ ਵੀ ਤਰ੍ਹਾਂ ਦੀ ਅਣ-ਅਧਿਕਾਰਤ ਕਲੋਨੀ ਵਿਰੁੱਧ ਹੋਵੇਗੀ ਸਖ਼ਤ ਕਾਰਵਾਈ : ਮਨੀਸ਼ਾ ਰਾਣਾ



**ਨਾਭਾ/ਪਟਿਆਲਾ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਡਿਵੈਲਪਮੈਂਟ ਅਥਾਰਿਟੀ (ਪੀ.ਡੀ.ਏ.), ਪਟਿਆਲਾ ਦੇ ਰੈਗੂਲੇਟਰੀ ਵਿੰਗ ਨੇ ਪਿੰਡ ਦੁਲੱਦੀ ਤਹਿਸੀਲ ਤੇ ਜਿਲ੍ਹਾ ਪਟਿਆਲਾ ਵਿਖੇ ਪੰਜਾਬ ਅਪਾਰਟਮੈਂਟ ਅਤੇ ਪ੍ਰਾਪਰਟੀ ਰੈਗੂਲੇਸ਼ਨ ਐਕਟ, 1995 ਦੀ ਉਲੰਘਣਾ ਕਰਕੇ ਵਿਕਸਿਤ ਕੀਤੀ ਅਣ-ਅਧਿਕਾਰਤ ਕਲੋਨੀ ਖ਼ ?ਲਾਫ਼ ਕਾਰਵਾਈ ਕਰਦੇ ਹੋਏ ਇਸ ਨੂੰ ਢਾਹ ਦਿੱਤਾ ਹੈ।

ਇਸ ਮੁਹਿੰਮ ਤਹਿਤ ਪੀ.ਡੀ.ਏ. ਨੇ ਇਹ ਸਪੱਸ਼ਟ ਸੰਦੇਸ਼ ਦਿੱਤਾ ਹੈ ਕਿ ਪੀ.ਡੀ.ਏ., ਪਟਿਆਲਾ ਦੇ ਅਧਿਕਾਰ ਖੇਤਰ ਵਿੱਚ ਕਿਸੇ ਵੀ ਤਰ੍ਹਾਂ ਦੀ ਅਣ-ਅਧਿਕਾਰਤ ਕਲੋਨੀ ਦੀ ਉਸਾਰੀ ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ ਤਾਂ ਜੋ ਆਮ ਜਨਤਾ ਨੂੰ ਇਹਨਾਂ ਵਿਕਸਤ ਹੋਈਆਂ ਕਲੋਨੀਆਂ ਵਿੱਚ ਆਪਣੀ ਅਹਿਮ ਪੂੰਜੀ ਨੂੰ ਨਿਵੇਸ਼ ਕਰਨ ਤੋਂ ਬਚਾਇਆ ਜਾ ਸਕੇ ਅਤੇ ਪਟਿਆਲਾ ਜਿਲ੍ਹੇ ਵਿੱਚ ਹੋ ਰਹੇ ਗੈਰ-ਯੋਜਨਾਬੱਧ ਵਿਕਾਸ ਨੂੰ ਰੋਕਿਆ ਜਾ ਸਕੇ।

ਪੀ.ਡੀ.ਏ ਦੇ ਮੁੱਖ ਪ੍ਰਸ਼ਾਸਕ ਮਨੀਸ਼ਾ ਰਾਣਾ ਅਤੇ ਵਧੀਕ ਪ੍ਰਸ਼ਾਸਕ ਜਸ਼ਨਦੀਪ ਕੌਰ ਗਿੱਲ ਨੇ ਦੱਸਿਆ ਕਿ ਪੀ.ਡੀ.ਏ ਲੋਕਾਂ ਨੂੰ ਅਪੀਲ ਕਰਦੀ ਹੈ ਕਿ ਪਟਿਆਲਾ ਵਾਸੀ ਭਵਿੱਖ ਵਿੱਚ ਕਿਸੇ ਵੀ ਕਲੋਨੀ ਵਿੱਚ ਮਕਾਨ/ ਪਲਾਟ ਦੀ ਖਰੀਦ ਕਰਨ ਤੋਂ ਪਹਿਲਾ ਉਸ ਕਲੋਨੀ ਸਬੰਧੀ ਸਰਕਾਰ/ ਪੀ.ਡੀ.ਏ. ਪਾਸੋਂ ਪ੍ਰਵਾਨਗੀ ਸਬੰਧੀ ਦਸਤਾਵੇਜ ਚੈੱਕ ਕਰ ਲੈਣ ਜਾਂ ਇਸ ਸਬੰਧੀ ਪੀ.ਡੀ.ਏ. ਦਫਤਰ ਜਾਣਕਾਰੀ ਪ੍ਰਾਪਤ ਕਰ ਲੈਣ ਤਾਂ ਜੋ ਉਹਨਾ ਨੂੰ ਭਵਿੱਖ ਵਿੱਚ ਕਿਸੇ ਵੀ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

ਮਨੀਸ਼ਾ ਰਾਣਾ ਅਤੇ ਜਸ਼ਨਦੀਪ ਕੌਰ ਗਿੱਲ ਨੇ ਦੱਸਿਆ ਕਿ ਇਹਨਾਂ ਕਲੋਨੀਆਂ ਤੋਂ ਇਲਾਵਾ ਕੁੱਝ ਹੋਰ ਅਣ-ਅਧਿਕਾਰਤ ਕਲੋਨਾਈਜ਼ਰਾਂ ਨੂੰ ਵੀ ਨੋਟਿਸ ਜਾਰੀ ਕੀਤੇ ਗਏ ਹਨ ਅਤੇ ਜੇਕਰ ਇਸ ਸਬੰਧੀ ਕੋਈ ਪੁਖਤਾ ਜਵਾਬ ਜਾਂ ਦਸਤਾਵੇਜ ਨੋਟਿਸ ਵਿੱਚ ਦਿੱਤੇ ਸਮੇਂ ਦੌਰਾਨ ਪ੍ਰਾਪਤ ਨਹੀ ਹੁੰਦੇ ਹਨ ਤਾਂ ਉਹਨਾਂ ਵਿਰੁੱਧ ਵੀ ਇਸ ਤਰ੍ਹਾਂ ਦੀ ਕਾਰਵਾਈ ਕੀਤੀ ਜਾਵੇਗੀ ਅਤੇ ਪਾਪਰਾ ਐਕਟ 1995 ਦੀਆਂ ਧਾਰਾਵਾਂ ਤਹਿਤ ਐਫ.ਆਈ.ਆਰ. ਵੀ ਦਰਜ ਕਰਵਾਈ ਜਾਵੇਗੀ।

# ਪਟਿਆਲਾ ਜ਼ਿਲ੍ਹੇ ਦੇ ਨੀਟ 'ਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ 12 ਵਿਦਿਆਰਥੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸਨਮਾਨਿਤ

**ਪਟਿਆਲਾ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**




ਨੀਟ 2025 ਪ੍ਰੀਖਿਆ ਵਿੱਚ ਸ਼ਾਨਦਾਰ ਨਤੀਜੇ ਹਾਸਲ ਕਰਨ ਵਾਲੇ ਜ਼ਿਲ੍ਹਾ ਪਟਿਆਲਾ ਦੇ 12 ਹੋਣਹਾਰ ਵਿਦਿਆਰਥੀਆਂ ਨੂੰ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਵਿਸ਼ੇਸ਼ ਸਨਮਾਨਿਤ ਕੀਤਾ ਗਿਆ।

ਇਹ ਸਨਮਾਨ ਸਮਾਰੋਹ ਉਨ੍ਹਾਂ ਵਿਦਿਆਰਥੀਆਂ ਦੀ ਮਿਹਨਤ ਅਤੇ ਸੰਕਲਪ ਨੂੰ ਮਾਨਤਾ ਦੇਣ ਵਾਸਤੇ ਕਰਵਾਇਆ ਗਿਆ, ਜਿਨ੍ਹਾਂ ਨੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਹੋਏ ਮੈਡੀਕਲ ਦੀ ਮੁਕਾਬਲਾ ਪ੍ਰੀਖਿਆ ਵਿੱਚ ਕਾਬਲੀਅਤ ਦਾ ਝੰਡਾ ਲਹਿਰਾਇਆ।

ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਪਟਿਆਲਾ ਸੰਜੀਵ ਸ਼ਰਮਾ ਨੇ ਦੱਸਿਆ ਕਿ ਇਹ ਸਫਲਤਾ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਸਰਕਾਰੀ ਸਕੂਲਾਂ ਵਿੱਚ ਦਿੱਤੀ ਜਾ ਰਹੀ ਮਿਆਰੀ ਸਿੱਖਿਆ ਅਤੇ ਨਿਰੰਤਰ ਸਾਰਥਕ ਯਤਨਾਂ ਦੀ ਪੱਕੀ ਨਿਸ਼ਾਨੀ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਇਹ ਉਪਲਬਧੀ ਹੋਰ ਬੱਚਿਆਂ ਲਈ ਪ੍ਰੇਰਨਾ ਦਾ ਸਰੋਤ ਬਣੇਗੀ।

ਡਿਪਟੀ ਡੀਈਓ ਪਟਿਆਲਾ ਡਾ. ਰਵਿੰਦਰਪਾਲ ਸ਼ਰਮਾ ਨੇ ਦੱਸਿਆ ਕਿ ਸਰਕਾਰੀ ਪੱਧਰ 'ਤੇ ਨਿਯਮਤ ਮੌਕ ਟੈੱਸਟ, ਡਾਊਟ ਕਲਾਸਾਂ ਅਤੇ ਮਨੋਵਿਗਿਆਨਿਕ ਮਾਰਗ ਦਰਸ਼ਨ ਦੀ ਸਹਾਇਤਾ ਨਾਲ ਵਿਦਿਆਰਥੀਆਂ ਨੂੰ ਤਿਆਰੀ ਕਰਵਾਈ ਗਈ।

ਪਿਛਲੇ ਸਾਲ ਵੀ ਜ਼ਿਲ੍ਹਾ ਪਟਿਆਲਾ ਨੇ ਨੀਟ ਦੇ ਨਤੀਜਿਆਂ 'ਚ ਬਿਹਤਰੀਨ ਪ੍ਰਦਰਸ਼ਨ ਕੀਤਾ ਸੀ, ਜਿਸ ਦਾ ਸਿਲਸਿਲਾ ਇਸ ਸਾਲ ਵੀ ਜਾਰੀ ਰਿਹਾ। ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੇ ਵਿਦਿਆਰਥੀਆਂ ਨੂੰ ਉੱਚੀਆਂ ਬੁਲੰਦੀਆਂ ਲਈ ਸ਼ੁੱਭਕਾਮਨਾਵਾਂ ਦਿੰਦਿਆਂ ਉਨ੍ਹਾਂ ਦੇ ਮਾਪਿਆਂ, ਅਧਿਆਪਕਾਂ ਅਤੇ ਸਕੂਲ ਪ੍ਰਬੰਧਕਾਂ ਦੀ ਭੂਮਿਕਾ ਦੀ ਵੀ ਪ੍ਰਸ਼ੰਸਾ ਕੀਤੀ।

ਜ਼ਿਲ੍ਹਾ ਨੋਡਲ ਇੰਚਾਰਜ ਦੌਲਤ ਰਾਮ ਲੈਕਚਰਾਰ ਫਿਜ਼ਿਕਸ ਨੇ ਜਾਣਕਾਰੀ ਦਿੱਤੀ ਕਿ ਸਨਮਾਨਿਤ ਵਿਦਿਆਰਥੀਆਂ ਵਿੱਚ ਮਲਟੀਪਰਪਜ਼ ਸਕੂਲ ਤੋਂ ਪਾਵਸ ਗਰਗ ਅਤੇ ਪ੍ਰਣਵ ਸ਼ਰਮਾ, ਐਨ.ਟੀ.ਸੀ. ਰਾਜਪੁਰਾ ਤੋਂ ਗਜ਼ਲਪ੍ਰੀਤ ਕੌਰ ਅਤੇ ਅਰਮਾਨ, ਸਕੂਲ ਆਫ਼ ਐਮੀਨੈਂਸ. ਫ਼ੀਲਖ਼ਾਨਾ ਤੋਂ ਏਕਜੋਤ ਸਿੰਘ ਅਤੇ ਪ੍ਰੀਆ ਕੁਮਾਰੀ, ਸਸਸਸ ਓ.ਪੀ.ਐਲ. ਪਟਿਆਲਾ ਤੋਂ ਸਲੋਨੀ ਚੌਹਾਨ, ਸਸਸਸ ਵਿਕਟੋਰੀਆ ਪਟਿਆਲਾ ਤੋਂ ਤਾਨਿਆ ਚੌਹਾਨ, ਸਸਸਸ ਸੀਓਣਾ ਤੋਂ ਹਰਸਿਮਰਨ ਕੌਰ ਅਤੇ ਗੁਰਲੀਨ ਕੌਰ, ਸਸਸਸ ਸਿਵਲ ਲਾਈਨਜ਼ ਤੋਂ ਅਭਿਨਵ ਅਤੇ ਸਸਸਸ ਨਿਊ ਪਾਵਰ ਹਾਊਸ ਕਲੋਨੀ ਪਟਿਆਲਾ ਤੋਂ ਅਨੁਵਾ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਪਾਵਸ ਗਰਗ ਨੇ ਪੰਜਾਬ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ।

ਮਾਪਿਆਂ ਨੇ ਕਿਹਾ ਕਿ ਅਜਿਹੇ ਸਨਮਾਨ ਸਮਾਰੋਹ ਵਿਦਿਆਰਥੀਆਂ ਦੇ ਮਨੋਬਲ ਨੂੰ ਵਧਾਉਂਦੇ ਹੋਏ ਹੋਰ ਬੱਚਿਆਂ ਲਈ ਵੀ ਉਤਸ਼ਾਹ ਦਾ ਸਰੋਤ ਸਾਬਤ ਹੋਇਆ।

ਇਸ ਮੌਕੇ ਜ਼ਿਲ੍ਹਾ ਨੋਡਲ ਅਫ਼ਸਰ ਦੌਲਤ ਰਾਮ ਲੈਕਚਰਾਰ , ਅਸਿਸਟੈਂਟ ਡਾਇਰੈਕਟਰ ਜਸਵਿੰਦਰ ਕੌਰ ਜ਼ਿਲ੍ਹਾ ਮੈਂਟਰ ਪ੍ਰਿੰਸੀਪਲ ਮਨਦੀਪ ਕੌਰ ਅੰਟਾਲ, ਪ੍ਰਿੰਸੀਪਲ ਸੰਦੀਪ ਕੁਮਾਰ, ਪ੍ਰਿੰਸੀਪਲ ਰਮਨਦੀਪ ਕੌਰ, ਰਾਜਿੰਦਰ ਸਿੰਘ ਚਾਨੀ ਜ਼ਿਲ੍ਹਾ ਮੀਡੀਆ ਕੋਆਰਡੀਨੇਟਰ ਨੇ ਖ਼ੁਸ਼ੀ ਦਾ ਇਜ਼ਹਾਰ ਕੀਤਾ।

# ਸੇਵਾ ਕੇਂਦਰ 'ਚ ਮਿਲਣ ਵਾਲੀਆਂ 406 ਸੇਵਾਵਾਂ ਪਟਿਆਲਾ ਵਾਸੀਆਂ ਨੂੰ ਘਰ ਬੈਠੇ ਵੀ ਹੋ ਰਹੀਆਂ ਨੇ ਮੁਹੱਈਆ : ਡਿਪਟੀ ਕਮਿਸ਼ਨਰ

**➢ 26 ਵਿਭਾਗਾਂ ਨਾਲ ਸਬੰਧਤ 406 ਸੇਵਾਵਾਂ ਡੋਰ ਸਟੈੱਪ ਡਲਿਵਰੀ ਰਾਹੀਂ ਵੀ ਉਪਲਬੱਧ**
**➢ ਜ਼ਿਲ੍ਹਾ ਵਾਸੀ 1076 'ਤੇ ਕਾਲ ਕਰਕੇ ਘਰ ਬੈਠੇ ਪ੍ਰਾਪਤ ਕਰ ਸਕਦੇ ਨੇ ਸੇਵਾਵਾਂ**

**ਪਟਿਆਲਾ, 1 ਜੁਲਾਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਜਿਥੇ 'ਆਪ ਦੀ ਸਰਕਾਰ, ਆਪ ਦੇ ਦੁਆਰ' ਵਰਗੀ ਵਿਲੱਖਣ ਪਹਿਲ ਕਦਮੀ ਕਰਕੇ ਲੋਕਾਂ ਨੂੰ ਕੈਂਪਾਂ ਲਗਾ ਕੇ ਪ੍ਰਸ਼ਾਸਨਿਕ ਸੇਵਾਵਾਂ ਉਨ੍ਹਾਂ ਦੇ ਘਰਾਂ ਦੇ ਨੇੜੇ ਉਪਲਬਧ ਕਰਵਾਈਆਂ ਜਾ ਰਹੀਆਂ ਹਨ, ਉਥੇ ਹੀ 1076 'ਤੇ ਕਾਲ ਕਰਕੇ ਸੇਵਾ ਕੇਂਦਰ ਵਿੱਚ ਮਿਲਣ ਵਾਲੀਆਂ 406 ਤਰ੍ਹਾਂ ਦੀਆਂ ਸੇਵਾਵਾਂ ਲੋਕ ਆਪਣੇ ਘਰ ਬੈਠੇ ਹੀ ਪ੍ਰਾਪਤ ਕਰ ਰਹੇ ਹਨ।

ਸੂਬਾ ਵਾਸੀਆਂ ਨੂੰ ਬਿਹਤਰ ਪ੍ਰਸ਼ਾਸਨਿਕ ਸੇਵਾਵਾਂ ਉਪਲਬਧ ਕਰਵਾਉਣ ਲਈ ਚਲਾਈ ਜਾ ਰਹੀ 1076 ਹੈਲਪ ਲਾਈਨ ਪਟਿਆਲਾ ਵਾਸੀਆਂ ਲਈ ਵੀ ਕਾਰਗਰ ਸਾਬਤ ਹੋ ਰਹੀ ਹੈ। ਇਸ ਤਹਿਤ ਕੋਈ ਵੀ ਨਾਗਰਿਕ ਫ਼ੋਨ ਨੰਬਰ 1076 'ਤੇ ਕਾਲ ਕਰਕੇ 406 ਪ੍ਰਕਾਰ ਦੀਆਂ ਸੇਵਾਵਾਂ ਜਿਨ੍ਹਾਂ ਵਿਚ ਜਾਤੀ ਸਰਟੀਫਿਕੇਟ, ਰਿਹਾਇਸ਼ ਸਰਟੀਫਿਕੇਟ, ਮੈਰਿਜ ਸਰਟੀਫਿਕੇਟ, ਜਨਮ/ਮੌਤ ਸਰਟੀਫਿਕੇਟ, ਲੇਬਰ ਕਾਰਡ ਆਦਿ ਸ਼ਾਮਲ ਹਨ। ਵੱਖ-ਵੱਖ ਦਫ਼ਤਰਾਂ ਨਾਲ ਸਬੰਧਤ ਇਨ੍ਹਾਂ ਸਰਕਾਰੀ ਸੇਵਾਵਾਂ ਲਈ ਪ੍ਰਾਰਥੀ ਸਰਕਾਰੀ ਨੁਮਾਇੰਦੇ ਨੂੰ ਆਪਣੇ ਘਰ ਬੁਲਾ ਕੇ ਸੇਵਾਵਾਂ ਪ੍ਰਾਪਤ ਕਰ ਸਕਦੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਲੋਕਾਂ ਨੂੰ ਘਰਾਂ ਵਿੱਚ ਹੀ 26 ਵਿਭਾਗਾਂ ਦੀਆਂ 406 ਸੇਵਾਵਾਂ ਡੋਰ ਸਟੈੱਪ ਡਲਿਵਰੀ ਰਾਹੀ ਉਪਲਬੱਧ ਕਰਵਾਈਆਂ ਜਾ ਰਹੀ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿੱਚ ਖੇਤੀਬਾੜੀ ਵਿਭਾਗ ਨਾਲ ਸਬੰਧਤ 73 ਸੇਵਾਵਾਂ, ਗ੍ਰਹਿ ਤੇ ਨਿਆਂ ਵਿਭਾਗ ਦੀਆਂ 46 ਸੇਵਾਵਾਂ, ਲੇਬਰ ਵਿਭਾਗ 45 ਸੇਵਾਵਾਂ, ਟਰਾਂਸਪੋਰਟ ਵਿਭਾਗ ਦੀਆਂ 39 ਸੇਵਾਵਾਂ, ਮਾਲ ਵਿਭਾਗ ਨਾਲ ਸਬੰਧਤ 48 ਸੇਵਾਵਾਂ, ਸਿਹਤ ਤੇ ਪਰਿਵਾਰ ਭਲਾਈ ਵਿਭਾਗ ਨਾਲ ਸਬੰਧਤ 37, ਸਥਾਨਕ ਸਰਕਾਰਾਂ ਵਿਭਾਗ ਦੀਆਂ 12, ਸਮਾਜਿਕ ਸੁਰੱਖਿਆ ਵਿਭਾਗ ਦੀਆਂ 13, ਸਾਂਝ ਨਾਲ ਸਬੰਧਤ 17 ਤਰ੍ਹਾਂ ਦੀਆਂ



ਸੇਵਾਵਾਂ ਸਮੇਤ ਵੱਖ ਵੱਖ ਤਰ੍ਹਾਂ ਦੀਆਂ ਸਰਕਾਰੀ ਸੇਵਾਵਾਂ ਉਪਲਬੱਧ ਕਰਵਾਉਣ ਲਈ ਜ਼ਿਲ੍ਹੇ ਵਿਚ ਪ੍ਰਤੀਨਿਧੀ ਨਿਯੁਕਤ ਕੀਤੇ ਗਏ ਹਨ, ਜੋ ਮਿਥੇ ਸਮੇਂ 'ਤੇ ਸੇਵਾ ਪ੍ਰਾਪਤ ਕਰਨ ਵਾਲੇ ਦੇ ਘਰ ਜਾ ਕੇ ਸੇਵਾ ਪ੍ਰਦਾਨ ਕਰਦੇ ਹਨ। ਉਨ੍ਹਾਂ ਦੱਸਿਆ ਕਿ ਇਸ ਸੁਵਿਧਾ ਨਾਲ ਆਮ ਲੋਕਾਂ ਦੇ ਦਫ਼ਤਰਾਂ ਵਿੱਚ ਆਉਣ-ਜਾਣ ਦੇ ਸਮੇਂ ਦੀ ਬੱਚਤ ਹੋਈ ਹੈ ਤੇ ਨਾਲ ਨਾਲ ਜੇਕਰ ਕੋਈ ਕਾਗਜ਼ ਘੱਟ ਹੈ ਤਾਂ ਵੀ ਵਿਅਕਤੀ ਨੂੰ ਆਪਣੇ ਘਰ 'ਚੋਂ ਬਿਨਾਂ ਕਿਤੇ ਗੇੜ ਲਗਾਏ ਕਾਗਜ਼ ਇਕੱਠੇ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਸੇਵਾ ਤਹਿਤ ਸੇਵਾ ਸਹਾਇਕ ਨਾਗਰਿਕ ਦੇ ਘਰ ਆ ਕੇ ਉਸ ਦੀ ਅਰਜ਼ੀ ਲੈਂਦਾ ਹੈ, ਫ਼ੋਟੋ ਤੇ ਹੋਰ ਦਸਤਾਵੇਜ਼ ਪ੍ਰਾਪਤ ਕਰਦਾ ਹੈ ਅਤੇ ਨਾਗਰਿਕ ਦਾ ਕੰਮ ਹੋਣ ਤੋਂ ਬਾਅਦ ਸਰਟੀਫਿਕੇਟ ਉਨ੍ਹਾਂ ਦੇ ਘਰ ਪਹੁੰਚਾਉਂਦਾ ਹੈ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁਹੱਈਆ ਕਰਵਾਈ ਜਾ ਰਹੀ ਇਸ ਡੋਰ ਸਟੈੱਪ ਸਰਵਿਸ ਰਾਹੀਂ 1076 'ਤੇ ਕਾਲ ਕਰਕੇ ਘਰ ਬੈਠੇ ਹੀ ਪ੍ਰਸ਼ਾਸਨਿਕ ਸੇਵਾਵਾਂ ਦਾ ਵੱਧ ਤੋਂ ਵੱਧ ਲਾਹਾ ਲੈ ਕੇ ਆਪਣੇ ਕੀਮਤੀ ਸਮੇਂ ਦੀ ਬੱਚਤ ਕਰਨ। ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਲੋਕ ਡੋਰ ਸਟੈੱਪ ਡਲਿਵਰੀ ਦੀਆਂ ਇਨ੍ਹਾਂ ਸੇਵਾਵਾਂ ਵਿੱਚ ਜਨਮ ਤੇ ਮੌਤ ਸਰਟੀਫਿਕੇਟ ਦੀਆਂ ਕਾਪੀਆਂ, ਜਨਮ ਸਰਟੀਫਿਕੇਟ ਵਿੱਚ ਐਂਟਰੀ ਵਿੱਚ ਸੋਧ, ਜਨਮ ਸਰਟੀਫਿਕੇਟ ਦੀਆਂ ਕਈ ਕਾਪੀਆਂ, ਜਨਮ ਸਰਟੀਫਿਕੇਟ ਦੀ ਦੇਰੀ ਨਾਲ ਰਜਿਸਟਰੇਸ਼ਨ, ਮੌਤ ਸਰਟੀਫਿਕੇਟ ਦੀ ਦੇਰੀ ਨਾਲ ਰਜਿਸਟਰੇਸ਼ਨ, ਮੌਤ ਦੇ ਸਰਟੀਫਿਕੇਟ (ਸਿਹਤ) ਵਿੱਚ ਸੋਧ, ਆਮਦਨ ਦਾ ਸਰਟੀਫਿਕੇਟ, ਹਲਫੀਆ ਬਿਆਨ ਤਸਦੀਕ ਕਰਨਾ, ਮਾਲ ਰਿਕਾਰਡ ਦੀ ਜਾਂਚ, ਰਜਿਸਟਰਡ ਅਤੇ ਗੈਰ-ਰਜਿਸਟਰਡ ਦਸਤਾਵੇਜ਼ਾਂ ਦੀਆਂ ਪ੍ਰਮਾਣਿਤ ਕਾਪੀਆਂ (ਨਕਲ ਪ੍ਰਦਾਨ ਕਰਨਾ), ਭਾਰ-ਮੁਕਤ ਸਰਟੀਫਿਕੇਟ, ਗਿਰਵੀਨਾਮੇ ਦੀ ਇਕੁਇਟੀ ਐਂਟਰੀ, ਫਰਦ ਤਿਆਰ ਕਰਨ, ਦਸਤਾਵੇਜ਼ਾਂ ਦੇ ਕਾਊਂਟਰ ਸਾਈਨ, ਮੁਆਵਜ਼ੇ ਸਬੰਧੀ ਬਾਂਡ, ਬਾਰਡਰ ਏਰੀਏ ਸਬੰਧੀ ਸਰਟੀਫਿਕੇਟ, ਬੈਕਵਰਡ ਏਰੀਆ ਸਰਟੀਫਿਕੇਟ, ਜ਼ਮੀਨ ਦੀ ਹੱਦਬੰਦੀ, ਐਨ.ਆਰ.ਆਈ. ਦੇ ਦਸਤਾਵੇਜ਼ਾਂ ਦੇ ਕਾਊਂਟਰ ਸਾਈਨ, ਪੁਲਿਸ ਕਲੀਅਰੈਂਸ ਸਰਟੀਫਿਕੇਟ ਅਤੇ ਲਾਭਪਾਤਰੀਆਂ ਦੇ ਬੱਚਿਆਂ ਨੂੰ ਵਜ਼ੀਫ਼ਾ, ਉਸਾਰੀ ਕਾਮੇ ਦੀ ਰਜਿਸਟਰੇਸ਼ਨ ਅਤੇ ਉਸਾਰੀ ਮਜ਼ਦੂਰ (ਲੇਬਰ) ਦੀ ਰਜਿਸਟਰੇਸ਼ਨ ਦਾ ਨਵੀਨੀਕਰਨ, ਰਿਹਾਇਸ਼ੀ ਸਰਟੀਫਿਕੇਟ (ਪ੍ਰਸੋਨਲ), ਅਨੁਸੂਚਿਤ ਜਾਤੀ ਸਰਟੀਫਿਕੇਟ ਅਤੇ ਬੀ.ਸੀ. ਸਰਟੀਫਿਕੇਟ, ਜਨਰਲ ਜਾਤੀ ਸਰਟੀਫਿਕੇਟ, ਹੋਰ ਪਛੜੀ ਸ਼੍ਰੇਣੀਆਂ ਸਬੰਧੀ ਸਰਟੀਫਿਕੇਟ (ਓ.ਬੀ.ਸੀ.), ਆਮਦਨ ਅਤੇ ਸੰਪਤੀ ਦਾ ਸਰਟੀਫਿਕੇਟ ਅਤੇ ਸ਼ਗਨ ਸਕੀਮ (ਕੇਸ ਨੂੰ ਮਨਜ਼ੂਰੀ ਲਈ) (ਸਮਾਜਿਕ ਨਿਆਂ), ਬਜ਼ੁਰਗਾਂ ਨੂੰ ਪੈਨਸ਼ਨ, ਵਿਧਵਾ/ਬੇਸਹਾਰਾ ਨਾਗਰਿਕਾਂ ਨੂੰ ਪੈਨਸ਼ਨ, ਦਿਵਿਆਂਗ ਨਾਗਰਿਕਾਂ ਨੂੰ ਪੈਨਸ਼ਨ, ਅਪੰਗਤਾ ਸਰਟੀਫਿਕੇਟ ਯੀ.ਡੀ.ਆਈ.ਡੀ. ਘਰ ਬੈਠੇ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।

**ਵਿਧਾਇਕ ਅਜੀਤਪਾਲ ਕੋਹਲੀ ਨੇ ਕੀਤੀ ਮਨੀਸ਼ ਸਿਸੋਦੀਆ ਨਾਲ ਮੁਲਾਕਾਤ**

# ਨਗਰ ਨਿਗਮ, ਟਰੱਸਟ, ਸਰਕਾਰੀ ਵਿਭਾਗਾਂ, ਲੋਕ ਨਿਰਮਾਣ ਵਿਭਾਗ ਦੇ ਕੰਮਕਾਜ ਬਾਰੇ ਚਰਚਾ



**ਪਟਿਆਲਾ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਪੰਜਾਬ ਦੇ ਇੰਚਾਰਜ ਅਤੇ ਸਾਬਕਾ ਉਪ ਮੁੱਖ ਮੰਤਰੀ ਦਿੱਲੀ ਮਨੀਸ਼ ਸਿਸੋਦੀਆ ਨਾਲ ਮੀਟਿੰਗ ਕੀਤੀ। ਇਸ ਮੌਕੇ ਪਟਿਆਲਾ ਸ਼ਹਿਰ ਵਾਸੀਆਂ ਦੀ ਬਿਹਤਰੀ ਲਈ ਭਵਿੱਖੀ ਏਜੰਡੇ, ਵਿਕਾਸ ਕਾਰਜਾਂ, ਨਗਰ ਨਿਗਮ, ਸਰਕਾਰੀ ਵਿਭਾਗ, ਡੇਰਾ ਜ਼ਮੀਨ ਦਾ ਮੁੱਦਾ, ਲੋਕ ਨਿਰਮਾਣ ਵਿਭਾਗ ਸਮੇਤ ਇੰਪਰੂਵਮੈਂਟ ਟਰੱਸਟ ਦੇ ਕੰਮਕਾਜ ਬਾਰੇ ਚਰਚਾ ਕੀਤੀ ਗਈ। ਇਹ ਵੀ ਚਰਚਾ ਹੋਈ ਕੇ ਪਟਿਆਲਾ ਸ਼ਹਿਰ ਨੂੰ ਹੋਰ ਬਿਹਤਰ ਬਣਾਉਣ ਲਈ ਕੀ ਕੁਝ ਕੀਤਾ ਜਾ ਸਕਦਾ ਹੈ ਅਤੇ ਭਵਿੱਖ ਵਿਚ ਅਸੀਂ ਸ਼ਹਿਰ ਵਾਸੀਆਂ ਵਾਸਤੇ ਕਿਹੜੀਆਂ ਸਕੀਮਾਂ ਪ੍ਰਵਾਨ ਕਰ ਸਕਦੇ ਹਾਂ ਜਾਂ ਅਜਿਹੀ ਕਿਹੜੀ ਸਕੀਮ ਲਿਆਈ ਜਾ ਸਕਦੀ ਹੈ, ਜਿਸ ਨਾਲ ਪਟਿਆਲਵੀਆਂ ਦਾ ਵਧੇਰੇ ਫ਼ਾਇਦਾ ਹੋ ਸਕੇ।

ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਅਸੀਂ ਪੰਜਾਬ ਦੀ ਰਾਜਨੀਤੀ ਅਤੇ ਖ਼ਾਸ ਕਰਕੇ ਪਟਿਆਲਾ ਸ਼ਹਿਰ ਦੇ ਵੱਖ-ਵੱਖ ਸਰਕਾਰੀ ਵਿਭਾਗਾਂ, ਡੇਰਾ ਜ਼ਮੀਨ ਦਾ ਮੁੱਦਾ, ਲੋਕ ਨਿਰਮਾਣ ਵਿਭਾਗ, ਨਗਰ ਨਿਗਮ, ਇੰਪਰੂਵਮੈਂਟ ਟਰੱਸਟ ਦੇ ਕੰਮਕਾਜ ਬਾਰੇ ਚਰਚਾ ਕੀਤੀ। ਮੈਂ ਖ਼ਾਸ ਤੌਰ 'ਤੇ ਪਟਿਆਲਾ ਦੇ ਵਿਕਾਸ ਪ੍ਰੋਜੈਕਟਾਂ ਵਿੱਚ ਉਨ੍ਹਾਂ ਦੀ ਦਿਲਚਸਪੀ ਤੋਂ ਪ੍ਰਭਾਵਿਤ ਹੋਇਆ। ਉਹ ਸ਼ਹਿਰ ਵਿੱਚ ਹੋ ਰਹੇ ਸਾਰੇ ਕੰਮਾਂ ਤੋਂ ਜਾਣੂ ਸੀ ਅਤੇ ਇਹ ਗੱਲ ਮੈਨੂੰ ਵਿਸ਼ਵਾਸ ਦਿਵਾਉਂਦੀ ਹੈ ਕਿ ਪਟਿਆਲਾ ਵਿੱਚ ਆਉਣ ਵਾਲੇ ਭਵਿੱਖ ਵਿੱਚ ਬਹੁਤ ਸਾਰੇ ਵਿਕਾਸ ਕਾਰਜ ਕੀਤੇ ਜਾਣਗੇ।

ਵਿਧਾਇਕ ਕੋਹਲੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਇਸ ਤੋਂ ਪਹਿਲਾਂ ਪੰਜਾਬ ਵਾਸੀਆਂ ਨੂੰ ਬਿਨਾਂ ਸਿਫ਼ਾਰਸ਼ ਹਜ਼ਾਰਾਂ ਨੌਕਰੀਆਂ, 600 ਬਿਜਲੀ ਦੇ ਯੂਨਿਟ ਬਿਨਾ ਭੇਦ ਭਾਵ ਮਾਫ਼ੀ, ਉਦਯੋਗਾਂ ਨੂੰ ਵੱਡੀ ਰਾਹਤ, ਐਮੀਨੈਂਸ ਸਕੂਲ, ਮੁਫ਼ਤ ਪੜਾਈ, ਮੁਫ਼ਤ ਇਲਾਜ, ਮੁਹੱਲਾ ਕਲੀਨਿਕ ਸਮੇਤ ਹੋਰ ਰਿਆਇਤਾਂ ਦੇ ਕੇ ਸੂਬਾ ਵਾਸੀਆਂ ਦੇ ਮਨਾਂ 'ਚ ਵਿਸ਼ੇਸ਼ ਜਗ੍ਹਾ ਬਣਾਈ ਹੈ। ਉਨ੍ਹਾਂ ਕਿਹਾ ਕਿ ਜੋ ਕੰਮ ਆਮ ਆਦਮੀ ਪਾਰਟੀ ਨੇ ਕੀਤੇ ਹਨ, ਉਹ ਪਿਛਲੇ ਸਮੇਂ ਦੌਰਾਨ ਕਿਸੇ ਸਰਕਾਰ ਨੇ ਨਹੀਂ ਕੀਤੇ। ਇਸ ਲਈ 2027 'ਚ ਮੁੜ ਆਮ ਆਦਮੀ ਪਾਰਟੀ ਦੀ ਸਰਕਾਰ ਬਣੇਗੀ।

ਪੰਜਾਬ ਵਿੱਚ ਜਲਦੀ ਹੀ ਨੌਕਰੀਆਂ ਦਾ ਪਿਟਾਰਾ ਖੁੱਲਣ ਵਾਲਾ ਹੈ। ਸੂਬੇ ਵਿੱਚ 12 ਵੱਖ-ਵੱਖ ਵਿਭਾਗਾਂ ਵਿੱਚ 5 ਹਜ਼ਾਰ ਤੋਂ ਵੱਧ ਭਰਤੀਆਂ ਕੀਤੀਆਂ ਜਾਣਗੀਆਂ। ਇਹ ਪ੍ਰਕਿਰਿਆ ਅਗਲੇ ਮਹੀਨੇ 400 ਮੈਡੀਕਲ ਅਫ਼ਸਰਾਂ ਦੀ ਭਰਤੀ ਨਾਲ ਸ਼ੁਰੂ ਹੋਵੇਗੀ। ਉਨ੍ਹਾਂ ਨੇ ਕਿਹਾ ਕਿ ਸੂਬੇ ਦੇ 12 ਵਿਭਾਗਾਂ ਵਿੱਚ ਜਲਦੀ ਹੀ ਪੰਜ ਹਜ਼ਾਰ ਤੋਂ ਵੱਧ ਭਰਤੀਆਂ ਹੋਣਗੀਆਂ। ਇਸ ਸਬੰਧੀ ਨੋਟੀਫ਼ਿਕੇਸ਼ਨ ਜਲਦੀ ਹੀ ਜਾਰੀ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰੀ ਭਰਤੀ ਵਿੱਚ ਪੈਸੇ ਅਤੇ ਸਿਫ਼ਾਰਸ਼ਾਂ ਦੀ ਖੇਡ ਨੂੰ ਖ਼ਤਮ ਕਰ ਦਿੱਤਾ ਹੈ।

# ਗੁਰਤੇਜ ਸਿੰਘ ਬੂਹੀ ਆਜ਼ਾਦ ਪ੍ਰੈਸ ਕਲੱਬ ਦੇ ਸਰਬਸੰਮਤੀ ਨਾਲ ਪ੍ਰਧਾਨ ਚੁਣੇ ਗਏ



**ਨਾਭਾ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਰਿਆਸਤੀ ਸਹਿਰ ਨਾਭਾ ਵਿਖੇ ਬੀਤੇ ਲੰਮੇ ਸਮੇਂ ਤੋਂ ਲੋਕਤੰਤਰ ਦੇ ਚੌਥੇ ਥੰਮ ਵਜੋਂ ਕੰਮ ਕਰ ਰਹੇ ਆਜ਼ਾਦ ਪ੍ਰੈਸ ਕਲੱਬ (ਰਜਿ) ਨਾਭਾ ਦੀ ਅਹਿਮ ਮੀਟਿੰਗ ਕੀਤੀ ਗਈ ਜਿਸ ਵਿੱਚ ਬੀਤੇ ਸਮੇਂ ਦੌਰਾਨ ਪ੍ਰੈਸ ਕਲੱਬ ਦੀ ਕਾਰਗੁਜਾਰੀ ਤੇ ਚਰਚਾ ਕੀਤੀ ਅਤੇ ਬੀਤੇ ਸਮੇਂ ਦੌਰਾਨ ਕਲੱਬ ਵੱਲੋਂ ਕੀਤੇ ਕੰਮਾਂ ਦੀ ਸਲਾਘਾ ਕੀਤੀ ਗਈ ਅਤੇ ਸਮੁੱਚੇ ਪ੍ਰੈਸ ਕਲੱਬ ਮੈਂਬਰਾਂ ਨੇ ਇਕਜੁੱਟ ਹੋ ਕੇ ਕਿਹਾ ਕਿ ਪ੍ਰੈਸ ਕਲੱਬ ਦੇ ਕੰਮ ਕਾਰ ਵਿੱਚ ਜਿੱਥੇ ਵੀ ਸੁਧਾਰ ਦੀ ਲੋੜ ਹੈ ਉਸ ਲਈ ਸਾਰੇ ਸਹਿਯੋਗ ਦੇਣਗੇ ਤਾਂ ਜੋ ਕਲੱਬ ਨੂੰ ਸਮੇਂ ਦੇ ਹਾਣ ਦਾ ਬਣਾ ਕੇ ਹੋਰ ਵੀ ਬਿਹਤਰੀ ਨਾਲ ਕੰਮ ਕਰਨ ਦੇ ਸਮਰੱਥ ਹੋ ਸਕੇ ਅਤੇ ਆਜ਼ਾਦ ਪ੍ਰੈਸ ਕਲੱਬ ਦੇ ਸਮੁੱਚੇ ਮੈਂਬਰਾਂ ਦੀ ਮੰਗ ਅਨੁਸਾਰ ਪ੍ਰੈਸ ਕਲੱਬ ਦੇ ਨਵੇਂ ਅਹੁਦੇਦਾਰਾਂ ਦੀ ਚੋਣ ਕੀਤੀ ਗਈ ਜਿਸ ਦੌਰਾਨ ਗੁਰਤੇਜ ਸਿੰਘ ਬੂਹੀ ਨੂੰ ਸਰਬ ਸੰਮਤੀ ਨਾਲ ਕਲੱਬ ਦਾ ਪ੍ਰਧਾਨ ਚੁਣਿਆ ਗਿਆ। ਇਸ ਤੋਂ ਇਲਾਵਾ ਅਮਨਦੀਪ ਸਿੰਘ ਮਾਝਾ ਸੀਨੀਅਰ ਮੀਤ ਪ੍ਰਧਾਨ, ਸੁਖਵੀਰ ਸਿੰਘ ਬੂਹੀ ਮੀਤ ਪ੍ਰਧਾਨ, ਗੁਰਮੁੱਖ ਸਿੰਘ ਭੋਜੋਮਾਜਰੀ ਜਨਰਲ ਸਕੱਤਰ, ਮਨਦੀਪ ਕੌਂਸਿਕ ਸਹਾਇਕ ਜਨਰਲ ਸਕੱਤਰ, ਐਡਵੋਕੇਟ ਲਖਵਿੰਦਰ ਸਿੰਘ ਇੱਛੇਵਾਲ ਕਾਨੂੰਨੀ ਸਲਾਹਕਾਰ, ਸੁਖਪਾਲ ਸਿੰਘ ਦਲੱਦੀ, ਕਰਮਜੀਤ ਸਿੰਘ ਸੋਮਲ, ਸਾਹਿਬ ਸਿੰਘ ਵਿਰਕ (ਤਿੰਨੋ ਮੁੱਖ ਸਲਾਹਕਾਰ) ਰਣਧੀਰ ਸਿੰਘ ਕੈਸ਼ੀਅਰ, ਸੁਧੀਰ ਜੈਨ ਸਹਾਇਕ ਕੈਸੀਅਰ, ਸਹਾਇਕ ਸਕੱਤਰ ਰਮਨ ਭਾਟੀਆ, ਪ੍ਰਚਾਰ ਸਕੱਤਰ ਰਵੀ ਸੰਕਰ, ਪ੍ਰੈਸ ਸਕੱਤਰ ਸੰਕਰ ਜੋਸ਼ੀ, ਅਗਜੈਕਟਿਵ ਮੈਬਰ ਗੁਰਪ੍ਰੀਤ ਬਰਸਟ, ਜਤਿੰਦਰ ਸਿੰਘ, ਅਮਨ ਮੱਲੇਵਾਲੀਆ ਚੁਣੇ ਗਏ ਇਸ ਮੌਕੇ ਕਲੱਬ ਦੇ ਪ੍ਰਧਾਨ ਅਤੇ ਅਹੁਦੇਦਾਰਾਂ ਨੇ ਇਹ ਗੱਲ ਤੇ ਸਹਿਮਤੀ ਪ੍ਰਗਟਾਈ ਕਿ ਕਲੱਬ ਵੱਲੋਂ ਜਿੱਥੇ ਪੱਤਰਕਾਰੀ ਦੇ ਖੇਤਰ ਵਿੱਚ ਅਹਿਮ ਜਿੰਮੇਵਾਰੀ ਨਿਭਾਈ ਜਾਵੇਗੀ ਉੱਥੇ ਹੀ ਸਮਾਜਿਕ ਕੁਰੀਤੀਆਂ ਦੇ ਖਿਲਾਫ ਵੀ ਮੁਹਿੰਮ ਵਿੱਢੀ ਜਾਵੇਗੀ ਤਾਂ ਜੋ ਇੱਕ ਚੰਗੇ ਸਮਾਜ ਦੀ ਸਿਰਜਣਾ ਵਿੱਚ ਯੋਗਦਾਨ ਪਾਇਆ ਜਾ ਸਕੇ ਇਸ ਮੌਕੇ ਨਵ ਨਿਯੁਕਤ ਪ੍ਰਧਾਨ ਨੇਂ ਸਾਰੇ ਪੱਤਰਕਾਰ ਸਾਥੀਆਂ ਦਾ ਧੰਨਵਾਦ ਕੀਤਾ ਅਤੇ ਬਖਸ਼ੀ ਹੋਈ ਜਿੰਮੇਵਾਰੀ ਨੂੰ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣ ਦਾ ਵਿਸ਼ਵਾਸ ਦਿਵਾਇਆ।

# ਉੱਤਸਵ 'ਚ ਕਾਮੇਡੀ ਨਾਟਕ 'ਤਰਤੂਫ' ਸਫਲਤਾਪੂਰਵਕ ਪੇਸ਼ ਕੀਤਾ ਗਿਆ



**ਪਟਿਆਲਾ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਤਰੀ ਖੇਤਰ ਸੱਭਿਆਚਾਰਕ ਕੇਂਦਰ, ਪਟਿਆਲਾ (ਭਾਰਤ ਸਰਕਾਰ ਦਾ ਸੱਭਿਆਚਾਰ ਮੰਤਰਾਲਾ) ਵਲੋਂ ਨਾਟਕ ਵਾਲਾ ਅਤੇ ਪੰਜਾਬ ਆਰਟ ਕੌਂਸਲ ਦੇ ਸਹਿਯੋਗ ਨਾਲ ਹਿੰਦੀ, ਪੰਜਾਬੀ ਅਤੇ ਸੰਸਕ੍ਰਿਤ ਦੇ ਮਹਾਨ ਵਿਦਵਾਨ ਡਾ. ਪ੍ਰੇਮ ਪ੍ਰਕਾਸ਼ ਧਾਲੀਵਾਲ ਦੀ ਯਾਦ ਵਿੱਚ ਕਾਲੀਦਾਸ ਆਡੀਟੋਰੀਅਮ, ਵਿਰਸਾ ਵਿਹਾਰ ਕੇਂਦਰ, ਪਟਿਆਲਾ ਵਿਖੇ 23ਵਾਂ ਸਮਰ ਥੀਏਟਰ ਫੈਸਟੀਵਲ ਆਯੋਜਿਤ ਕੀਤਾ ਜਾ ਗਿਆ।

ਨਾਟਕ ਮੇਲੇ ਦੇ ਦੂਜੇ ਦਿਨ ਮਸ਼ਹੂਰ ਫਰੈਂਚ ਲੇਖਕ ਮੌਲਿਅਆਰ ਦਾ ਲਿਖਿਆ ਨਾਟਕ ÷ਤਰਤੂਫ÷ ਦਾ ਪੰਜਾਬੀ ਅਨੁਵਾਦ ਪੇਸ਼ ਕੀਤਾ ਗਿਆ। ਨਾਟਕ ਨੂੰ ਪੰਜਾਬੀ ਰੂਪ ਸੁਰਿੰਦਰ ਬਾਠ ਨੇ ਦਿੱਤਾ ਸੀ ਅਤੇ ਰਾਜੇਸ਼ ਸ਼ਰਮਾ ਨੇ ਨਿਰਦੇਸ਼ਨ ਕੀਤਾ ਸੀ। ਨਾਟਕ ਵਿਚ ਸਦੀਆਂ ਤੋਂ ਨਕਲੀ ਪਾਖੰਡੀਆਂ ਰਾਹੀਂ ਸਮਾਜ ਵਿਚ ਫੈਲਦੇ ਝੂਠ ਉਤੇ ਕਰਾਰਾ ਵਿਅੰਗ ਸੀ। ਪਾਖੰਡੀ ਦਾ ਕਿਰਦਾਰ ਮਸ਼ਹੂਰ ਅਭਿਨੇਤਾ ਸੁਰਿੰਦਰ ਬਾਠ ਵਲੋਂ ਨਿਭਾਇਆ ਗਿਆ। ਨਾਟਕ ਵਿਚ ਰਾਜੇਸ਼ ਸ਼ਰਮਾ, ਡੌਲੀ ਕਪੂਰ, ਇਸ਼ਨੂਰ, ਨਵਦੀਪ ਸਿੰਘ, ਜਸਪ੍ਰੀਤ ਸਿੰਘ, ਹਰਸਿਮਰਨ, ਇੰਦਰਜੀਤ, ਅਭਿਕ ਆਰੀਆ ਨੇ ਵੀ ਅਹਿਮ ਭੂਮਿਕਾ ਨਿਭਾਈ। ਨਾਟਕ ਦਾ ਸੈੱਟ ਕੈਲਾਸ਼, ਸੰਨੀ ਅਤੇ ਨਰਿੰਦਰ ਸਿੰਘ ਵਲੋਂ ਤਿਆਰ ਕੀਤਾ ਗਿਆ। ਲਾਇਟ ਤੇ ਹਰਸ਼ ਸੇਠੀ, ਮਿੰਟਾ ਨੇ ਸਹਿਯੋਗ ਦਿੱਤਾ। ਨਾਟਕ ਨੂੰ ਦਰਸ਼ਕਾਂ ਦਾ ਭਰਪੂਰ ਹੁੰਗਾਰਾ ਮਿਲਿਆ।

ਮੇਲੇ ਦੇ ਦੂਜੇ ਦਿਨ ਕੁਝ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਇਸ ਮੌਕੇ ਉੱਘੀਆਂ ਕਲਾ ਸ਼ਖਸੀਅਤਾਂ ਅਤੇ ਰੰਗਮੰਚ ਪ੍ਰੇਮੀ ਵੀ ਮੌਜੂਦ ਸਨ। ਨਾਟਕ ਮੇਲੇ ਦੇ ਤੀਜੇ ਦਿਨ ਨਾਟਕ ਅੱਧੇ-ਅਧੂਰੇ ਦਾ ਮੰਚਨ ਕੀਤਾ ਜਾਵੇਗਾ।

# ਚੁਲਕਾਣਾ ਧਾਮ ਦੇ ਦਰਸ਼ਨਾਂ ਲਈ 62 ਭਗਤਾਂ ਦਾ ਜਥਾ ਹੋਇਆ ਰਵਾਨਾ

**ਨਾਭਾ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਸਥਾਨਕ ਪਟਿਆਲਾ ਗੇਟ ਨਾਭਾ ਤੋ ਡਾਇਰੈਕਟਰ ਗੀਤੂ ਅਤੇ ਪ੍ਰੋਜੈਕਟ ਚੇਅਰਮੈਨ ਗੀਤਾ ਦੀ ਅਗਵਾਈ ਵਿੱਚ 62 ਮੈਂਬਰਾਂ ਦਾ ਜਥਾ ਸ਼ ?ਰੀ ਚੁਲਕਾਣਾ ਧਾਮ ਦੇ ਦਰਸ਼ਨਾਂ ਲਈ ਰਵਾਨਾ ਹੋਇਆ, ਬੱਸ ਨੂੰ ਝੰਡੀ ਦੇਣ ਦੀ ਰਸਮ ਨਗਰ ਕੌਂਸਲ ਦੀ ਪ੍ਰਧਾਨ ਮੈਡਮ ਸੁਜਾਤਾ ਚਾਵਲਾ ਅਤੇ ਖ਼ੂਨ ਦਾਨ ਖੇਤਰ ਵਿੱਚ ਮੋਹਰੀ ਅਤੇ ਖ਼ੂਨਦਾਨੀ ਸਟੇਟ ਅਵਾਰਡੀ ਹਰਸ਼ ਬਲੱਡ ਡੋਨਰ ਸੋਸਾਇਟੀ ਦੇ ਪ੍ਰਧਾਨ ਭੁਵੇਸ਼ ਬਾਂਸਲ ਭਾਸ਼ੀ ਨੇ ਸਾਂਝੇ ਤੋਰ ਤੇ ਅਦਾ ਕੀਤੀ, ਨਾਰੀਅਲ ਤੋੜਨ ਦੀ ਰਸਮ ਪ੍ਰਵੀਨ ਮਿੱਤਲ ਗੋਗੀ ਅਤੇ ਹਿਮਾਂਸ਼ੂ ਗੋਇਲ ਸਮਾਜ ਸੇਵਕ ਨੇ ਸਾਂਝੇ ਤੋਰ ਤੇ ਨਿਭਾਈ ਨਾਲ ਹੀ ਬੋਲਦੇ ਹੋਏ ਪ੍ਰਧਾਨ ਚਾਵਲਾ ਨੇ ਕਿਹਾ ਕਿ ਗੀਤੂ ਦੇ ਗਰੁੱਪ ਮੈਂਬਰਾਂ ਦਾ ਧਾਰਮਿਕ ਕੰਮਾਂ ਵਿੱਚ ਹਿੱਸਾ ਲੈਣਾ ਬਹੁਤ ਚੰਗਾ ਕਦਮ ਹੈ ਇਸ ਨਾਲ ਸਮਾਜ ਦੇ ਹੋਰ ਲੋਕਾਂ ਨੂੰ ਵੀ ਸੇਧ ਮਿਲਦੀ ਹੈ ਸ਼ ?ਰੀ ਖਾਟੂ ਸ਼ਾਮ ਜੀ ਇਹਨਾਂ ਦੀ ਸਾਰੀ ਟੀਮ ਤੇ ਵੀ ਕਿਰਪਾ ਬਣਾ ਕੇ ਰੱਖਣਗੇ ਜੋ ਇਹ ਸਾਰੀ ਸੰਗਤ ਨੂੰ ਸਪੈਸ਼ਲ ਪਹਿਲੀ ਬਾਰ ਨਾਭਾ ਤੋ ਚੁਲਕਾਣਾ ਧਾਮ ਦਰਸ਼ਨ ਕਰਵਾਉਣ ਲਈ ਲੈ ਕੇ ਗਏ ਹਨ ਅਤੇ ਸਾਰੇ ਹੀ ਭਗਤਾਂ ਦੀ ਯਾਤਰਾ ਸੁੱਖ ਸ਼ਾਂਤਮਯੀ ਤਰੀਕੇ ਨਾਲ ਪੂਰੀ ਹੋਏ, ਉਹਨਾਂ ਦੇ ਨਾਲ ਹੀ ਪ੍ਰਧਾਨ ਭਾਸ਼ੀ ਨੇ ਕਿਹਾ ਕਿ ਨਾਭਾ ਸ਼ਹਿਰ ਸ਼ੁਰੂ ਤੋ ਹੀ ਮਿੰਨੀ ਕਾਂਸੀ ਦੇ ਤੋਰ ਤੇ ਜਾਣਿਆ ਜਾਂਦਾ ਹੈ ਅਸੀਂ ਆਪਣੇ ਧਰਮ ਪ੍ਰਤੀ ਹਮੇਸ਼ਾ ਏਦਾਂ ਹੀ ਸੇਵਾਵਾਂ ਨਿਭਾਉਂਦੇ ਰਹੀਏ ਜੋ ਧਰਮ ਦਾ ਸਹੀ ਤਰੀਕੇ ਨਾਲ ਪ੍ਰਚਾਰ ਹੋ ਸਕੇ, ਸਾਡਾ ਹਰੇਕ ਤਰਾਂ ਦਾ ਸਹਿਯੋਗ ਗੀਤੂ ਮੋਦਗਿਲ ਅਤੇ ਇਹਨਾਂ ਦੀ ਸਾਰੀ ਟੀਮ ਨੂੰ ਹਮੇਸ਼ਾ ਰਹੇਗਾ ਇਹ ਜਦੋ ਵੀ ਸਾਡੀ ਡਿਊਟੀ ਜਿਥੇ ਜਿਵੇ ਲਗਾਉਂਦੇ ਹਨ ਅਸੀਂ ਹਾਜਰ ਹੁੰਦੇ ਹਾਂ, ਦੀਵਾਨੇ ਭਰਾਵਾਂ ਦੀ ਟੀਮ ਭਜਨ ਗਾਇਕ ਮੋਹਿਤ ਗਰਗ ਅਤੇ ਵਿੱਕੀ ਅਰੋੜਾ ਭਜਨ ਗਾਇਕ ਵੱਲੋ ਸਾਰੇ ਆਏ ਮਹਿਮਾਨਾਂ ਦਾ ਸਨਮਾਨ ਵੀ ਕੀਤਾ ਗਿਆ ਅਤੇ ਸੰਗਤਾਂ ਨੂੰ ਭਜਨਾ ਨਾਲ ਬੱਸ ਵਿੱਚ ਨਿਹਾਲ ਵੀ ਕੀਤਾ ਗਿਆ।

ਸਾਰੀ ਸੰਗਤ ਲਈ ਪਾਣੀ ਦੀ ਸੇਵਾ ਹਮੇਸ਼ਾ ਮੋਹਰੀ ਰਹਿਣ ਵਾਲੇ ਖ਼ੂਨ ਦਾਨੀ ਪ੍ਰਿੰਸ ਬਾਵਾ ਨੇ ਨਿਭਾਈ ਉਸ ਮੌਕੇ ਨਾਲ ਬੋਬੀ ਤੋ ਇਲਾਵਾ ਸਾਰੀ ਸੰਗਤ ਹਾਜਰ ਰਹੀ।

# ਆਮ ਆਦਮੀ ਕਲੀਨਿਕਾਂ 'ਚ ਬੱਚਿਆਂ ਦਾ ਵੀ ਹੋਵੇਗਾ ਚੈੱਕਅਪ : ਡਾ ਜਗਪਾਲਇੰਦਰ ਸਿੰਘ

**ਪਟਿਆਲਾ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਸਿਹਤ ਵਿਭਾਗ ਪਟਿਆਲਾ ਵੱਲੋਂ ਅੱਜ ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ ਦੀ ਅਗਵਾਈ ਹੇਠ ਆਮ ਆਦਮੀ ਕਲੀਨਿਕਾਂ 'ਚ ਮਿਲਣ ਵਾਲੀਆ ਸਿਹਤ ਸੇਵਾਵਾਂ ਸਬੰਧੀ ਟ੍ਰੇਨਿੰਗ ਦਾ ਦੂਜਾ ਸੈਸ਼ਨ ਲਗਾਇਆ ਗਿਆ, ਜਿਸ ਵਿੱਚ ਵੱਖ-ਵੱਖ ਬਲਾਕਾਂ ਤੋਂ ਸੀਨੀਅਰ ਮੈਡੀਕਲ ਅਫ਼ਸਰ ਅਤੇ ਜ਼ਿਲ੍ਹੇ ਦੇ ਆਮ ਆਦਮੀ ਕਲੀਨਿਕਾਂ ਦੇ ਮੈਡੀਕਲ ਅਫ਼ਸਰ ਸ਼ਾਮਲ ਹੋਏ। ਇਸ ਮੌਕੇ ਆਮ ਆਦਮੀ ਕਲੀਨਿਕ ਦੇ ਡਾਕਟਰਾਂ ਨੂੰ ਬੱਚਿਆਂ ਵਿਚ ਦਰਮਿਆਨੀ ਤੀਬਰ ਕੁਪੋਸ਼ਣ ਅਤੇ ਗੰਭੀਰ ਤੀਬਰ ਕੁਪੋਸ਼ਣ, ਮੂੰਹ ਦੇ ਕੈਂਸਰ ਸਬੰਧੀ, ਹਾਈਪਰਟੈਨਸ਼ਨ ਬਾਰੇ ਅਤੇ ਕੁੱਤੇ ਜਾਂ ਕੋਈ ਹੋਰ ਜਾਨਵਰ ਦੇ ਕੱਟਣ ਤੇ ਇਲਾਜ ਸਬੰਧੀ ਵਿਸਿਆਂ ਤੇ ਇਕ ਰੋਜ਼ਾ ਟ੍ਰੇਨਿੰਗ ਸੈਸ਼ਨ ਕਰਵਾਈਆਂ ਗਿਆ। ਟ੍ਰੇਨਿੰਗ ਸੈਸ਼ਨ ਦੌਰਾਨ ਟਰੇਨਰ ਡਾ. ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਨੇ ਕਿਹਾ ਕਿ ਉੱਚ ਰਕਤ ਚਾਪ ਸਾਈਲੈਂਟ ਕਿਲਰ ਬਿਮਾਰੀ ਹੈ ਜੋ ਸਾਡੇ ਦੇਸ਼ ਵਿੱਚ ਬੜੀ ਤੇਜ਼ੀ ਨਾਲ ਪੈਰ ਪਸਾਰ ਰਹੀ ਹੈ। ਛੋਟੀ ਉਮਰ ਦੇ ਵਿਅਕਤੀ, ਗਰਭਵਤੀ ਔਰਤਾਂ ਅਤੇ ਬਜ਼ੁਰਗ ਹਾਈਪਰ ਟੈਨਸ਼ਨ ਦਾ ਸ਼ਿਕਾਰ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਸਮੇਂ ਸਿਰ ਇਸ ਬਿਮਾਰੀ ਨੂੰ ਕੰਟਰੋਲ ਨਹੀਂ ਕੀਤਾ ਜਾਂਦਾ ਤਾਂ ਸਰੀਰ ਦੇ ਹੋਰ ਅੰਗਾਂ ਤੇ ਪ੍ਰਭਾਵ ਪੈਂਦਾ ਹੈ ਅਤੇ ਜਾਨ ਲੇਵਾ ਵੀ ਹੋ ਸਕਦੀ ਹੈ। ਸੋ 30 ਸਾਲ ਤੋਂ ਵੱਧ ਉਮਰ ਦੇ ਵਿਅਕਤੀਆਂ ਨੂੰ ਛੇ ਮਹੀਨੇ ਵਿੱਚ ਘੱਟ ਘੱਟ ਇੱਕ ਵਾਰ ਬੀਪੀ ਚੈੱਕ ਕਰਵਾਉਂਦੇ ਰਹਿਣਾ ਚਾਹੀਦਾ ਹੈ। ਜ਼ਿਲ੍ਹਾ ਐਪੀਡੋਮੋਲੋਜਿਸਟ ਡਾ. ਸੁਮੀਤ ਸਿੰਘ ਨੇ ਕਿਹਾ ਕਿ ਹਲਕਾਅ ਦਾ ਕੋਈ ਇਲਾਜ ਨਹੀਂ, ਸਿਰਫ਼ ਬਚਾਅ ਲਈ ਉਪਰਾਲੇ ਹੀ ਸੰਭਵ ਹਨ। ਉਨ੍ਹਾਂ ਕਿਹਾ ਕਿ ਕੁੱਤੇ ਜਾਂ ਕੋਈ ਹੋਰ ਜਾਨਵਰ ਦੇ ਕੱਟਣ ਤੇ ਅਣਗਹਿਲੀ ਨਹੀਂ ਵਰਤਣੀ ਚਾਹੀਦੀ, ਬਲਕਿ ਸਰਕਾਰੀ ਹਸਪਤਾਲਾਂ ਵਿਚ ਉਪਲਬਧ ਮੁਫ਼ਤ ਇਲਾਜ ਦਾ ਫ਼ਾਇਦਾ ਉਠਾ ਕੇ ਲਾ ਇਲਾਜ ਬਿਮਾਰੀ ਤੋਂ ਬਚਣਾ ਚਾਹੀਦਾ ਹੈ। ਡਾ. ਸੁਨੰਦਾ ਗਰੋਵਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਦੰਦਾਂ ਦੀ ਸੰਭਾਲ ਪ੍ਰਤੀ ਜਾਗਰੂਕ ਨਾ ਹੋਣ ਕਾਰਣ ਇਸ ਬਿਮਾਰੀ ਦਾ ਜ਼ਿਆਦਾ ਸਾਨੂੰ ਦਿਨ ਵਿਚ ਦੋ ਵਾਰ ਅਤੇ ਰਾਤ ਨੂੰ ਸੌਣ ਤੋ ਪਹਿਲਾ ਜ਼ਰੂਰ ਬੁਰਸ਼ ਕੀਤਾ ਜਾਵੇ। ਮਿੱਠੀਆਂ ਜਾਂ ਦੰਦਾਂ ਨੂੰ ਚਿਪਕਣ ਵਾਲੇ ਪਦਾਰਥਾਂ ਨੂੰ ਖਾਣ ਤੋ ਗੁਰੇਜ਼ ਕੀਤਾ ਜਾਵੇ ਅਤੇ ਜੇਕਰ ਖਾਣੇ ਵੀ ਹਨ ਤਾਂ ਅਜਿਹੀਆਂ ਚੀਜ਼ਾਂ ਖਾਣ ਤੋਂ ਬਾਦ ਬੁਰਸ਼ ਜ਼ਰੂਰ ਕੀਤਾ ਜਾਵੇ। ਹਰੇਕ ਛੇ ਮਹੀਨੇ ਬਾਦ ਦੰਦਾਂ ਦੇ ਮਾਹਰ ਡਾਕਟਰ ਤੋ ਚੈੱਕਅਪ ਜ਼ਰੂਰ ਕਰਵਾਇਆ ਜਾਵੇ। ਉਨ੍ਹਾਂ ਲੋਕਾਂ ਨੂੰ ਪਾਨ, ਤੰਬਾਕੂ, ਜਰਦਾ ਆਦਿ ਦੀ ਵਰਤੋ ਨਾ ਕਰਨ ਸਬੰਧੀ ਜਾਗਰੂਕ ਕਰਦੇ ਕਿਹਾ ਇਹਨਾਂ ਪਦਾਰਥਾਂ ਦੇ ਸੇਵਨ ਨਾਲ ਮੂੰਹ, ਜਬਾੜੇ ਆਦਿ ਦਾ ਕੈਂਸਰ ਹੋ ਸਕਦਾ ਹੈ ਜੋ ਕਿ ਮਨੁੱਖ ਨੂੰ ਸਰੀਰਕ, ਮਾਨਸਿਕ ਅਤੇ ਸਮਾਜਿਕ ਤੌਰ ਤੇ ਪ੍ਰਭਾਵਿਤ ਕਰਦੇ ਹਨ। ਡਾ. ਪੁਨੀਤ ਕਾਂਸਲ ਨੇ ਦੱਸਿਆ ਕਿ ਬੱਚਿਆਂ ਦੀ ਮੌਤ ਦਾ ਜ਼ਿਆਦਾਤਰ ਕਾਰਣ ਸਮੇਂ ਤੋਂ ਪਹਿਲਾ ਡਾ ਬੱਚੇ ਦਾ ਜਨਮ ਲੈਣਾ, ਅਨਪੜ੍ਹਤਾ ਕਰਕੇ ਸਮੇਂ ਸਿਰ ਹਸਪਤਾਲ ਨਾ ਲੈ ਕੇ ਜਾਣਾ, ਜਣੇਪੇ ਲਈ ਰੈਫਰ ਕਰਨ ਦੇ ਬਾਵਜੂਦ ਵੀ ਉਚੇਰੀ ਸਿਹਤ ਸੰਸਥਾ ਵਿੱਚ ਨਾ ਜਾਣਾ, ਕੁਪੋਸ਼ਣ, ਨਮੂਨੀਆ, ਡਾਇਰੀਆ, ਬਿਮਾਰੀਆਂ ਤੋਂ ਬਚਾਅ ਲਈ ਸੰਪੂਰਨ ਟੀਕਾਕਰਨ ਨਾ ਕਰਵਾਉਣਾ ਆਦਿ ਹਨ। ਇਸ ਮੌਕੇ ਟਰੇਨਰ ਦੇ ਤੌਰ ਡਾ. ਅਖਿਲ ਸਚਦੇਵਾ ਅਤੇ ਜ਼ਿਲ੍ਹਾ ਪ੍ਰੋਗਰਾਮ ਮੈਨੇਜਰ ਰਿਤਿਕਾ ਗਰੋਵਰ ਵੱਲੋਂ ਵੀ ਟ੍ਰੇਨਿੰਗ ਦਿੱਤ ਗਈ।

# ਸਕੂਲਾਂ 'ਚ ਮਨਾਇਆ ਜਾਵੇਗਾ ਡਾਕਟਰ ਦਿਵਸ : ਜ਼ਿਲ੍ਹਾ ਸਿੱਖਿਆ ਅ.ਫ਼ਸਰ

**ਪਟਿਆਲਾ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਪੰਜਾਬ ਦੇ ਸਕੂਲਾਂ ਵਿੱਚ ਗੁਣਵੱਤਾ ਪੂਰਨ ਸਿੱਖਿਆ ਦੇਣ, ਵਿਦਿਆਰਥੀਆਂ ਦੀ ਹਾਜ਼ਰੀ ਵਿੱਚ ਵਾਧਾ ਕਰਨ ਅਤੇ ਬੱਚਿਆਂ ਦੇ ਵਿਅਕਤੀਗਤ ਵਿਕਾਸ ਨੂੰ ਨਵਾਂ ਮੋੜ ਦੇਣ ਲਈ ਨਵੇਂ ਉਪਰਾਲੇ ਸ਼ੁਰੂ ਕੀਤੇ ਜਾ ਰਹੇ ਹਨ। ਇਨ੍ਹਾਂ ਹੀ ਉਪਰਾਲਿਆਂ ਦੇ ਤਹਿਤ ਅੱਜ ਸਾਰੇ ਸਰਕਾਰੀ ਸਕੂਲਾਂ ਵਿੱਚ "ਆਓ ਸਕੂਲ ਚੱਲੀਏ" ਪ੍ਰੋਗਰਾਮ ਕੀਤਾ ਜਾ ਰਿਹਾ ਹੈ, ਜਿਸ ਤਹਿਤ ਗਰਮੀਆਂ ਦੀਆਂ ਛੁੱਟੀਆਂ ਤੋਂ ਬਾਅਦ ਸਕੂਲਾਂ ਵਿੱਚ ਨਵੇਂ ਜੋਸ਼ ਅਤੇ ਉਤਸ਼ਾਹ ਨਾਲ ਵਿਦਿਆਰਥੀਆਂ ਦਾ ਸਵਾਗਤ ਕੀਤਾ ਜਾਵੇਗਾ।

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਸੰਜੀਵ ਸ਼ਰਮਾ ਅਤੇ ਡਿਪਟੀ ਡੀਈਓ ਡਾ. ਰਵਿੰਦਰਪਾਲ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਪ੍ਰੋਗਰਾਮ ਤਹਿਤ ਸਾਰੇ ਸਕੂਲਾਂ ਵਿੱਚ ਵਿਸ਼ੇਸ਼ ਕਾਰਜਕ੍ਰਮ ਆਯੋਜਿਤ ਕੀਤੇ ਜਾਣਗੇ। ਬੱਚਿਆਂ ਦਾ ਸਕੂਲ ਵਿੱਚ ਜੋਸ਼ ਨਾਲ ਸਵਾਗਤ ਕਰਦੇ ਹੋਏ ਉਨ੍ਹਾਂ ਲਈ ਖੇਡਾਂ, ਮਨੋਰੰਜਕ ਅਤੇ ਗਿਆਨਵਾਨ ਗਤੀਵਿਧੀਆਂ ਰੱਖੀਆਂ ਜਾਣਗੀਆਂ, ਜੋ ਕਿ ਬੱਚਿਆਂ ਦੇ ਮਨੋਵਿਗਿਆਨਿਕ ਵਿਕਾਸ ਲਈ ਲਾਭਕਾਰੀ ਸਾਬਤ ਹੋਣਗੀਆਂ।

ਉਨ੍ਹਾਂ ਦੱਸਿਆ ਕਿ ਸਕੂਲਾਂ ਵਿੱਚ ਖ਼ਾਸ ਤੌਰ 'ਤੇ ਕਸਰਤਾਂ, ਗੋਲ ਚੱਕਰ ਵਿੱਚ ਖੇਡਾਂ, ਵਿਦਿਆਰਥੀਆਂ ਵੱਲੋਂ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਕੀਤੀਆਂ ਯਾਤਰਾਵਾਂ ਅਤੇ ਉਹਨਾਂ ਦੇ ਅਨੁਭਵਾਂ ਨੂੰ ਸਾਂਝਾ ਕਰਨ ਦੀ ਪ੍ਰੇਰਣਾ ਦਿੱਤੀ ਜਾਵੇਗੀ। ਇਸ ਦੇ ਨਾਲ-ਨਾਲ ਵਿਦਿਆਰਥੀਆਂ ਨਾਲ ਉਨ੍ਹਾਂ ਦੇ ਜੀਵਨ ਦੇ ਉਦੇਸ਼ਾਂ ਉੱਤੇ ਵੀ ਖੁੱਲ੍ਹੀ ਚਰਚਾ ਕਰਵਾਈ ਜਾਵੇਗੀ, ਤਾਂ ਜੋ ਉਹ ਆਪਣੇ ਟੀਚਿਆਂ ਵੱਲ ਪੂਰੀ ਸੰਜੀਦਗੀ ਨਾਲ ਧਿਆਨ ਦੇ ਸਕਣ।

ਇਸ ਦੇ ਇਲਾਵਾ, ਸਕੂਲਾਂ ਵਿੱਚ ਡਾਕਟਰ ਦਿਵਸ ਵੀ ਮਨਾਇਆ ਜਾਵੇਗਾ। ਇਸ ਮੌਕੇ 'ਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਸਿਹਤ ਸੇਵਾਵਾਂ ਲਈ ਡਾਕਟਰਾਂ ਦਾ ਧੰਨਵਾਦ ਕੀਤਾ ਜਾਵੇਗਾ। ਵਿਦਿਆਰਥੀਆਂ ਨੂੰ ਡਾਕਟਰਾਂ ਦੇ ਯੋਗਦਾਨ ਬਾਰੇ ਜਾਣੂ ਕਰਵਾਇਆ ਜਾਵੇਗਾ ਅਤੇ ਉਹਨਾਂ ਦਾ ਧੰਨਵਾਦ ਪ੍ਰਗਟ ਕਰਨ ਲਈ ਵਿਸ਼ੇਸ਼ ਪ੍ਰੋਗਰਾਮ ਕਰਵਾਏ ਜਾਣਗੇ।

ਸਿੱਖਿਆ ਵਿਭਾਗ ਵੱਲੋਂ ਜ਼ਿਲ੍ਹਾ ਪੱਧਰ ਤੇ ਨਿਰੀਖਣ ਟੀਮਾਂ ਤਾਇਨਾਤ ਕੀਤੀਆਂ ਜਾ ਰਹੀਆਂ ਹਨ ਜੋ ਸਕੂਲਾਂ ਦੀ ਤਿਆਰੀ, ਵਿਦਿਆਰਥੀਆਂ ਦੀ ਹਾਜ਼ਰੀ ਅਤੇ ਮੁਹਿੰਮ ਦੀ ਲਾਗੂ ਕਰਨ ਦੀ ਵਿਵਸਥਾ ਦੀ ਸਮੀਖਿਆ ਕਰਨਗੀਆਂ। ਜ਼ਿਲ੍ਹਾ ਸਿੱਖਿਆ ਅਫ਼ਸਰ ਸੰਜੀਵ ਸ਼ਰਮਾ ਨੇ ਸਾਰੇ ਸਕੂਲ ਮੁਖੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਵਿਦਿਆਰਥੀਆਂ ਲਈ ਆਨੰਦਮਈ ਵਾਤਾਵਰਣ ਬਣਾਉਣ, ਪ੍ਰੇਰਕ ਚਰਚਾਵਾਂ ਅਤੇ ਸਵਾਗਤੀ ਕਾਰਜਕ੍ਰਮ ਰਾਹੀਂ ਸਕੂਲ ਦੇ ਪਹਿਲੇ ਦਿਨ ਨੂੰ ਯਾਦਗਾਰ ਬਣਾਉਣ ਵਿਚ ਆਪਣਾ ਯੋਗਦਾਨ ਪਾਉਣ। ਇਹ ਮੁਹਿੰਮ ਨਾ ਸਿਰਫ਼ ਵਿਦਿਆਰਥੀਆਂ ਨੂੰ ਸਕੂਲ ਵੱਲ ਵਾਪਸ ਖਿੱਚਣ ਦਾ ਉਦੇਸ਼ ਰੱਖਦੀ ਹੈ, ਬਲਕਿ ਉਨ੍ਹਾਂ ਵਿੱਚ ਇੱਕ ਨਵਾਂ ਉਤਸ਼ਾਹ, ਨਵੀਂ ਲਗਨ ਅਤੇ ਸਿੱਖਣ ਪ੍ਰਤੀ ਰੁਚੀ ਜਗਾਉਣ ਦੀ ਕੋਸ਼ਿਸ਼ ਵੀ ਕਰ ਰਹੀ ਹੈ। 'ਆਓ ਸਕੂਲ ਚੱਲੀਏ' ਜਿਵੇਂ ਉਪਰਾਲੇ ਸਕੂਲੀ ਸਿੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਸਾਬਤ ਹੋਣਗੇ।

# ਪੰਜਾਬ ਸਰਕਾਰ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਲਿਆਉਣ ਲਈ ਕਰ ਰਹੀ ਹੈ ਵੱਡੇ ਉਪਰਾਲੇ: ਡਾ ਬਲਜੀਤ ਕੌਰ

**➢ ਪੰਜਾਬ ਸਰਕਾਰ ਵੱਲੋਂ ਵਿੱਤੀ ਸਾਲ 2025-26 ਲਈ ਸਕੀਮ ਅਧੀਨ 245 ਕਰੋੜ ਰੁਪਏ ਦਾ ਬਜ਼ਟ ਉਪਬੰਧ; 2 ਲੱਖ 70 ਹਜ਼ਾਰ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੇਣ ਦਾ ਟੀਚਾ ➢ ਆਨ-ਲਾਈਨ ਐਪਲੀਕੇਸ਼ਨ ਲਈ ਜਲਦ ਖੁਲੇਗਾ ਡਾ ਅੰਬੇਦਕਰ ਸਕਾਲਰਸ਼ਿਪ ਪੋਰਟਲ**

**ਚੰਡੀਗੜ੍ਹ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਜਿੱਥੇ ਹੋਰ ਵਰਗਾਂ ਦੀ ਉੱਨਤੀ ਲਈ ਦਿਨ-ਰਾਤ ਕੰਮ ਕਰ ਰਹੀ ਹੈ, ਉੱਥੇ ਹੀ ਅਨੁਸੂਚਿਤ ਜਾਤੀਆਂ ਦੇ ਬੱਚਿਆਂ ਨੂੰ ਵੀ ਸਮਾਜ ਦੀ ਮੁੱਖ ਧਾਰਾ ਵਿੱਚ ਲਿਆਉਣ ਲਈ ਲਗਾਤਾਰ ਵਿਸ਼ੇਸ਼ ਉਪਰਾਲੇ ਕਰ ਰਹੀ ਹੈ। ਇਸ ਉਦੇਸ਼ ਦੀ ਪੂਰਤੀ ਲਈ ਪੰਜਾਬ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਵਿੱਤੀ ਸਾਲ 2025-26 ਦੌਰਾਨ 245 ਕਰੋੜ ਰੁਪਏ ਦਾ ਬਜ਼ਟ ਉਪਬੰਧ ਕੀਤਾ ਗਿਆ ਹੈ। ਇਹ ਪ੍ਰਗਟਾਵਾ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ.ਬਲਜੀਤ ਕੌਰ ਨੇ ਕੀਤਾ।

ਇਸ ਸਬੰਧੀ ਹੋਰ ਜਾਣਕਾਰੀ ਸਾਂਝੀ ਕਰਦਿਆਂ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਾਲੂ ਵਿੱਤੀ ਸਾਲ ਦੌਰਾਨ 2 ਲੱਖ 70 ਹਜ਼ਾਰ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿੱਪ ਸਕੀਮ ਅਧੀਨ ਕਵਰ ਕਰਨ ਦਾ ਟੀਚਾ ਰੱਖਿਆ ਹੈ। ਇਹ ਟੀਚਾ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੇ ਜੀਵਨ ਪੱਧਰ ਨੂੰ ਉੱਚਾ ਲਿਜਾਣ ਵਿੱਚ ਸਹਾਈ ਸਿੱਧ ਹੋਵੇਗਾ।

ਡਾ ਬਲਜੀਤ ਕੌਰ ਨੇ ਕਿਹਾ ਕਿ ਪਿੱਛਲੇ ਵਿੱਤੀ ਸਾਲ ਦੌਰਾਨ ਵੀ ਪੰਜਾਬ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿੱਪ ਸਕੀਮ ਅਧੀਨ 2 ਲੱਖ 36 ਹਜ਼ਾਰ 575 ਵਿਦਿਆਰਥੀਆਂ ਨੂੰ



ਕਵਰ ਕੀਤਾ ਗਿਆ ਸੀ ਅਤੇ ਰਾਜ ਸਰਕਾਰ ਦੇ ਹਿੱਸੇ ਵੱਜੋ 266.57 ਕਰੋੜ ਰੁਪਏ ਦੀ ਰਾਸ਼ੀ ਅਦਾ ਕੀਤੀ ਗਈ ਸੀ।

ਡਾ ਬਲਜੀਤ ਕੌਰ ਨੇ ਕਿਹਾ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਵਿਦਿਆਰਥੀਆਂ ਪਾਸੋਂ ਆਨ-ਲਾਈਨ ਐਪਲੀਕੇਸ਼ਨਾਂ ਪ੍ਰਾਪਤ ਕਰਨ ਲਈ ਜਲਦ ਹੀ ਡਾ. ਅੰਬੇਦਕਰ ਸਕਾਲਰਸ਼ਿਪ ਪੋਰਟਲ ਖੋਲਿਆ ਜਾ ਰਿਹਾ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਸ ਸਕੀਮ ਸਬੰਧੀ ਵਿਦਿਆਰਥੀਆਂ ਨੂੰ ਜਾਣੂ ਕਰਵਾਉਣ ਲਈ ਜ਼ਿਲ੍ਹਾ ਪੱਧਰ ਤੇ ਜਾਗਰੂਕਤਾ ਕੈਂਪ ਲਗਾਏ ਜਾਣਗੇ।

ਕੈਬਨਿਟ ਮੰਤਰੀ ਡਾ.ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਅਨੁਸੂਚਿਤ ਜਾਤੀਆਂ ਦੇ ਯੋਗ ਵਿਦਿਆਰਥੀਆਂ ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿੱਪ ਅਧੀਨ ਲਾਭ ਦੇ ਕੇ ਯਤਨ ਕਰ ਰਹੀ ਹੈ ਕਿ ਇਹ ਬੱਚੇ ਪੜ ਲਿਖਕੇ ਆਤਮ-ਨਿਰਭਰ ਹੋ ਜਾਣ। ਉਨ੍ਹਾਂ ਨੇ ਕਿਹਾ ਕਿ ਅਸੀ ਚਾਹੁੰਦੇ ਹਾਂ ਕਿ ਜਿਸ ਵਰਗ ਨਾਲ ਸਦੀਆਂ ਤੋਂ ਵਿਤਕਰਾ ਹੋ ਰਿਹਾ ਸੀ ਉਸ ਵਰਗ ਦਾ ਯੋਗ ਬੱਚਾ ਆਰਥਿਕਤਾ ਦੇ ਅਭਾਵ ਕਾਰਣ ਵਿਦਿਆ ਤੋਂ ਵਾਝਾਂ ਨਾ ਰਹਿ ਜਾਵੇ। ਡਾ.ਬਲਜੀਤ ਕੌਰ ਨੇ ਕਿਹਾ ਕਿ ਪੋਸਟ ਮੈਟ੍ਰਿਕ ਸਕੀਮ ਅਧੀਨ ਹਜ਼ਾਰਾਂ ਐਸ.ਸੀ. ਵਿਦਿਆਰਥੀਆਂ ਨੇ ਉੱਚ ਸਿੱਖਿਆ ਪੂਰੀ ਕਰਕੇ ਅੱਜ ਵੱਧੀਆਂ ਅਹੁਦਿਆਂ 'ਤੇ ਨੌਕਰੀਆਂ, ਸਰਕਾਰੀ ਸੇਵਾਵਾਂ ਅਤੇ ਆਪਣਾ ਵਪਾਰ ਸ਼ੁਰੂ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਇਹ ਸਕੀਮ ਵਿਦਿਆਰਥੀਆਂ ਨੂੰ ਕੇਵਲ ਆਰਥਿਕ ਮਦਦ ਹੀ ਨਹੀਂ, ਸਗੋਂ ਉਨ੍ਹਾਂ ਦੇ ਭਵਿੱਖ ਨੂੰ ਉੱਜ਼ਵਲ ਬਣਾਉਣ ਦਾ ਇੱਕ ਮਜ਼ਬੂਤ ਪਲੇਟਫਾਰਮ ਹੈ।

ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਪੋਸਟ ਮੈਟ੍ਰਿਕ ਸਕਾਲਰਸ਼ਿੱਪ ਸਕੀਮ ਦਾ ਲਾਭ ਹਰ ਉਸ ਯੋਗ ਵਿਦਿਆਰਥੀ ਤੱਕ ਪਹੁੰਚਾਇਆ ਜਾਣਾ ਯਕੀਨੀ ਬਣਾਇਆ ਜਾਵੇ ਜਿਸ ਨੂੰ ਇਸ ਸਕੀਮ ਦੀ ਅਸਲ ਜਰੂਰਤ ਹੈ। ਉਨ੍ਹਾਂ ਨੇ ਇਸ ਗੱਲ ਵੱਲ ਵੀ ਜ਼ੋਰ ਦਿੱਤਾ ਕਿ ਸਕੀਮ ਨੂੰ ਪੂਰੀ ਪਾਰਦਰਸ਼ਤਾ, ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾਵੇ।

# ਮਿੱਟੀ ਤੋਂ ਸੋਨਾ ਉਪਜਾਉਣ ਵਾਲੀਆਂ ਛੇ ਸ਼ਖ਼ਸੀਅਤਾਂ



## ਖੇਤੀ ਵਿਰਾਸਤ ਦਾ ਝੰਡਾ ਬਰਦਾਰ
## ਪਦਮਸ਼੍ਰੀ ਜਗਜੀਤ ਸਿੰਘ ਹਾਰਾ

*ਜਗਜੀਤ ਸਿੰਘ ਹਾਰਾ ਦਰਜਨਾਂ ਰਾਸ਼ਟਰੀ ਤੇ ਅੰਤਰਰਾਸ਼ਟਰੀ ਕਾਨਫਰੰਸਾਂ 'ਚ ਹਿੱਸਾ ਲੈ ਚੁੱਕੇ ਹਨ। ਅਨੇਕਾਂ ਵੱਡੀਆਂ ਹਸਤੀਆਂ ਤੇ ਨਾਮਵਰ ਖੇਤੀ ਵਿਗਿਆਨੀ ਉਨ੍ਹਾਂ ਦੇ 'ਹਾਰਾ ਬੀਜ ਫਾਰਮ' 'ਤੇ ਆਏ, ਜਿਸ ਨੂੰ ਉਨ੍ਹਾਂ ਨੇ 'ਵਿਜ਼ਿਟਰ ਬੁੱਕ' ਸਿਰਲੇਖ ਅਧੀਨ ਕਲਮਬੱਧ ਕੀਤਾ ਹੈ। ਇੱਥੋਂ ਤਕ ਕਿ ਮਸ਼ਹੂਰ ਖੇਤੀ ਵਿਗਿਆਨੀ ਨੋਬਲ ਪੁਰਸਕਾਰ ਜੇਤੂ ਡਾ. ਨਾਰਮਨ ਈ ਬੋਰਲਾਗ ਨੇ ਵੀ ਉਨ੍ਹਾਂ ਦੀ ਸ਼ਲਾਘਾ ਕੀਤੀ...*

ਜਗਜੀਤ ਸਿੰਘ ਹਾਰਾ ਖੇਤੀਬਾੜੀ ਦੇ ਖੇਤਰ 'ਚ ਸਤਿਕਾਰਤ ਨਾਂ ਹੈ। ਉਨ੍ਹਾਂ ਦੇ ਚਾਚਾ ਸਰਦਾਰ ਬਹਾਦਰ ਲਾਲ ਸਿੰਘ ਨੇ ਪੰਜਾਬ ਨੂੰ ਬਾਗ਼ਬਾਨੀ ਦੇ ਖੇਤਰ 'ਚ ਨਵੀਆਂ ਲੀਹਾਂ ਉੱਪਰ ਤੋਰਨ 'ਚ ਅਹਿਮ ਭੂਮਿਕਾ ਨਿਭਾਈ। ਜਗਜੀਤ ਸਿੰਘ ਹਾਰ ਨੇ ਆਪਣੇ ਪਿਤਾ ਸਰਦਾਰ ਰਾਮ ਸਿੰਘ ਪਾਸੋਂ ਖੇਤੀ ਤਕਨੀਕਾਂ ਹਾਸਲ ਕੀਤੀਆਂ। ਸਰਦਾਰ ਰਾਮ ਸਿੰਘ ਨੂੰ ਆਜ਼ਾਦੀ ਤੋਂ ਪਹਿਲਾਂ ਮੁਲਤਾਨ ਜ਼ਿਲ੍ਹੇ 'ਚ ਸਰਕਾਰ ਵੱਲੋਂ 25 ਏਕੜ ਬੰਜਰ ਜ਼ਮੀਨ ਆਬਾਦ ਕਰਨ ਲਈ ਅਲਾਟ ਕੀਤੀ ਗਈ ਸੀ। ਜਿਸ ਨੂੰ ਉਨ੍ਹਾਂ ਨੇ ਸਿਰੜ ਤੇ ਸਿਦਕ ਨਾਲ ਲਹਿਲਹਾਉਂਦੀ ਬਣਾਇਆ ਸੀ। ਖੇਤੀ ਦੀ ਇਸ ਵਿਰਾਸਤ ਨੂੰ ਅੱਜ ਜਗਜੀਤ ਸਿੰਘ ਹਾਰਾ ਉਸੇ ਲਗਨ ਨਾਲ ਅੱਗੇ ਤੋਰ ਰਹੇ ਹਨ।



ਉਨ੍ਹਾਂ ਦਾ ਜਨਮ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਨੰਦਪੁਰ ਵਿਖੇ ਹੋਇਆ। ਉਨ੍ਹਾਂ ਦੇ ਫਾਰਮ ਦੀਆਂ ਮੁੱਖ ਫ਼ਸਲਾਂ ਕਣਕ, ਝੋਨਾ, ਖਰਬੂਜ਼ਾ, ਆਲੂ ਆਦਿ ਹਨ। ਉਨ੍ਹਾਂ ਦਾ ਫਾਰਮ ਇਨ੍ਹਾਂ ਫ਼ਸਲਾਂ ਦੇ ਬੀਜਾਂ ਲਈ ਪੰਜਾਬ ਵਿਚ ਹੀ ਨਹੀਂ ਸਗੋਂ ਸਾਰੇ ਭਾਰਤ ਵਿਚ ਮਸ਼ਹੂਰ ਹੈ। ਉਨ੍ਹਾਂ ਦੀਆਂ ਖੇਤੀ ਵਿਚ ਪ੍ਰਾਪਤੀਆਂ ਕਰਕੇ ਉਨ੍ਹਾਂ ਨੂੰ ਕਈ ਸੂਬਾਈ, ਰਾਸ਼ਟਰੀ ਅਤੇ ਕੌਮਾਂਤਰੀ ਪੱਧਰ ਦੇ ਇਨਾਮ-ਸਨਮਾਨ ਮਿਲ ਚੁੱਕੇ ਹਨ। ਉਹ ਕਈ ਸਲਾਹਕਾਰ ਕਮੇਟੀਆਂ ਦੇ ਮੈਂਬਰ ਵੀ ਰਹੇ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਉਨ੍ਹਾਂ ਨੂੰ ਪਹਿਲੀ ਵਾਰ 1977 ਵਿਚ ਸਨਮਾਨਤ ਕੀਤਾ ਗਿਆ।

ਖੇਤੀ ਸਬੰਧੀ ਨਵੀਆਂ ਤਕਨੀਕਾਂ ਅਤੇ ਨਵੀਨਤਮ ਗਿਆਨ ਪ੍ਰਾਪਤ ਕਰਨ ਲਈ ਉਹ ਕਈ ਦੇਸ਼ਾਂ ਦਾ ਦੌਰਾ ਕਰ ਚੁੱਕੇ ਹਨ। ਉਹ ਖੇਤੀ ਯੂਨੀਵਰਸਿਟੀ ਦੀ ਕਿਸਾਨ ਸਲਾਹਕਾਰ ਕਮੇਟੀ ਦੇ ਮੈਂਬਰ ਵੀ ਰਹੇ ਅਤੇ ਕਿਸਾਨਾਂ ਨੂੰ ਪੇਸ਼ ਆਉਂਦੀਆਂ ਤਕਨੀਕੀ ਮੁਸ਼ਕਿਲਾਂ ਨੂੰ ਖੇਤੀ ਮਾਹਿਰਾਂ ਸਾਹਮਣੇ ਬੜੇ ਸੁਚੱਜੇ ਢੰਗ ਨਾਲ ਪੇਸ਼ ਕਰਦੇ ਰਹੇ। ਮਨੀਲਾ ਸਥਿਤ ਅੰਤਰਰਾਸ਼ਟਰੀ ਝੋਨਾ ਖੋਜ ਕੇਂਦਰ ਨੇ 1985 ਵਿਚ ਆਪਣੇ ਸਿਲਵਰ ਜੁਬਲੀ ਸਮਾਗਮ ਮੌਕੇ ਦੁਨੀਆ ਦੇ 14 ਉੱਤਮ ਝੋਨਾ ਉਤਪਾਦਕਾਂ ਨੂੰ 'ਆਊਟਸਟੈਂਡਿੰਗ ਫਾਰਮਰ ਆਫ ਦਿ ਵਰਲਡ' ਦਾ ਸਨਮਾਨ ਦਿੱਤਾ ਗਿਆ, ਜਿਨ੍ਹਾਂ ਵਿੱਚੋਂ ਜਗਜੀਤ ਸਿੰਘ ਹਾਰਾ ਵੀ ਇਕ ਸਨ। ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ 'ਵਿਜ਼ਟਿੰਗ ਫਾਰਮਰ ਪ੍ਰੋਫੈਸਰ' ਵੀ ਰਹੇ। ਮਾਸਕੋ ਸਟੇਟ ਐਗਰੋ ਇੰਜੀਨੀਅਰਿੰਗ ਯੂਨੀਵਰਸਿਟੀ ਵੱਲੋਂ 1993 ਵਿਚ ਉਨ੍ਹਾਂ ਨੂੰ 'ਪ੍ਰੋਫੈਸਰ ਆਫ ਆਨਰ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। 1992 ਵਿਚ ਭਾਰਤ ਸਰਕਾਰ ਵੱਲੋਂ ਉਨ੍ਹਾਂ ਨੂੰ 'ਪਦਮਸ਼੍ਰੀ' ਦੇ ਕੇ ਸਨਮਾਨਤ ਕੀਤਾ ਗਿਆ। ਇਹ ਇਨਾਮ ਹਾਸਲ ਕਰਨ ਵਾਲੇ ਉਹ ਸਭ ਤੋਂ ਛੋਟੀ ਉਮਰ ਦੇ ਨੌਜਵਾਨ ਸਨ। •

*ਮਹਿੰਦਰ ਸਿੰਘ ਗਰੇਵਾਲ ਨੇ ਛੋਟੀ ਕਿਸਾਨੀ ਦੇ ਬਾਵਜੂਦ ਵੱਡਾ ਨਾਮਣਾ ਖੱਟਿਆ ਹੈ। ਉਨ੍ਹਾਂ ਨੂੰ 5 ਅੰਤਰਰਾਸ਼ਟਰੀ, 7 ਰਾਸ਼ਟਰੀ ਅਤੇ 16 ਸੂਬਾ ਪੱਧਰੀ ਇਨਾਮਾਂ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ...*

## ਫਸਟ ਫੈਲੋ ਫਾਰਮਰ
## ਮਹਿੰਦਰ ਸਿੰਘ ਗਰੇਵਾਲ

ਕਿਸਾਨ ਮਹਿੰਦਰ ਸਿੰਘ ਗਰੇਵਾਲ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਕੰਗਣਵਾਲ ਦੇ ਵਸਨੀਕ ਹਨ। ਉਨ੍ਹਾਂ ਨੇ ਸੱਤ ਸਾਲ ਨੇਵੀ ਦੀ ਨੌਕਰੀ ਕਰਨ ਪਿੱਛੋਂ 1966 ਵਿਚ ਖੇਤੀ ਦਾ ਧੰਦਾ ਸ਼ੁਰੂ ਕੀਤਾ ਤੇ ਅੱਜ ਉਨ੍ਹਾਂ ਕੋਲ 53 ਸਾਲ ਦਾ ਖੇਤੀ ਤਜ਼ਰਬਾ ਹੈ। ਉਨ੍ਹਾਂ ਨੇ ਛੇ ਏਕੜ ਜ਼ਮੀਨ ਤੋਂ ਖੇਤੀ ਕਰਨੀ ਸ਼ੁਰੂ ਕੀਤੀ ਤੇ ਖੇਤੀ ਮਾਹਿਰਾਂ ਦੀ ਮਦਦ ਨਾਲ ਅਨੇਕਾਂ ਤਜ਼ਰਬੇ ਕੀਤੇ ਆਪਣੇ ਅਣਥੱਕ ਯਤਨਾਂ ਨਾਲ ਸਾਲ ਵਿਚ 3 ਤੋਂ 5 ਫ਼ਸਲਾਂ ਲੈਣ ਲੱਗੇ। ਬਹੁ-ਫ਼ਸਲੀ ਚੱਕਰ ਨੂੰ ਅਪਣਾ ਕੇ ਉਨ੍ਹਾਂ ਨੇ ਆਪਣੀ ਆਮਦਨ ਵਿਚ ਵਾਧਾ ਹੀ ਨਹੀਂ ਕੀਤਾ ਸਗੋਂ ਆਪਣੇ ਖੇਤੀ ਖ਼ਰਚੇ ਵੀ ਘਟਾ ਲਏ। ਇਸ ਨਾਲ ਖਾਦ ਦੀ ਵਰਤੋਂ ਘਟੀ, ਵਹਾਈ ਦਾ ਖ਼ਰਚਾ ਘਟਿਆ, ਖੇਤਾਂ ਵਿੱਚੋਂ ਨਦੀਨਾਂ ਦੀ ਮੁਸ਼ਕਿਲ ਦੂਰ ਹੋਈ ਅਤੇ ਜ਼ਮੀਨ ਦੀ ਤਾਕਤ ਵਿਚ ਵੀ ਵਾਧਾ ਹੋਇਆ।



ਮਹਿੰਦਰ ਸਿੰਘ ਗਰੇਵਾਲ ਨੇ ਖੇਤੀ ਦੇ ਨਾਲ-ਨਾਲ ਸ਼ਹਿਦ ਮੱਖੀਆਂ ਪਾਲਣਾ, ਫਲਦਾਰ ਬੂਟਿਆਂ ਦੀ ਨਰਸਰੀ ਲਗਾਉਣ, ਸਬਜ਼ੀਆਂ ਦੀ ਕਾਸ਼ਤ ਵਰਗੇ ਖੇਤੀ ਸਹਾਇਕ ਧੰਦਿਆਂ ਨੂੰ ਵੀ ਅਪਣਾਇਆ। ਛੋਟੀ ਕਿਸਾਨੀ ਦੇ ਬਾਵਜੂਦ ਉਨ੍ਹਾਂ ਨੇ ਖੇਤੀ ਦੇ ਖੇਤਰ ਵਿਚ ਵੱਡੀਆਂ ਪ੍ਰਾਪਤੀਆਂ ਕੀਤੀਆਂ ਅਤੇ ਪੰਜਾਬ ਸਰਕਾਰ ਵੱਲੋਂ ਰਾਸ਼ਟਰੀ ਪੱਧਰ ਦੇ ਐਗਰੀਕਲਚਰ ਕਮਿਸ਼ਨ ਦੇ ਮੈਂਬਰ ਬਣੇ। ਉਹ ਕਈ ਹੋਰ ਸੂਬਾ ਪੱਧਰੀ ਅਤੇ ਰਾਸ਼ਟਰੀ ਪੱਧਰ ਦੀਆਂ ਸੰਸਥਾਵਾਂ ਦੇ ਵੀ ਮੈਂਬਰ ਵੀ ਰਹੇ ਹਨ। ਬਹੁਤ ਸਾਰੇ ਭਾਰਤੀ ਅਤੇ ਵਿਦੇਸ਼ੀ ਕਿਸਾਨ ਉਨ੍ਹਾਂ ਦੇ ਫਾਰਮ ਨੂੰ ਵੇਖਣ ਲਈ ਆਉਂਦੇ ਹਨ ਤੇ ਉਹ ਕਿਸੇ ਵੀ ਵੇਲੇ ਸਲਾਹ ਮਸ਼ਵਰੇ ਲਈ ਹਾਜ਼ਰ ਰਹਿੰਦੇ ਹਨ। ਉਨ੍ਹਾਂ ਨੂੰ 5 ਅੰਤਰਰਾਸ਼ਟਰੀ, 7 ਰਾਸ਼ਟਰੀ ਅਤੇ 16 ਸੂਬਾ ਪੱਧਰੀ ਇਨਾਮਾਂ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। ਮਹਿੰਦਰ ਸਿੰਘ ਗਰੇਵਾਲ ਬਤੌਰ 'ਵਿਗਿਆਨਕ ਕਿਸਾਨ' ਅਮਰੀਕਾ, ਕੈਨੇਡਾ, ਮੈਕਸੀਕੋ, ਥਾਈਲੈਂਡ, ਇੰਗਲੈਂਡ ਅਤੇ ਪਾਕਿਸਤਾਨ ਆਦਿ ਦੇਸ਼ਾਂ ਦਾ ਦੌਰਾ ਕਰ ਚੁੱਕੇ ਹਨ। ਉਹ ਕਈ ਸਾਲ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਕਿਸਾਨ ਕਲੱਬ ਦੇ ਪ੍ਰਧਾਨ ਵੀ ਰਹੇ। ਸਾਲ 2016-17 ਵਿਚ ਉਨ੍ਹਾਂ ਨੂੰ ਪੀਏਯੂ ਲੁਧਿਆਣਾ ਦੇ ਪਹਿਲੇ 'ਫੈਲੋ ਫਾਰਮਰ' ਹੋਣ ਦਾ ਮਾਣ ਹਾਸਲ ਹੋਇਆ ਹੈ। •





## ਵਿਗਿਆਨਕ ਲੀਹਾਂ ਦਾ ਪਾਂਧੀ
## ਜਗਤਾਰ ਸਿੰਘ ਬਰਾੜ

*ਜਗਤਾਰ ਸਿੰਘ ਬਰਾੜ ਨੇ ਆਪਣੇ ਖੇਤਾਂ ਵਿਚ ਫ਼ਸਲੀ ਚੱਕਰ ਨੂੰ ਇਸ ਢੰਗ ਨਾਲ ਅਪਣਾਇਆ ਹੈ ਕਿ ਉਨ੍ਹਾਂ ਨੇ 300 ਫ਼ੀਸਦੀ ਤੋਂ ਵੱਧ ਫ਼ਸਲੀ ਘਣਤਾ ਅਪਣਾਈ ਹੈ। 1999 ਵਿਚ ਜਿਸ ਸਮੇਂ ਜ਼ਿਆਦਾਤਰ ਕਿਸਾਨਾਂ ਨੂੰ ਪੌਲੀ ਹਾਊਸ ਬਾਰੇ ਜਾਣਕਾਰੀ ਵੀ ਨਹੀਂ ਸੀ, ਉਸ ਸਮੇਂ ਉਨ੍ਹਾਂ ਨੇ ਖ਼ੁਦ ਇਸ ਨੂੰ ਤਿਆਰ ਕੀਤਾ ਸੀ...*

58 ਵਰ੍ਹਿਆਂ ਦੇ ਜਗਤਾਰ ਸਿੰਘ ਬਰਾੜ ਨੇ ਆਪਣੀ 40 ਏਕੜ ਜ਼ਮੀਨ ਤੋਂ ਇਲਾਵਾ 35 ਏਕੜ ਜ਼ਮੀਨ ਠੇਕੇ 'ਤੇ ਲਈ ਹੋਈ ਹੈ। ਸਾਲ 1977 ਤੋਂ ਉਨ੍ਹਾਂ ਨੇ ਆਲੂਆਂ ਦੀ ਕਾਸ਼ਤ ਕਰਨੀ ਸ਼ੁਰੂ ਕੀਤੀ ਤੇ ਇਲਾਕੇ ਦੇ ਕਿਸਾਨਾਂ ਲਈ ਚਾਨਣ-ਮੁਨਾਰਾ ਬਣ ਕੇ ਉੱਭਰੇ ਹਨ। ਸਖ਼ਤ ਮਿਹਨਤ ਅਤੇ ਲਗਨ ਨਾਲ ਉਨ੍ਹਾਂ ਨੇ ਆਪਣੇ ਫ਼ਸਲੀ-ਚੱਕਰ ਨੂੰ ਇਸ ਤਰ੍ਹਾਂ ਵਿਓਂਤਿਆ ਹੈ ਕਿ ਆਪਣੇ ਖੇਤਾਂ ਵਿਚ ਉਨ੍ਹਾਂ ਨੇ 300 ਫ਼ੀਸਦੀ ਤੋਂ ਵੀ ਵੱਧ ਫ਼ਸਲੀ ਘਣਤਾ ਅਪਣਾਈ ਹੈ।

ਸਾਲ 1996 ਵਿਚ ਉਨ੍ਹਾਂ ਨੇ ਮਿਰਚਾਂ ਦੀ ਕਾਸ਼ਤ ਸ਼ੁਰੂ ਕੀਤੀ ਤੇ ਅੱਜ 15 ਏਕੜ ਰਕਬੇ 'ਚ ਮਿਰਚਾਂ ਦੀ ਸਫਲ ਕਾਸ਼ਤ ਕਰ ਰਹੇ ਹਨ। ਉਸਾਰੂ ਸੋਚ ਦੇ ਮਾਲਕ ਜਗਤਾਰ ਸਿੰਘ ਬਰਾੜ ਨੇ 1999 ਵਿਚ ਖ਼ੁਦ ਡਿਜ਼ਾਈਨ ਕਰ ਕੇ ਪੌਲੀ-ਹਾਊਸ ਤਿਆਰ ਕੀਤਾ। ਇਹ ਉਹ ਸਮਾਂ ਸੀ ਜਦੋਂ ਪੰਜਾਬ ਵਿਚ ਅਜੇ ਕਿਸਾਨਾਂ ਨੂੰ ਪੌਲੀ ਹਾਊਸ ਤਕਨੀਕ ਬਾਰੇ ਵਧੇਰੇ ਜਾਣਕਾਰੀ ਨਹੀਂ ਸੀ। ਇਸ ਪੌਲੀ ਹਾਊਸ ਵਿਚ ਉਹ ਆਪਣੇ ਤੇ ਆਪਣੇ ਸਾਥੀਆਂ ਲਈ ਸਬਜ਼ੀਆਂ ਦੀ ਪਨੀਰੀ ਤਿਆਰ ਕਰਦੇ ਹਨ। ਉਨ੍ਹਾਂ ਨੇ ਨਵੀਆਂ ਖੇਤੀ ਤਕਨੀਕਾਂ ਤੇ ਵਿਗਿਆਨਕ ਜਾਣਕਾਰੀ ਪ੍ਰਾਪਤ ਕਰਨ ਤੇ ਖੇਤੀ ਨੂੰ ਤਰੱਕੀ ਦੇ ਰਾਹ ਤੋਰਨ ਲਈ ਦੇਸ਼ ਦੇ ਵੱਖ-ਵੱਖ ਅਦਾਰਿਆਂ ਪਾਸੋਂ ਸਿਖਲਾਈ ਪ੍ਰਾਪਤ ਕੀਤੀ ਤੇ ਇਨ੍ਹਾਂ ਤਕਨੀਕਾਂ ਨੂੰ ਆਪਣੇ ਖੇਤਾਂ ਵਿਚ ਸਾਕਾਰ ਰੂਪ ਦਿੱਤਾ।



ਉਹ ਯੂਨੀਵਰਸਿਟੀ ਦੀਆਂ ਸਿਫਾਰਸ਼ਾਂ ਅਤੇ ਕੀੜਿਆਂ ਦੇ ਆਰਥਿਕ ਕਗਾਰ ਅਨੁਸਾਰ ਕੀਟ ਨਾਸ਼ਕਾਂ ਦੀ ਸੰਜਮੀ ਵਰਤੋਂ ਕਰਦੇ ਹਨ ਅਤੇ ਖੇਤਾਂ ਵਿਚ ਮਿੱਟੀ ਦੀ ਪਰਖ ਦੇ ਆਧਾਰ 'ਤੇ ਲੋੜ ਅਨੁਸਾਰ ਖਾਦਾਂ ਦੀ ਵਰਤੋਂ ਕਰਦੇ ਹਨ। ਇਸ ਨਾਲ ਜਿੱਥੇ ਕੀਟਨਾਸ਼ਕਾਂ ਉੱਪਰ ਹੋਣ ਵਾਲੇ ਖ਼ਰਚੇ 'ਚ ਗਿਰਾਵਟ ਆਉਂਦੀ ਹੈ, ਉੱਥੇ ਇਨ੍ਹਾਂ ਜ਼ਹਿਰਾਂ ਕਾਰਨ ਕਦਰਤੀ ਵਸੀਲਿਆਂ ਤੇ ਮਨੁੱਖੀ ਸਿਹਤ ਨੂੰ ਪੁੱਜਣ ਵਾਲੇ ਨੁਕਸਾਨ ਤੋਂ ਵੀ ਬਚਾਅ ਰਹਿੰਦਾ ਹੈ। ਉਹ ਝੋਨੇ ਵਿਚ ਪੱਤਾ ਰੰਗ ਚਾਰਟ ਅਤੇ ਟੈਂਸ਼ੀਓਮੀਟਰ ਦੀ ਵਰਤੋਂ ਕਰਦੇ ਹਨ ਅਤੇ ਉਸ ਅਨੁਸਾਰ ਹੀ ਖਾਦਾਂ ਤੇ ਪਾਣੀ ਦੀ ਵਰਤੋਂ ਕਰਦੇ ਹਨ। ਜਗਤਾਰ ਸਿੰਘ ਆਪਣੀ ਜਿਣਸ ਦੀ ਦਰਜਾਬੰਦੀ ਕਰ ਕੇ ਖ਼ੁਦ ਮੰਡੀਕਰਨ ਕਰਦੇ ਹਨ। ਪੰਜਾਬ ਦੇ ਕਿਸਾਨਾਂ ਲਈ ਚਾਨਣ ਮੁਨਾਰਾ ਬਣਨ ਵਾਲੇ ਜਗਤਾਰ ਸਿੰਘ ਬਰਾੜ ਬਠਿੰਡਾ ਜ਼ਿਲ੍ਹੇ ਦੇ ਪਿੰਡ ਮਹਿਮਾ ਸਿਰਜਾ ਨਾਲ ਸਬੰਧ ਰੱਖਦੇ ਹਨ ਅਤੇ ਉਨ੍ਹਾਂ ਨੇ ਐੱਮਏ ਅੰਗਰੇਜ਼ੀ ਤਕ ਦੀ ਤਾਲੀਮ ਹਾਸਲ ਕੀਤੀ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੀਆਂ ਖੇਤੀ ਤਕਨੀਕਾਂ ਅਤੇ ਖੇਤੀ ਸਹਾਇਕ ਧੰਦਿਆਂ ਨੂੰ ਅਪਨਾਉਣ ਵਾਲੇ ਜਗਤਾਰ ਸਿੰਘ ਨੂੰ ਖੇਤੀ ਦੇ ਖੇਤਰ 'ਚ ਪਏ ਅਹਿਮ ਯੋਗਦਾਨ ਲਈ ਇਸ ਸਾਲ 'ਮੁੱਖ ਮੰਤਰੀ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ ਹੈ। •

## ਘਾਹ ਨੂੰ ਨੋਟਾਂ 'ਚ ਬਦਲਣ ਵਾਲਾ ਕਿਸਾਨ
## ਰਜਿੰਦਰ ਸਿੰਘ ਧਾਲੀਵਾਲ

ਨਵੀਂ ਸੋਚ ਦੇ ਧਾਰਨੀ ਰਜਿੰਦਰ ਸਿੰਘ ਧਾਲੀਵਾਲ ਪਿੰਡ ਆਬੂਵਾਲ, ਜ਼ਿਲ੍ਹਾ ਲੁਧਿਆਣਾ ਦੇ ਨਿਵਾਸੀ ਹਨ ਅਤੇ ਵਿਗਿਆਨਕ ਲੀਹਾਂ 'ਤੇ ਖੇਤੀਬਾੜੀ ਕਰਨ ਵਾਲੇ ਅਗਾਂਹਵਧੂ ਕਿਸਾਨ ਹਨ। ਰਜਿੰਦਰ ਸਿੰਘ ਕਣਕ-ਝੋਨੇ ਦੇ ਰਵਾਇਤੀ ਫ਼ਸਲੀ ਚੱਕਰ ਨੂੰ ਤਿਆਗ ਕੇ ਘਾਹ ਦੀ ਖੇਤੀ ਕਰ ਰਹੇ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਫਲੋਰੀਕਲਚਰ ਅਤੇ ਲੈਂਡਸਕੇਪਿੰਗ ਵਿਭਾਗ ਦੇ ਮਾਹਿਰਾਂ ਦੇ ਸਹਿਯੋਗ ਨਾਲ ਸਾਲ 2006 ਦੌਰਾਨ ਉਨ੍ਹਾਂ ਨੇ ਇਕ ਏਕੜ ਰਕਬੇ ਤੋਂ ਘਾਹ ਦੀ ਖੇਤੀ ਸ਼ੁਰੂ ਕੀਤੀ ਅਤੇ ਇਸ ਤੋਂ ਬਾਅਦ ਨਦੀਨਾਂ ਤੋਂ ਮੁਕਤ ਉੱਤਮ ਕਿਸਮ ਦੇ ਘਾਹ ਦੇ ਰੋਲ ਤਿਆਰ ਕੀਤੇ, ਜਿਨ੍ਹਾਂ ਨੂੰ ਪੰਜਾਬ ਭਰ ਦੀਆਂ ਨਰਸਰੀਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ।



*ਰਜਿੰਦਰ ਸਿੰਘ ਧਾਲੀਵਾਲ ਨੇ ਕਣਕ ਅਤੇ ਝੋਨੇ ਦੇ ਰਵਾਇਤੀ ਫ਼ਸਲੀ ਚੱਕਰ ਨੂੰ ਨਾ ਅਪਣਾ ਕੇ ਘਾਹ ਦੀ ਖੇਤੀ ਦਾ ਰਸਤਾ ਅਪਣਾਇਆ ਅਤੇ ਅੱਜ ਉਹ 17 ਏਕੜ ਰਕਬੇ ਵਿਚ ਸੱਤ ਕਿਸਮਾਂ ਦਾ ਘਾਹ ਉਗਾ ਰਹੇ ਹਨ...*

ਰਜਿੰਦਰ ਸਿੰਘ ਆਪਣੀ ਪੰਜ ਏਕੜ ਅਤੇ ਠੇਕੇ 'ਤੇ ਲਈ 12 ਏਕੜ ਜ਼ਮੀਨ ਉੱਪਰ ਸੱਤ ਕਿਸਮਾਂ ਦਾ ਘਾਹ ਪੈਦਾ ਕਰ ਰਹੇ ਹਨ। ਉਨ੍ਹਾਂ ਨੇ ਇਸ ਕਿੱਤੇ ਨੂੰ ਅਪਣਾ ਕੇ ਚੰਗਾ ਮੁਨਾਫ਼ਾ ਅਤੇ ਨਾਮਣਾ ਖੱਟਿਆ ਹੈ। ਕੰਪਿਊਟਰ ਅਤੇ ਇੰਟਰਨੈੱਟ ਵਰਗੀਆਂ ਆਧੁਨਿਕ ਤਕਨੀਕਾਂ ਦੇ ਸਹਾਰੇ ਉਹ ਘਾਹ ਦਾ ਖ਼ੁਦ ਮੰਡੀਕਰਨ ਕਰਦੇ ਹਨ। ਰਜਿੰਦਰ ਸਿੰਘ ਨੇ ਆਪਣੀ ਵੈੱਬਸਾਈਟ ਵੀ ਬਣਾਈ ਹੋਈ ਹੈ।।ਜ਼ਮੀਨ ਦੀ ਸਿਹਤ ਨੂੰ ਬਰਕਰਾਰ ਰੱਖਣ ਲਈ ਉਹ ਦੇਸੀ ਰੂੜੀ ਦੀ ਵਰਤੋਂ ਕਰਦੇ ਹਨ। ਵਾਤਾਵਰਨ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਰਸਾਇਣਾਂ ਦੀ ਬੇਹੱਦ ਸੰਜਮ ਨਾਲ ਵਰਤੋਂ ਕਰਦੇ ਹਨ। ਜਲ-ਸੋਮਿਆਂ ਦੀ ਸਾਂਭ-ਸੰਭਾਲ ਹੋ ਸਕੇ, ਇਸ ਦੇ ਲਈ ਉਹ ਘਾਹ ਦੀ ਫ਼ਸਲ ਨੂੰ ਫ਼ੁਹਾਰਿਆਂ ਰਾਹੀਂ ਸਿੰਚਾਈ ਕਰਦੇ ਹਨ।

ਉਹ ਕਿਸਾਨ ਕਲੱਬ ਦੇ ਮੈਂਬਰ ਹਨ ਅਤੇ ਪੰਜਾਬ ਭਰ ਦੇ ਕਿਸਾਨ ਉਨ੍ਹਾਂ ਦੇ ਇਸ ਵਿਲੱਖਣ ਉਪਰਾਲੇ ਤੋਂ ਪ੍ਰੇਰਿਤ ਹਨ। ਰਜਿੰਦਰ ਸਿੰਘ ਨੂੰ ਘਾਹ ਉਤਪਾਦਨ ਵਿਚ ਚੰਗੀ ਕਾਰਗੁਜ਼ਾਰੀ ਵਿਖਾਉਣ ਲਈ 'ਬਾਰਲਾਗ ਫਾਰਮਰਜ਼ ਐਸੋਸੀਏਸ਼ਨ ਫਾਰ ਸਾਊਥ ਏਸ਼ੀਆ', 'ਨਿਊਜ਼ੀਲੈਂਡ ਆਸਟ੍ਰੇਲੀਆ ਫਾਰਮਿੰਗ ਸਕਾਲਰਜ਼' ਸਮੇਤ ਕਈ ਕੌਮੀ ਅਤੇ ਵਿਦੇਸ਼ੀ ਸੰਸਥਾਵਾਂ ਵੱਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ। ਬਾਗ਼ਬਾਨੀ ਨੂੰ ਵਿਸ਼ੇਸ਼ ਹੁਲਾਰਾ ਦੇਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਉਨ੍ਹਾਂ ਨੂੰ ਮੁੱਖ ਮੰਤਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। •





## ਸਬਜ਼ੀਆਂ ਦਾ ਸਰਤਾਜ
## ਵਿੰਦਰ ਸਿੰਘ

ਵਿੰਦਰ ਸਿੰਘ ਨੇ ਕਣਕ ਅਤੇ ਝੋਨੇ ਦੇ ਰਵਾਇਤੀ ਚੱਕਰ ਨੂੰ ਛੱਡ ਕੇ ਸਬਜ਼ੀਆਂ ਦੀ ਪੈਦਾਵਾਰ ਨੂੰ ਅਪਣਾਇਆ ਅਤੇ ਖੇਤੀ ਵਿਭਿੰਨਤਾ ਨੂੰ ਵਿਸ਼ੇਸ਼ ਹੁਲਾਰਾ ਦੇਣ ਵਾਲੇ ਅਗਾਂਹਵਧੂ ਕਿਸਾਨ ਬਣੇ। ਸਾਲ 1996 ਵਿਚ ਸਿਰਫ਼ ਇਕ ਏਕੜ ਜ਼ਮੀਨ ਉੱਪਰ ਮਿਰਚਾਂ ਦੀ ਠੇਕੇ 'ਤੇ ਕਾਸ਼ਤ ਕਰਨ ਵਾਲੇ ਵਿੰਦਰ ਸਿੰਘ ਨੇ ਫਾਰਮ ਸਲਾਹਕਾਰ ਸੇਵਾ ਕੇਂਦਰ, ਸੰਗਰੂਰ ਤੋਂ ਹਾਈਬ੍ਰਿਡ ਬੀਜਾਂ ਦੇ ਉਤਪਾਦਨ ਦੀ ਸਿਖਲਾਈ ਪ੍ਰਾਪਤ ਕੀਤੀ ਅਤੇ।ਅੱਜ ਉਹ ਆਪਣੀ ਅੱਠ ਏਕੜ ਜ਼ਮੀਨ ਤੋਂ ਇਲਾਵਾ ਠੇਕੇ 'ਤੇ ਲਈ ਸੱਤ ਏਕੜ ਜ਼ਮੀਨ ਉੱਤੇ ਮਿਰਚਾਂ ਦੀਆਂ ਹਾਈਬ੍ਰਿਡ ਕਿਸਮਾਂ ਦੇ ਬੀਜ ਅਤੇ ਅਗੇਤੀਆਂ ਸਬਜ਼ੀਆਂ ਦਾ ਸਫਲਤਾ-ਪੂਰਵਕ ਉਤਪਾਦਨ ਕਰ ਰਹੇ ਹਨ।



*ਵਿੰਦਰ ਸਿੰਘ ਲੋਅ ਟਨਲ, ਪੌਲੀ ਨੈੱਟ ਅਤੇ ਹੋਰ ਵਿਗਿਆਨਕ ਤਕਨੀਕਾਂ ਨੂੰ ਅਪਣਾ ਕੇ ਅਗੇਤੀਆਂ ਸਬਜ਼ੀਆਂ ਦੀ ਪੈਦਾਵਾਰ ਕਰਦੇ ਹਨ। ਇਨ੍ਹਾਂ ਤਕਨੀਕਾਂ ਨੇ ਉਨ੍ਹਾਂ ਨੂੰ ਮੁੱਖ ਮੰਤਰੀ ਖੇਤੀ ਪੁਰਸਕਾਰ ਤਕ ਪਹੁੰਚਾਇਆ ਹੈ...*

ਅਗੇਤੀਆਂ ਸਬਜ਼ੀਆਂ ਪੈਦਾ ਕਰਨ ਲਈ ਵਿੰਦਰ ਸਿੰਘ ਜਿੱਥੇ ਲੋਅ-ਟਨਲ ਵਿਧੀ ਦੀ ਵਰਤੋਂ ਕਰਦੇ ਹਨ ਉੱਥੇ ਬੀਜ ਰਹਿਤ ਖੀਰਾ, ਸ਼ਿਮਲਾ ਮਿਰਚ ਅਤੇ ਟਮਾਟਰਾਂ ਦੀ ਕਾਸ਼ਤ ਲਈ ਪੌਲੀ-ਨੈੱਟ ਹਾਊਸ ਦੀ ਵਰਤੋਂ ਕਰ ਰਹੇ ਹਨ। ਸੰਯੁਕਤ ਪਰਿਵਾਰ ਵਿਚ ਰਹਿਣ ਵਾਲੇ ਵਿੰਦਰ ਸਿੰਘ ਸਬਜ਼ੀਆਂ ਦੀਆਂ ਫ਼ਸਲਾਂ ਦੀ ਗਰੇਡਿੰਗ ਅਤੇ ਡੱਬਾਬੰਦੀ ਕਰ ਕੇ ਉਨ੍ਹਾਂ ਦਾ ਖ਼ੁਦ ਮੰਡੀਕਰਨ ਕਰ ਕੇ ਚੰਗਾ ਮੁਨਾਫ਼ਾ ਕਮਾ ਰਹੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਜਦ ਤਕ ਅਸੀਂ ਨਵੀਨਤਮ ਤੇ ਵਿਗਿਆਨਕ ਖੇਤੀ ਤਕਨੀਕਾਂ ਨੂੰ ਨਹੀਂ ਅਪਣਾਉਂਦੇ, ਤਦ ਤਕ ਖੇਤੀ ਸਬੰਧੀ ਪੈਦਾ ਹੋ ਰਹੀਆਂ ਮੁਸ਼ਕਿਲਾਂ ਤੋਂ ਛੁਟਕਾਰਾ ਨਹੀਂ ਪਾਇਆ ਜਾ ਸਕਦਾ।

ਸੰਗਰੂਰ ਜ਼ਿਲ੍ਹੇ ਦੇ ਪਿੰਡ ਚੱਠਾ ਨਨਹੇੜਾ ਦੇ ਰਹਿਣ ਵਾਲੇ ਵਿੰਦਰ ਸਿੰਘ ਵੱਲੋਂ ਰਵਾਇਤੀ ਖੇਤੀ ਤੋਂ ਹਟ ਕੇ ਕੀਤੇ ਗਏ ਇਸ ਅਹਿਮ ਉਪਰਾਲੇ ਨੇ ਉਨ੍ਹਾਂ ਨੂੰ ਅੱਜ 'ਸਬਜ਼ੀਆਂ ਦਾ ਸਿਰਤਾਜ' ਬਣਾ ਦਿੱਤਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਡੇਅਰੀ, ਖੁੰਭ ਉਤਪਾਦਨ ਅਤੇ ਸ਼ਹਿਦ ਮੱਖੀਆਂ ਪਾਲਣ ਦੇ ਸਹਾਇਕ ਧੰਦਿਆਂ ਨੂੰ ਵੀ ਅਪਣਾਇਆ ਹੋਇਆ ਹੈ। ਇਹ ਸਹਾਇਕ ਧੰਦੇ ਉਨ੍ਹਾਂ ਦੀ ਪਰਿਵਾਰਕ ਆਮਦਨ ਵਿਚ ਕਾਫੀ ਵਾਧਾ ਕਰ ਰਹੇ ਹਨ।

ਪੀਏਯੂ ਵੱਲੋਂ ਪ੍ਰਕਾਸ਼ਿਤ ਹੁੰਦੇ ਮਹੀਨਾਵਾਰ ਰਸਾਲੇ 'ਚੰਗੀ ਖੇਤੀ' ਅਤੇ ਹੋਰ ਖੇਤੀ ਪ੍ਰਕਾਸ਼ਨਾਵਾਂ ਰਾਹੀਂ ਉਹ ਆਪਣੇ ਆਪਣੇ ਗਿਆਨ ਵਿਚ ਜਿੱਥੇ ਨਿਰੰਤਰ ਵਾਧਾ ਕਰਦੇ ਰਹਿੰਦੇ ਹਨ, ਉੱਥੇ ਖੇਤੀ ਮੇਲਿਆਂ ਅਤੇ ਸੈਮੀਨਾਰਾਂ ਤੇ ਵਰਕਸ਼ਾਪਾਂ ਵਿਚ ਵੀ ਸਰਗਰਮੀ ਨਾਲ ਹਿੱਸਾ ਲੈਂਦੇ ਹਨ। ਵਿੰਦਰ ਸਿੰਘ ਆਪਣੇ ਖੇਤਾਂ ਵਿਚ ਕ੍ਰਿਸ਼ੀ ਵਿਗਿਆਨ ਕੇਂਦਰ ਅਤੇ ਫਾਰਮ ਸਲਾਹਕਾਰ ਸੇਵਾ ਕੇਂਦਰ ਦੇ ਸਹਿਯੋਗ ਨਾਲ ਖੇਤ ਦਿਵਸ ਵੀ ਮਨਾਉਂਦੇ ਹਨ ਅਤੇ ਖੇਤ ਪ੍ਰਦਰਸ਼ਨੀਆਂ ਲਗਾ ਕੇ ਇਲਾਕੇ ਦੇ ਕਿਸਾਨਾਂ ਨੂੰ ਵੀ ਨਵੀਨਤਮ ਖੇਤੀ ਤਕਨੀਕਾਂ ਨੂੰ ਅਪਨਾਉਣ ਲਈ ਜਾਗਰੂਕ ਵੀ ਕਰਦੇ ਹਨ। ਬਾਗ਼ਬਾਨੀ ਨੂੰ ਉਤਸ਼ਾਹਿਤ ਕਰਨ ਅਤੇ ਖੇਤੀ ਵਿਭਿੰਨਤਾ ਨੂੰ ਸਫਲਤਾ-ਪੂਰਵਕ ਅਪਨਾਉਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਉਨ੍ਹਾਂ ਨੂੰ ਮੁੱਖ ਮੰਤਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। •

## ਇਸਤਰੀ ਸ਼ਕਤੀ ਦੀ ਜਗਦੀ ਮਸ਼ਾਲ
## ਸ਼ਹਿਨਾਜ਼

*ਮਾਤਾ-ਪਿਤਾ ਦੀ ਬਿਮਾਰੀ ਕਾਰਨ ਸ਼ਹਿਨਾਜ਼ ਨੇ ਮਹਿਸੂਸ ਕੀਤਾ ਕਿ ਜੇ ਬਿਮਾਰੀ ਦਾ ਕਾਰਨ ਭੋਜਨ ਹੋ ਸਕਦਾ ਹੈ ਤਾਂ ਸਹੀ ਭੋਜਨ ਇਸ ਨੂੰ ਠੀਕ ਵੀ ਕਰ ਸਕਦਾ ਹੈ। ਇਸ ਖ਼ਿਆਲ ਨੇ ਉਨ੍ਹਾਂ ਨੂੰ ਖ਼ੁਰਾਕੀ ਪਦਾਰਥਾਂ ਦੇ ਕਿੱਤੇ ਵੱਲ ਪ੍ਰੇਰਿਤ ਕੀਤਾ...*

ਸ਼ਹਿਨਾਜ਼ ਮਹਿਜ਼ ਇਕ ਨਾਂ ਨਾ ਹੋ ਕੇ ਅੱਜ ਇਕ ਮਸ਼ਾਲ ਦਾ ਰੂਪ ਧਾਰਨ ਕਰ ਚੁੱਕਾ ਹੈ, ਜਿਸ ਨਾਲ ਸੈਂਕੜੇ ਹੋਰਨਾਂ ਔਰਤਾਂ ਦੀ ਜ਼ਿੰਦਗੀ ਵਿਚ ਵੀ ਚਾਨਣ ਦਾ ਪਸਾਰ ਹੋ ਰਿਹਾ ਹੈ। ਸ਼ਹਿਨਾਜ ਨੇ ਗਰੈਜੂਏਸ਼ਨ ਤੋਂ ਇਲਾਵਾ ਬੀਐੱਡ, ਐੱਮਏ ਅਤੇ ਐੱਮਐੱਸਸੀ (ਫੈਸ਼ਨ ਡਿਜ਼ਾਈਨਿੰਗ) ਕਰ ਕੇ ਬਠਿੰਡਾ ਜ਼ਿਲ੍ਹੇ ਦੇ ਮਹਿਮਾ ਸਿਰਜਾ ਪਿੰਡ ਵਿਚ ਫਾਰਮਰਜ਼ ਸੈਲਪ ਹੈਲਪ ਗਰੁੱਪ ਅਤੇ ਵੈਲਫੇਅਰ ਗਰੁੱਪ ਦੀ ਸ਼ੁਰੂਆਤ ਕੀਤੀ ਅਤੇ ਆਪਣੇ ਕਰੀਅਰ ਨੂੰ ਨਵੀਂ ਦਿਸ਼ਾ ਦੇਣ ਦੇ ਨਾਲ-ਨਾਲ ਦੂਸਰੀਆਂ ਔਰਤਾਂ ਨੂੰ ਆਤਮ ਨਿਰਭਰ ਬਣਾਉਣ 'ਚ ਵੀ ਅਹਿਮ ਭੂਮਿਕਾ ਨਿਭਾਈ ਹੈ।

ਸ਼ਹਿਨਜ਼ 2012 ਤੋਂ ਕ੍ਰਿਸ਼ੀ ਵਿਗਿਆਨ ਕੇਂਦਰ ਅਤੇ ਫਾਰਮ ਸਲਾਹਕਾਰ ਕੇਂਦਰ ਬਠਿੰਡਾ ਦੇ ਮਾਹਿਰਾਂ ਨਾਲ ਜੁੜੇ ਹੋਏ ਹਨ। ਉਨ੍ਹਾਂ ਨੇ 2014 ਵਿਚ ਕੇਵੀਕੇ ਬਠਿੰਡਾ ਤੋਂ ਸ਼ਹਿਦ ਮੱਖੀਆਂ ਪਾਲਣ ਦੀ ਸਿਖਲਾਈ ਫਿਰ ਫਲਾਂ ਅਤੇ ਸਬਜ਼ੀਆਂ ਦੀ ਪੈਦਾਵਾਰ, ਸਾਂਭ-ਸੰਭਾਲ, ਉਚਿਤ ਰੱਖ ਰਖਾਓ, ਡੱਬਾਬੰਦੀ ਅਤੇ ਮਾਰਕੀਟਿੰਗ ਬਾਰੇ ਸਿਖਲਾਈ ਪ੍ਰਾਪਤ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਆਨਲਾਈਨ ਵਸੀਲਿਆਂ ਤੋਂ ਫੂਡ ਪ੍ਰੋਸੈਸਿੰਗ ਦੀ ਸਿਖਲਾਈ ਲੈ ਕੇ ਅਚਾਰ, ਚਟਣੀ ਅਤੇ ਮੁਰੱਬੇ, ਸਕੁਐਸ਼ ਆਦਿ ਖ਼ੁਰਾਕੀ ਪਦਾਰਥ ਬਣਾ ਕੇ ਵੇਚਣੇ ਸ਼ੁਰੂ ਕੀਤੇ। ਉਨ੍ਹਾਂ ਦੀਆਂ ਤਿਆਰ ਕੀਤੀਆਂ ਵਸਤਾਂ ਨੂੰ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਲਗਾਏ ਜਾਂਦੇ ਮੇਲਿਆਂ ਵਿਚ ਗਾਹਕਾਂ ਦਾ ਭਰਵਾਂ ਹੁੰਗਾਰਾ ਮਿਲਿਆ ਅਤੇ ਉਨ੍ਹਾਂ ਨੇ ਇਸ ਨੂੰ ਵੱਡੇ ਪੱਧਰ 'ਤੇ ਸ਼ੁਰੂ ਕੀਤਾ। ਅੱਜ ਉਹ ਅਜਿਹੇ ਅਨੇਕਾਂ ਖ਼ੁਰਾਕੀ ਪਦਾਰਥਾਂ ਨੂੰ ਖ਼ੁਦ ਤਿਆਰ ਕਰ ਕੇ, ਖ਼ੁਦ ਪੈਕੇਜਿੰਗ ਅਤੇ ਮੰਡੀਕਰਨ ਕਰ ਕੇ 10 ਲੱਖ ਰੁਪੇ ਤੋਂ ਵੱਧ ਆਮਦਨ ਕਮਾ ਰਹੇ ਹਨ।



ਔਰਤਾਂ ਨੂੰ ਆਤਮ ਨਿਰਭਰ ਬਣਾਉਣ ਲਈ ਉਹ ਉਨ੍ਹਾਂ ਲਈ ਜਾਗਰੂਕਤਾ ਮੁਹਿੰਮ ਵੀ ਚਲਾ ਰਹੇ ਹਨ ਅਤੇ ਉਨ੍ਹਾਂ ਵੱਲੋਂ ਟੀਵੀ, ਰੇਡੀਓ ਅਤੇ ਅਖ਼ਬਾਰਾਂ ਜ਼ਰੀਏ ਕਿਸਾਨ ਬੀਬੀਆਂ ਨੂੰ ਸਹਾਇਕ ਧੰਦਿਆਂ ਬਾਰੇ ਜਾਣਕਾਰੀ ਵੀ ਦਿੱਤੀ ਜਾਂਦੀ ਹੈ। ਇਨ੍ਹਾਂ ਖ਼ੁਰਾਕੀ ਪਦਾਰਥਾਂ ਨੂੰ ਤਿਆਰ ਕਰਨ ਤੋਂ ਇਲਾਵਾ ਉਨ੍ਹਾਂ ਵੱਲੋਂ ਕਾਲਜਾਂ 'ਚ ਪੜ੍ਹਦੇ ਵਿਦਿਆਰਥੀਆਂ ਲਈ ਟਿਫਨ ਸਰਵਿਸ ਦਾ ਕੰਮ ਵੀ ਕੀਤਾ ਜਾਂਦਾ ਹੈ।।ਇਸ ਜ਼ਰੀਏ ਉਨ੍ਹਾਂ ਨੇ ਇਲਾਕੇ ਦੀਆਂ ਕਈ ਔਰਤਾਂ ਨੂੰ ਰੁਜ਼ਗਾਰ ਵੀ ਮੁਹੱਈਆ ਕਰਵਾਇਆ ਹੈ। ਸਾਲ 2015 ਦੌਰਾਨ ਸਹਾਇਕ ਖੇਤੀ ਧੰਦਿਆਂ ਪ੍ਰਤੀ ਸ਼ਲਾਘਾਯੋਗ ਉੱਦਮ ਕਰਨ ਲਈ ਫੂਡ ਪ੍ਰੋਸੈਸਿੰਗ ਮੰਤਰਾਲਾ ਵੱਲੋਂ ਉਨ੍ਹਾਂ ਨੂੰ ਮੁਕਤਸਰ ਸਾਹਿਬ ਵਿਖੇ ਸਨਮਾਨਿਤ ਕੀਤਾ ਜਾ ਚੁੱਕਾ ਹੈ। ਇਸ ਤੋਂ ਇਲਾਵਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਵੀ ਉਨ੍ਹਾਂ ਨੂੰ 'ਜਗਬੀਰ ਕੌਰ ਗਰੇਵਾਲ ਯਾਦਗਾਰੀ ਪੁਰਸਕਾਰ' ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। •



# 100 ਪੁਲਿਸ ਕਰਮੀਆਂ ਦੀਆਂ ਟੀਮਾਂ ਬਣਾ ਕੇ, ਮੋਗਾ ਪੁਲਿਸ ਨੇ ਚਲਾਇਆ ਕਾਸੋ ਆਪਰੇਸ਼ਨ



**ਮੋਗਾ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪੰਜਾਬ ਪੁਲਿਸ ਵੱਲੋਂ ਨਸ਼ਿਆਂ ਦੀ ਰੋਕਥਾਮ ਅਤੇ ਸਮਾਜ ਦੇ ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਜਾਰੀ ਮੁਹਿੰਮ ÷ਯੁੱਧ ਨਸ਼ਿਆਂ ਵਿਰੁੱਧ÷ ਤਹਿਤ ਅੱਜ ਮੋਗਾ ਵਿਖੇ ਵਿਸ਼ੇਸ਼ ਘੇਰਾਬੰਦੀ ਅਤੇ ਸਰਚ ਅਪਰੇਸ਼ਨ (ਕਾਸੋ) ਚਲਾਇਆ ਗਿਆ।

ਸ਼ਰੀ ਅਜੇ ਗਾਂਧੀ ਐਸ.ਐਸ.ਪੀ. ਮੋਗਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਸ਼ ?ਰੀ ਗੁਰਪ੍ਰੀਤ ਸਿੰਘ ਉਪ ਕਪਤਾਨ ਪੁਲਿਸ ਸਿਟੀ ਮੋਗਾ ਦੀ ਅਗਵਾਈ ਵਿੱਚ ਸਵੇਰ 6 ਵਜੇ ਤੋ 10 ਵਜੇ ਤੱਕ ਸਬ-ਡਵੀਜਨ ਸਿਟੀ ਮੋਗਾ ਵਿੱਚ ਇਹ ਸਰਚ ਅਪ੍ਰੇਸ਼ਨ ਚਲਾਇਆ ਗਿਆ। ਇਸ ਅਪ੍ਰੇਸ਼ਨ ਦੌਰਾਨ 100 ਦੇ ਕਰੀਬ ਪੁਲਿਸ ਕਰਮਚਾਰੀਆਂ ਵੱਲੋਂ ਵੱਖ-ਵੱਖ ਟੀਮਾਂ ਬਣਾ ਕੇ ਸਬ-ਡਵੀਜਨ ਸਿਟੀ ਮੋਗਾ ਦੇ ਹੋਟਸਪੋਟ ਏਰੀਆ ਐਮ.ਪੀ. ਬਸਤੀ, ਇੰਦਰਾ ਕਾਲੋਨੀ ਅਤੇ ਸਾਧਾਂ ਵਾਲੀ ਬਸਤੀ ਵਿੱਚ ਕਾਸੋ ਅਪਰੇਸ਼ਨ ਅਧੀਨ ਚੈਕਿੰਗ ਕੀਤੀ।

ਐਸ.ਐਸ.ਪੀ. ਮੋਗਾ ਸ਼ ?ਰੀ ਅਜੇ ਗਾਂਧੀ ਨੇ ਦੱਸਿਆ ਕਿ ਇਸ ਚੈਕਿੰਗ ਦੌਰਾਨ 30 ਸ਼ੱਕੀ ਵਿਅਕਤੀਆਂ ਦੇ ਘਰਾਂ ਅਤੇ ਉਹਨਾਂ ਦੇ ਸ਼ੱਕੀ ਟਿਕਾਣਿਆਂ ਦੀ ਤਲਾਸ਼ੀ ਕੀਤੀ। ਸ਼ੱਕੀ ਵਿਅਕਤੀਆਂ ਦੀ ਪੁੱਛਗਿੱਛ ਕੀਤੀ ਜਾ ਰਹੀ ਹੈ, ਇਸ ਤੋਂ ਇਲਾਵਾ 19 ਦੇ ਕਰੀਬ ਸ਼ੱਕੀ ਵਹੀਕਲਾਂ ਨੂੰ ਵੀ ਚੈੱਕ ਕੀਤਾ ਗਿਆ।

ਸ਼ਰੀ ਅਜੇ ਗਾਂਧੀ ਨੇ ਆਮ ਪਬਲਿਕ ਨੂੰ ਅਪੀਲ ਕੀਤੀ ਉਹ ਨਸ਼ਾ ਮੁਕਤ ਪੰਜਾਬ ਦੀ ਸਿਰਜਨਾ ਸਬੰਧੀ ਪੁਲਿਸ ਵਿਭਾਗ ਨੂੰ ਸਹਿਯੋਗ ਦੇਣ ਅਤੇ ਜੇਕਰ ਉਹਨਾਂ ਪਾਸ ਨਸ਼ਾ ਵੇਚਣ ਅਤੇ ਖਰੀਦਣ ਜਾਂ ਕਰਨ ਆਦਿ ਸਬੰਧੀ ਜਾਣਕਾਰੀ ਹੈ ਤਾਂ ਉਹ ਮੋਗਾ ਪੁਲਿਸ ਦੇ ਕੰਟਰੋਲ ਰੂਮ ਨੰਬਰ 96568-96568 ਜਾਂ ਸੇਫ ਪੰਜਾਬ ਹੈਲਪਲਾਈਨ ਨੰਬਰ 97791-00200 ਉਪਰ ਸੂਚਿਤ ਕਰ ਸਕਦੇ ਹਨ, ਉਹਨਾਂ ਦੀ ਪਛਾਣ ਨੂੰ ਗੁਪਤ ਰੱਖਿਆ ਜਾਵੇਗਾ।

ਮੋਗਾ ਪੁਲਿਸ ਕਿਸੇ ਵੀ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਰੋਕਣ ਲਈ ਦ੍ਰਿੜ ਹੈ ਅਤੇ ਭੱਵਿਖ ਵਿੱਚ ਵੀ ਮਾੜੇ ਅਨਸਰਾਂ ਖਿਲਾਫ ਇਸ ਤਰ੍ਹਾਂ ਦੀਆ ਕਾਰਵਾਈਆਂ ਜਾਰੀ ਰਹਿਣਗੀਆ। ਉਹਨਾਂ ਇਸ ਕਾਰਵਾਈ ਵਿੱਚ ਸ਼ਾਮਲ ਪੁਲਿਸ ਮੁਲਾਜ਼ਮਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਹ ਅਪਰੇਸ਼ਨ ਸ਼ਾਂਤੀ ਅਤੇ ਅਮਨ-ਕਾਨੂੰਨ ਦੀ ਵਿਵਸਥਾ ਬਣਾਈ ਰੱਖਣ ਲਈ ਸਾਡੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਉਹਨਾਂ ਪੰਜਾਬ ਸਰਕਾਰ ਵੱਲੋਂ ਨਸ਼ਿਆ ਅਤੇ ਸਮਾਜ ਦੇ ਮਾੜੇ ਅਨਸਰਾਂ ਖਿਲਾਫ ਵਿੱਢੀ ਗਈ ਮੁਹਿੰਮ ਅਧੀਨ ਨਸ਼ਿਆਂ ਦੇ ਖਾਤਮੇ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ।

# ਪੀ.ਐਚ.ਸੀ ਘੜੂੰਆਂ ਵਲੋਂ ਡੈਂਗੂ ਕੰਨਟੇਨਰ ਸਰਵੇ ਮੁਹਿੰਮ ਤਹਿਤ 12 ਘਰਾਂ ਵਿਚ ਮਿਲਿਆ ਡੈਂਗੂ ਦਾ ਲਾਰਵਾਂ



**ਖਰੜ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੀ.ਐਚ.ਸੀ.ਘੜੂੰਆਂ ਵਲੋਂ 'ਹਰ ਸ਼ੁਕਰਵਾਰ ਡੈਂਗੂ' ਤੇ ਵਾਰ ਮੁਹਿੰਮ ਤਹਿਤ ਡੈਂਗੂ ਕੰਨਟੇਨਰ ਸਰਵੇ ਕੀਤਾ ਗਿਆ ਅਤੇ ਸਰਵੇ ਦੌਰਾਨ 12 ਘਰਾਂ ਵਿਚ ਡੈਂਗੂ ਦਾ ਲਾਰਵਾ ਪਾਇਆ ਗਿਆ। ਪੀ.ਐਚ.ਸੀ. ਘੜੂੰਆਂ ਦੇ ਐਸ.ਐਮ.ਓ. ਡਾ.ਪ੍ਰੀਤਮੋਹਨ ਖੁਰਾਣਾ ਵਲੋਂ ਰਵਾਨਾ ਕੀਤਾ ਗਿਆ। ਉਨ੍ਹਾਂ ਦਸਿਆ ਕਿ ਇਨ੍ਹਾਂ ਟੀਮਾਂ ਵਲੋਂ ਸਰਸਵਤੀ ਗਰੁੱਪ ਆਫ ਕਾਲਜ਼ ਘੜੂੰਆਂ ਦੇ 55 ਵਿਦਿਆਰਥੀਆਂ ਨੇ ਵੀ ਭਾਗ ਲਿਆ ਅਤੇ ਟੀਮਾਂ ਵਲੋਂ 367 ਘਰਾਂ ਦੀ ਚੈਕਿੰਗ ਕੀਤੀ ਗਈ ਅਤੇ 12 ਘਰਾਂ ਵਿਚ ਡੈਂਗੂ ਦਾ ਲਾਰਵਾ ਪਾਇਆ ਗਿਆ।

ਡਾ. ਸਰੋਜ਼, ਡਾ. ਹਰਮੀਤ ਸਮੇਤ ਹੋਰ ਸਟਾਫ ਮੈਂਬਰ ਹਾਜ਼ਰ ਸਨ। ਉਨ੍ਹਾਂ ਦਸਿਆ ਕਿ ਟੀਮਾਂ ਵਲੋਂ ਮੁਹਿੰਮ ਦੌਰਾਨ ਪਿੰਡ ਦੇ ਵਸਨੀਕਾਂ ਨੂੰ ਡੈਗੂ ਦੇ ਬਚਾਓ ਹਿੱਤ ਉਪਾਅ ਵੀ ਦੱਸੇ ਅਤੇ ਆਪਣੇ ਘਰਾਂ ਵਿਚ ਪਈਆਂ ਚੀਜ਼ਾਂ ਵਿਚ ਪਾਣੀ ਨਾਲ ਖੜ੍ਹਨ ਦੇਣ ਦੀ ਸਲਾਹ ਦਿੱਤੀ।

# ਪੰਜਾਬ ਸਰਕਾਰ ਵੱਲੋਂ ਵਪਾਰੀਆਂ ਦੀਆਂ ਸਾਰੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾ ਰਿਹਾ : ਅਨਿਲ ਠਾਕੁਰ

**ਗੁਰਦਾਸਪੁਰ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਪਾਰ ਕਮਿਸ਼ਨ, ਆਬਕਾਰੀ ਅਤੇ ਕਰ ਵਿਭਾਗ ਦੇ ਚੇਅਰਮੈਨ ਅਨਿਲ ਠਾਕੁਰ ਵੱਲੋਂ ਅੱਜ ਸਥਾਨਕ ਪੰਚਾਇਤ ਭਵਨ ਵਿਖੇ ਜ਼ਿਲ੍ਹੇ ਦੇ ਵੱਖ-ਵੱਖ ਵਪਾਰਕ ਸੰਗਠਨਾਂ ਅਤੇ ਵਪਾਰਕ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਨਾਲ ਇੱਕ ਮਹੱਤਵਪੂਰਨ ਮੀਟਿੰਗ ਕੀਤੀ ਗਈ। ਇਸ ਮੌਕੇ ਸਹਾਇਕ ਟੈਕਸ ਕਮਿਸ਼ਨਰ ਸ੍ਰੀਮਤੀ ਸੁਮਨ ਨੰਦਾ, ਉਪ ਕਮਿਸ਼ਨਰ ਰਾਜ ਕਰ, ਅੰਮ੍ਰਿਤਸਰ ਮੰਡਲ ਸ੍ਰੀਮਤੀ ਰਾਜਵਿੰਦਰ ਕੌਰ, ਮਾਰਕਿਟ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਸ੍ਰੀ ਭਾਰਤ ਭੂਸ਼ਨ ਸ਼ਰਮਾ, ਪ੍ਰਧਾਨ ਸਿਮਰਜੀਤ ਸਿੰਘ, ਸੁਗਰੀਵ ਸਿੰਘ ਜਾਇੰਟ ਸਕੱਤਰ, ਡੀ.ਸੀ.ਐੱਸ.ਟੀ., ਈ.ਟੀ.ਓ., ਇੰਸਪੈਕਟਰ ਅਤੇ ਐੱਸ.ਸੀ.ਓ. ਵੀ ਹਾਜ਼ਰ ਸਨ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਸ੍ਰੀ ਅਨਿਲ ਠਾਕੁਰ ਨੇ ਕਿਹਾ ਕਿ ਵਪਾਰੀਆਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਅਨੁਸਾਰ, ਉਨ੍ਹਾਂ ਨੇ ਸਾਲ 2017-18 ਦੀ ਪਹਿਲੀ ਤਿਮਾਹੀ ਦੇ ਬਕਾਇਆ ਟੈਕਸ ਬਕਾਏ ਦੇ ਮਾਮਲਿਆਂ ਦੇ ਹੱਲ ਲਈ ਓਟੀਐਸ (ਵਨ ਟਾਈਮ ਸੈਟਲਮੈਂਟ) ਸਕੀਮ ਲਾਗੂ ਕਰਨ ਲਈ ਵਿੱਤ ਮੰਤਰੀ, ਪੰਜਾਬ ਨੂੰ ਸਿਫ਼ਾਰਸ਼ ਭੇਜੀ ਹੈ ਅਤੇ ਇਹ ਸਕੀਮ ਜਲਦੀ ਹੀ ਲਾਗੂ ਕਰ ਦਿੱਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਪੰਜਾਬ ਦੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਰਾਜ ਦੇ ਜੀ ਐਸ ਟੀ ਕਰ ਮਾਲੀਏ ਵਿੱਚ 62 ਫ਼ੀਸਦੀ ਵਾਧਾ ਕੀਤਾ ਗਿਆ ਹੈ। ਇਸੇ ਤਰਾਂ ਆਬਕਾਰੀ ਮਾਲੀਏ ਵਿੱਚ 63 ਫੀਸਦੀ ਵਾਧਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਰਵਾਇਤੀ ਵੈਟ ਪ੍ਰਣਾਲੀ ਤਹਿਤ ਬਕਾਇਆਂ ਦੇ ਇਕਮੁਸ਼ਤ ਹੱਲ ਲਈ ਲਾਗੂ ਕੀਤੀ ਓ ਟੀ ਐਸ ਸਕੀਮ ਦਾ 70311 ਡੀਲਰਾਂ ਨੂੰ ਲਾਭ ਹੋਇਆ ਹੈ, ਜਿਸ ਤਹਿਤ ਉਨ੍ਹਾਂ ਨੂੰ 867 ਕਰੋੜ ਦਾ ਬਕਾਇਆ ਦੇਣਦਾਰੀਆਂ ਚ ਲਾਭ ਮਿਲਿਆ ਹੈ।

ਚੇਅਰਮੈਨ ਵੱਲੋਂ ਵਪਾਰੀਆਂ ਅਤੇ ਉਦਯੋਗਿਕ ਇਕਾਈਆਂ ਦੇ ਨੁਮਾਇੰਦਿਆਂ ਦੀਆਂ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਿਆ ਗਿਆ, ਜਿਨ੍ਹਾਂ ਵਿੱਚੋਂ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਵਿਭਾਗੀ ਅਧਿਕਾਰੀਆਂ ਦੀ ਮਦਦ ਨਾਲ ਮੌਕੇ 'ਤੇ ਹੀ ਹੱਲ ਕਰ ਦਿੱਤਾ ਗਿਆ। ਬਾਕੀ ਰਹਿੰਦੇ ਗੁੰਝਲਦਾਰ ਮੁੱਦਿਆਂ ਨੂੰ ਜੀਐਸਟੀ ਕੌਂਸਲ ਰਾਹੀਂ ਹੱਲ ਕਰਨ ਦਾ ਭਰੋਸਾ ਵੀ ਦਿੱਤਾ ਗਿਆ।

ਸ੍ਰੀ ਠਾਕੁਰ ਨੇ ਸਾਰੇ ਵਪਾਰੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ-ਆਪਣੇ ਖੇਤਰਾਂ ਵਿੱਚ ਟੈਕਸ ਅਦਾ ਕਰਨ ਵਿੱਚ ਸਹਿਯੋਗ ਕਰਨ ਤਾਂ ਜੋ ਸੂਬੇ ਦੇ ਮਾਲੀਏ ਵਿੱਚ ਵਾਧਾ ਕੀਤਾ ਜਾ ਸਕੇ। ਉਨ੍ਹਾਂ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਵਪਾਰੀਆਂ ਦੀਆਂ ਸਾਰੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਲਈ ਵਚਨਬੱਧ ਹੈ।

ਇਸ ਤੋਂ ਬਾਅਦ ਚੇਅਰਮੈਨ ਸ੍ਰੀ ਅਨਿਲ ਠਾਕੁਰ ਵੱਲੋਂ ਗੁਰਦਾਸਪੁਰ ਸ਼ਹਿਰ ਦੇ ਬਜ਼ਾਰ ਵਿੱਚ ਦੁਕਾਨਦਾਰਾਂ ਤੇ ਵਪਾਰੀਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣੀਆਂ ਗਈਆਂ। ਇਸ ਮੌਕੇ ਉਨ੍ਹਾਂ ਨੇ ਬੀਤੇ ਸਮੇਂ ਕੁਝ ਦੁਕਾਨਾਂ ਵਿੱਚ ਹੋਈਆਂ ਅੱਗ ਦੀਆਂ ਘਟਨਾਵਾਂ ਬਾਰੇ ਵੀ ਦੁਕਾਨਦਾਰਾਂ ਕੋਲੋਂ ਜਾਣਕਾਰੀ ਹਾਸਲ ਕੀਤੀ ਅਤੇ ਪਾਵਰਕਾਮ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਬਜ਼ਾਰਾਂ ਵਿੱਚ ਬਿਜਲੀ ਦੀਆਂ ਢਿੱਲੀਆਂ ਤਾਰਾਂ ਨੂੰ ਠੀਕ ਕਰਕੇ ਨੰਗੇ ਜੋੜਾਂ ਨੂੰ ਢੱਕਿਆ ਜਾਵੇ ਤਾਂ ਜੋ ਅੱਗੇ ਤੋਂ ਅਜਿਹੀ ਕੋਈ ਅਣਸੁਖਾਵੀਂ ਘਟਨਾ ਨਾ ਵਾਪਰੇ।ਮੀਟਿੰਗ ਵਿੱਚ ਵੱਖ-ਵੱਖ ਵਪਾਰਕ ਜਥੇਬੰਦੀਆਂ ਦੇ ਨੁਮਾਇੰਦੇ ਜਿਨ੍ਹਾਂ ਵਿੱਚ ਸ੍ਰੀ ਹਿਤੇਸ਼ ਮਹਾਜਨ ਜਨਰਲ ਸਕੱਤਰ ਵਪਾਰ ਮੰਡਲ ਗੁਰਦਾਸਪੁਰ, ਸ੍ਰੀ ਰਵੀ ਕੁਮਾਰ ਪ੍ਰਧਾਨ ਸਬਜ਼ੀ ਮੰਡੀ ਐਸੋਸੀਏਸ਼ਨ, ਸ੍ਰੀ ਵਿਕਾਸ ਸਵਾਰਾ ਪ੍ਰਧਾਨ ਰੈਡੀਮੇਡ ਯੂਨੀਅਨ, ਸ੍ਰੀ ਆਤਿਸ਼ ਮਹਾਜਨ ਪ੍ਰਧਾਨ ਟੈਲੀਕਾਮ ਐਸੋਸੀਏਸ਼ਨ, ਸ੍ਰੀ ਰਜਿੰਦਰ ਨੰਦਾ ਪ੍ਰਧਾਨ ਕਲਾਥ ਮਰਚੈਂਟ ਐਸੋਸੀਏਸ਼ਨ, ਸ. ਰਘੁਬੀਰ ਸਿੰਘ ਖ਼ਾਲਸਾ, ਜਗਜੀਤ ਸਿੰਘ ਪਿੰਟਾ ਅਤੇ ਹੋਰ ਅਧਿਕਾਰੀ ਹਾਜ਼ਰ ਸਨ।



# ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਸੰਭਾਵੀ ਹੜ੍ਹਾਂ ਦੇ ਮੱਦੇਨਜ਼ਰ ਬਿਆਸ ਦਰਿਆ ਦੇ ਕੰਢੇ ਵਸੇ ਪਿੰਡਾਂ ਦਾ ਕੀਤਾ ਦੌਰਾ

**ਹੁਸ਼ਿਆਰਪੁਰ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਮਾਨਸੂਨ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਸੰਭਾਵੀ ਹੜ੍ਹਾਂ ਦੇ ਖ਼ਤਰੇ ਨੂੰ ਧਿਆਨ ਵਿਚ ਰੱਖਦਿਆਂ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਅੱਜ ਐਸ.ਡੀ.ਐਮ ਮੁਕੇਰੀਆਂ ਕਮਲਜੀਤ ਸਿੰਘ ਅਤੇ ਡਰੇਨੇਜ ਵਿਭਾਗ ਦੇ ਐਸ.ਡੀ.ਓ ਸੁਖਪ੍ਰੀਤ ਸਿੰਘ ਦੇ ਨਾਲ ਬਿਆਸ ਦਰਿਆ ਦੇ ਕੰਢੇ ਸਥਿਤ ਪਿੰਡਾਂ ਨੌਸ਼ਹਿਰਾ ਪੱਤਣ, ਹੁਸ਼ਿਆਰਪੁਰ ਕਲੋਤਾ ਅਤੇ ਮਹਿਤਾਬਪੁਰ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਸੰਭਾਵੀ ਹੜ੍ਹਾਂ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਅਤੇ ਗੰਭੀਰ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪਹਿਲਾਂ ਆਏ ਹੜ੍ਹਾਂ ਕਾਰਨ ਹੋਏ ਭਾਰੀ ਨੁਕਸਾਨ ਨੂੰ ਧਿਆਨ ਵਿਚ ਰੱਖਦਿਆਂ ਸਰਕਾਰ ਨੇ ਪਹਿਲਾਂ ਹੀ 1.20 ਕਰੋੜ ਰੁਪਏ ਦੀ ਰਾਸ਼ੀ ਜਾਰੀ ਕਰ ਦਿੱਤੀ ਹੈ, ਜਿਸ ਵਿਚੋਂ ਬਿਆਸ ਦਰਿਆ ਦੇ ਕੰਢਿਆਂ 'ਤੇ ਸੁਰੱਖਿਆ ਲਈ ਸਟੱਡ (ਰੱਖਿਅਕ ਬੰਨ੍ਹ) ਬਣਾਏ ਗਏ ਹਨ ਅਤੇ ਸਬੰਧਤ ਕੰਮ ਮੁਕੰਮਲ ਕਰ ਲਿਆ ਗਿਆ ਹੈ। ਪਿੰਡ ਵਾਸੀਆਂ ਦੀ ਮੰਗ 'ਤੇ, ਲੱਗਭਗ 1.5 ਕਰੋੜ ਰੁਪਏ ਦੀ ਵਾਧੂ ਰਾਸ਼ੀ ਵੀ ਜਲਦੀ ਜਾਰੀ ਕੀਤੀ ਜਾਵੇਗੀ ਤਾਂ ਜੋ ਬਾਕੀ ਇਲਾਕਿਆਂ ਵਿਚ ਵੀ ਸਟੱਡ ਨਿਰਮਾਣ ਸੰਭਵ ਹੋ ਸਕੇ ਅਤੇ ਪਿੰਡਾਂ ਅਤੇ ਖੇਤੀਬਾੜੀ ਵਾਲੀ ਜ਼ਮੀਨ ਨੂੰ ਹੜ੍ਹ ਦੇ ਪਾਣੀ ਤੋਂ ਬਚਾਇਆ ਜਾ ਸਕੇ।

ਇਸ ਮੌਕੇ ਪਿੰਡ ਵਾਸੀਆਂ ਨੇ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਤੁਰੰਤ ਕਾਰਵਾਈ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਦਾ ਧੰਨਵਾਦ ਕੀਤਾ। ਕਿਸਾਨਾਂ ਨੇ ਖਾਸ ਤੌਰ 'ਤੇ ਸਰਕਾਰ ਵੱਲੋਂ ਖੇਤਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਅਤੇ ਨਹਿਰੀ ਪਾਣੀ ਮੁਹੱਈਆ ਕਰਵਾਉਣ ਦੇ ਯਤਨਾਂ ਦੀ ਸ਼ਲਾਘਾ ਕੀਤੀ।

ਇਸ ਮੌਕੇ ਸਰਪੰਚ ਜਸਵਿੰਦਰ ਸਿੰਘ, ਨੰਬਰਦਾਰ ਬਲਜੀਤ ਸਿੰਘ, ਬਾਬਾ ਮਲਕੀਤ ਸਿੰਘ, ਨੰਬਰਦਾਰ ਅਵਤਾਰ ਸਿੰਘ, ਰਵਿੰਦਰ ਸਿੰਘ ਰੰਮੀ, ਕੁਲਜੀਤ ਸਿੰਘ, ਤਰਸੇਮ ਸਿੰਘ, ਕਿਸਾਨ ਆਗੂ ਅਤੇ ਹੋਰ ਪਿੰਡ ਵਾਸੀ ਮੌਜੂਦ ਸਨ।

# ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਰੂਪਨਗਰ ਵਿਖੇ ਲਗਾਏ ਪਲੇਸਮੈਂਟ ਕੈਂਪ 'ਚ 25 ਉਮੀਦਵਾਰਾਂ ਦੀ ਹੋਈ ਨੌਕਰੀ ਲਈ ਚੋਣ

**ਰੂਪਨਗਰ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਦੇ ਬੇਰੋਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਲਈ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਰੂਪਨਗਰ ਵੱਲੋਂ ਡਿਪਟੀ ਕਮਿਸ਼ਨਰ ਸ਼੍ਰੀ ਵਰਜੀਤ ਸਿੰਘ ਵਾਲੀਆ ਦੀ ਅਗਵਾਈ ਹੇਠ ਹਫਤਾਵਰੀ ਪਲੇਸਮੈਂਟ ਕੈਂਪਾਂ ਦਾ ਆਯੋਜਨ ਨਿਰੰਤਰ ਕੀਤਾ ਜਾ ਰਿਹਾ ਹੈ। ਇਸੇ ਲੜੀ ਤਹਿਤ 27 ਜੂਨ 2025 ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਪਲੇਸਮੈਂਟ ਕੈਂਪ ਲਗਾਇਆ ਗਿਆ, ਜਿਸ ਵਿੱਚ 35 ਉਮੀਦਵਾਰਾਂ ਨੇ ਭਾਗ ਲਿਆ ਜਿਨ੍ਹਾਂ ਵਿੱਚੋਂ 25 ਉਮੀਦਵਾਰਾਂ ਦੀ ਵੱਖ-ਵੱਖ ਅਸਾਮੀਆਂ ਦੇ ਲਈ ਨੌਕਰੀ ਲਈ ਚੋਣ ਕੀਤੀ ਗਈ।

ਇਸ ਕੈਂਪ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫਸਰ ਰੂਪਨਗਰ ਸ. ਪ੍ਰਭਜੋਤ ਸਿੰਘ ਵੱਲੋਂ ਦੱਸਿਆ ਗਿਆ ਕਿ ਇਸ ਕੈਂਪ ਵਿੱਚ ਆਰ.ਐਸ ਮੈਨਪਾਵਰ ਪ੍ਰੋਵਾਈਡਰ ਕੰਪਨੀ ਵੱਲੋਂ ਟੈਲੀਕਾਲਰ ਦੀਆਂ 25 ਅਸਾਮੀਆਂ ਲਈ ਬਾਰਵੀਂ/ਗ੍ਰੈਜੂਏਟ ਪਾਸ ਉਮੀਦਵਾਰਾਂ ਦੀ ਇੰਟਰਵਿਊ ਲਈ ਗਈ।

ਇਨ੍ਹਾਂ ਅਸਾਮੀਆਂ ਲਈ ਚੁਣੇ ਜਾਣ ਵਾਲੇ ਉਮੀਦਵਾਰਾਂ ਨੂੰ 10,000/- ਤੋਂ 20,000/- ਪ੍ਰਤੀ ਮਹੀਨਾ ਤਨਖਾਹ ਅਤੇ ਇਨਸੈਂਟਿਸ ਮਿਲਣਗੇ। ਇਸ ਦੇ ਨਾਲ ਹੀ ਰਿਸੈਪਸ਼ਨਿਸਟ ਦੀਆਂ 5 ਅਸਾਮੀਆਂ ਲਈ ਬਾਰਵੀਂ, ਗ੍ਰੈਜੂਏਟ ਪਾਸ ਉਮੀਦਵਾਰਾਂ ਦੀ ਇੰਟਰਵਿਊ ਲਈ ਗਈ ਅਤੇ ਚੁਣੇ ਜਾਣ ਵਾਲੇ ਉਮੀਦਵਾਰਾਂ ਨੂੰ 10,000/- ਤੋਂ 20,000/- ਪ੍ਰਤੀ ਮਹੀਨਾ ਤਨਖਾਹ ਮਿਲੇਗੀ। ਡਿਲੀਵਰੀ ਐਗਜ਼ੀਕਿਊਟਿਵ ਦੀਆਂ 30 ਅਸਾਮੀਆਂ ਲਈ ਅੱਠਵੀਂ, ਦਸਵੀਂ, ਬਾਰਵੀਂ ਪਾਸ ਉਮੀਦਵਾਰਾਂ ਦੀ ਇੰਟਰਵਿਊ ਲਈ ਗਈ ਅਤੇ ਚੁਣੇ ਜਾਣ ਵਾਲੇ ਉਮੀਦਵਾਰਾਂ ਨੂੰ 24000/- ਤੋਂ 35,000/- ਪ੍ਰਤੀ ਮਹੀਨਾ ਤਨਖਾਹ + ਪ੍ਰੋਤਸਾਹਨ ਮਿਲੇਗਾ। ਇਸ ਕੈਂਪ ਵਿੱਚ 18 ਤੋਂ 35 ਸਾਲ ਦੇ ਉਮੀਦਵਾਰ ਭਾਗ ਲੈ ਸਕਦੇ ਸਨ। ਨੌਕਰੀ ਦਾ ਸਥਾਨ ਖਰੜ ਅਤੇ ਮੋਹਾਲੀ ਸੀ। ਇਸ ਪਲੇਸਮੈਂਟ ਕੈਂਪ ਵਿੱਚ ਪੁਰਸ਼ ਅਤੇ ਇਸਤਰੀ ਦੋਵੇਂ ਉਮੀਦਵਾਰ ਭਾਗ ਲੈ ਸਕਦੇ ਸਨ।

ਮੀਨਾਕਸ਼ੀ ਬੇਦੀ, ਪਲੇਸਮੈਂਟ ਅਫਸਰ, ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਰੂਪਨਗਰ ਨੇ ਜ਼ਿਲ੍ਹੇ ਦੇ ਬੇਰੋਜ਼ਗਾਰ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਰੂਪਨਗਰ ਵੱਲੋਂ ਆਯੋਜਿਤ ਕੀਤੇ ਜਾਂਦੇ ਪਲੇਸਮੈਂਟ ਕੈਂਪਾਂ ਵਿੱਚ ਜ਼ਰੂਰ ਲਾਭ ਲੈਣ।

# ਅਦਾਕਾਰਾ ਬਣਾਉਣ ਦਾ ਝਾਂਸਾ ਦੇ ਕੇ ਜਬਰ-ਜਨਾਹ

**ਫਰੀਦਾਬਾਦ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਲਵਲ ਦੇ ਇੱਕ ਨਿਰਦੇਸ਼ਕ ਵੱਲੋਂ ਫ਼ਰੀਦਾਬਾਦ ਦੀ ਲੜਕੀ ਨਾਲ ਮੁੰਬਈ ਵਿੱਚ ਜਬਰ-ਜਨਾਹ ਦਾ ਮਾਮਲਾ ਸਾਹਮਣੇ ਆਇਆ ਹੈ। ਨਿਰਦੇਸ਼ਕ ਇੱਥੋਂ ਦੋ ਲੜਕੀਆਂ ਨੂੰ ਅਦਾਕਾਰਾ ਬਣਾਉਣ ਲਈ ਮੁੰਬਈ ਲੈ ਗਿਆ ਸੀ ਤੇ ਉਥੇ ਇਕ ਲੜਕੀ ਨਾਲ ਕਈ ਵਾਰ ਜਬਰ-ਜਨਾਹ ਕੀਤਾ। ਉਥੋਂ ਕਿਸੇ ਤਰ੍ਹਾਂ ਇਹ ਲੜਕੀਆਂ ਭੱਜਣ ਵਿੱਚ ਕਾਮਯਾਬ ਹੋ ਗਈਆਂ ਅਤੇ ਫ਼ਰੀਦਾਬਾਦ ਪੁੱਜ ਗਈਆਂ।

ਇਸ ਘਟਨਾ ਤੋਂ ਦੁਖੀ ਹੋ ਕੇ ਪੀੜਤ ਲੜਕੀ ਨੇ ਜ਼ਹਿਰ ਖਾ ਕੇ ਆਪਣੀ ਜਾਨ ਲੈਣ ਦੀ ਕੋਸ਼ਿਸ਼ ਕੀਤੀ ਪਰ ਉਸ ਦਾ ਬਚਾਅ ਹੋ ਗਿਆ। ਉਹ ਈਐੱਸਆਈਸੀ ਮੈਡੀਕਲ ਕਾਲਜ ਵਿੱਚ ਜ਼ੇਰੇ ਇਲਾਜ ਹੈ। ਫ਼ਰੀਦਾਬਾਦ ਦੀ ਇੱਕ ਔਰਤ ਨੇ ਦੱਸਿਆ ਕਿ ਪਲਵਲ ਦਾ ਇੱਕ ਨਿਰਦੇਸ਼ਕ ਉਸ ਦੀਆਂ ਦੋ ਧੀਆਂ ਨੂੰ ਅਦਾਕਾਰਾ ਬਣਾਉਣ ਲਈ ਮੁੰਬਈ ਲੈ ਗਿਆ ਸੀ। ਉਨ੍ਹਾਂ ਦੱਸਿਆ ਕਿ ਮਾਮਲਾ ਪੁਲੀਸ ਦੇ ਧਿਆਨ ਵਿੱਚ ਲਿਆ ਦਿੱਤਾ ਹੈ।

# ਡੇਰਾ ਬਾਬਾ ਨਾਨਕ ਤਹਿਸੀਲ ਵਿੱਚ ਹੜ੍ਹ ਰੋਕੂ ਪ੍ਰਬੰਧਾਂ ਦਾ ਜਾਇਜ਼ਾ ਲਿਆ



**ਗੁਰਦਾਸਪੁਰ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੀਆਂ ਹਦਾਇਤਾਂ ਅਤੇ ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਬਰਸਾਤੀ ਸੀਜ਼ਨ ਦੌਰਾਨ ਸੰਭਾਵੀ ਹੜ੍ਹਾਂ ਦੀ ਰੋਕਥਾਮ ਲਈ ਪੂਰੀ ਤਰਾਂ ਤਿਆਰ ਹੈ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਮਾਂ ਰਹਿੰਦੇ ਹੋਏ ਹੜ੍ਹ ਰੋਕੂ ਪ੍ਰਬੰਧ ਮੁਕੰਮਲ ਕੀਤੇ ਜਾ ਰਹੇ ਹਨ। ਇਨ੍ਹਾਂ ਯਤਨਾਂ ਤਹਿਤ ਹੀ ਡੇਰਾ ਬਾਬਾ ਨਾਨਕ ਤਹਿਸੀਲ ਵਿੱਚ ਰਾਵੀ ਦਰਿਆ ਦੇ ਨਾਲ ਲੱਗਦੇ ਇਲਾਕਿਆਂ ਵਿੱਚ ਕੀਤੇ ਜਾ ਰਹੇ ਹੜ੍ਹ ਰੋਕੂ ਪ੍ਰਬੰਧਾਂ ਦਾ ਜਾਇਜ਼ਾ ਤਹਿਸੀਲਦਾਰ ਡੇਰਾ ਬਾਬਾ ਨਾਨਕ ਲਛਮਣ ਸਿੰਘ ਰੰਧਾਵਾ ਅਤੇ ਬੀ.ਐੱਸ.ਐੱਫ਼ ਦੇ ਅਧਿਕਾਰੀਆਂ ਵੱਲੋਂ ਲਿਆ ਗਿਆ।

ਹੜ੍ਹ ਰੋਕੂ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਤਹਿਸੀਲਦਾਰ ਲਛਮਣ ਸਿੰਘ ਨੇ ਦੱਸਿਆ ਕਿ ਮਾਨਸੂਨ ਸੀਜ਼ਨ ਦੌਰਾਨ ਕਿਸੇ ਵੀ ਸੰਭਾਵੀ ਹੜ੍ਹਾਂ ਦੇ ਟਾਕਰੇ ਲਈ ਜ਼ਿਲ੍ਹਾ ਪ੍ਰਸ਼ਾਸਨ ਪੂਰੀ ਤਰ੍ਹਾਂ ਤਿਆਰ ਹੈ। ਉਨ੍ਹਾਂ ਕਿਹਾ ਕਿ ਸਿਵਲ ਪ੍ਰਸ਼ਾਸਨ ਵੱਲੋਂ ਬੀ.ਐੱਸ.ਐੱਫ. ਤੇ ਹੋਰ ਰਾਹਤ ਬਲਾਂ ਨਾਲ ਰਾਬਤਾ ਕਾਇਮ ਕੀਤਾ ਗਿਆ ਹੈ ਅਤੇ ਕਿਸੇ ਵੀ ਹੰਗਾਮੀ ਸਥਿਤੀ ਲਈ ਪੂਰਾ ਪਲਾਨ ਤਿਆਰ ਕਰ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਹੜ੍ਹਾਂ ਦੌਰਾਨ ਬਚਾਅ ਲਈ ਜੋ ਵੀ ਸਾਜੋ-ਸਮਾਨ ਲੋੜੀਂਦਾ ਹੈ, ਉਸ ਦੀ ਉਪਲਬਧਤਾ ਯਕੀਨੀ ਬਣਾ ਲਈ ਗਈ ਹੈ। ਉਨ੍ਹਾਂ ਕਿਹਾ ਕਿ ਡੇਰਾ ਬਾਬਾ ਨਾਨਕ ਤਹਿਸੀਲ ਵਿੱਚ ਬਰਸਾਤੀ ਨਾਲਿਆਂ ਦੀ ਸਫ਼ਾਈ ਵੀ ਕੀਤੀ ਜਾ ਰਹੀ ਹੈ ਤਾਂ ਜੋ ਪਾਣੀ ਦੀ ਨਿਕਾਸੀ ਵਿੱਚ ਕੋਈ ਮੁਸ਼ਕਲ ਨਾ ਆਵੇ। ਇਸ ਦੌਰਾਨ ਤਹਿਸੀਲਦਾਰ ਲਛਮਣ ਸਿੰਘ ਵੱਲੋਂ ਬੀ.ਐੱਸ.ਐੱਫ਼ ਦੇ ਅਧਿਕਾਰੀਆਂ ਦੇ ਨਾਲ ਰਾਵੀ ਦਰਿਆ ਦੇ ਧੁੱਸੀ ਬੰਨ੍ਹ ਅਤੇ ਘਣੀਏ-ਕੇ-ਬੇਟ ਇਲਾਕੇ ਦਾ ਦੌਰਾ ਕੀਤਾ ਗਿਆ।

# ਬਾਗਬਾਨੀ ਵਿਭਾਗ ਵੱਲੋਂ ਲਗਾਇਆ ਗਿਆ ਕਿਸਾਨ ਜਾਗਰੂਕਤਾ ਕੈਂਪ

**ਤਰਨ ਤਾਰਨ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**




ਮਾਨਯੋਗ ਕੈਬਨਿਟ ਮੰਤਰੀ ਰੱਖਿਆ ਸੇਵਾਵਾਂ ਭਲਾਈ, ਸੁਤੰਤਰਾ ਸੈਨਾਨੀ ਅਤੇ ਬਾਗਬਾਨੀ ਵਿਭਾਗ ਪੰਜਾਬ ਸ਼ ?ਰੀ ਮਹਿੰਦਰ ਭਗਤ ਵੱਲੋਂ ਦਿੱਤੇ ਗਏ ਦਿਸ਼ਾ ਨਿਰਦੇਸ਼ਾ ਅਤੇ ਸ਼ ?ਰੀ ਮਤੀ ਸ਼ੈਲਿੰਦਰ ਕੌਰ ਆਈ. ਐਫ. ਐਸ. ਡਾਇਰੈਕਟਰ ਬਾਗਬਾਨੀ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਵਿਭਾਗ ਦੀਆਂ ਸਕੀਮਾ ਤਹਿਤ ਐਮ.ਆਈ.ਡੀ.ਐਚ. ਦੀਆਂ ਸੋਧੀਆਂ ਗਾਇਡ ਲਾਇਨਜ ਨੂੰ ਵੱਧ ਤੋਂ ਵੱਧ ਜਿਮੀਦਾਰਾਂ ਤੱਕ ਪਹੁੰਚਾਉਣ ਲਈ ਇੱਕ ਰੋਜਾ ਜਿਲ੍ਹਾ ਪੱਧਰੀ ਕਿਸਾਨ ਜਾਗਰੂਕਤਾ ਕੈਂਪ ਗੌਲਡਨ ਔਰਾ, ਝਬਾਲ ਰੋਡ, ਤਰਨ ਤਾਰਨ ਵਿਖੇ ਲਗਾਇਆ ਗਿਆ।

ਡਿਪਟੀ ਡਾਇਰੈਕਟਰ ਬਾਗਬਾਨੀ ਤਰਨ ਤਾਰਨ ਸ਼ ?ਰੀ ਤੇਜਿੰਦਰ ਸਿੰਘ ਵੱਲੋਂ ਆਏ ਹੋਏ ਜਿਮੀਦਾਰਾਂ ਦਾ ਸਵਾਗਤ ਕਰਦਿਆਂ ਦੱਸਿਆ ਕਿ ਬਾਗਬਾਨੀ ਵਿਭਾਗ ਸ਼ਹਿਦ ਦੀਆਂ ਮੱਖੀਆਂ ਤੇ ਸਬਸਿਡੀ ਦੇਣ ਦੇ ਨਾਲ-ਨਾਲ ਬਾਗਾਂ, ਸਬਜੀਆਂ, ਵਰਮੀ ਕੰਪੋਸਟ ਯੂਨਿਟ, ਪੌਲੀ/ਸ਼ੇਡ ਨੈੱਟ ਹਾਊਸ, ਮਸ਼ੀਨਰੀ, ਕੋਲਡ ਸਟੋਰ, ਫੁੱਲਾਂ, ਖੁੰਬਾਂ ਆਦਿ ਤੇ ਸਬਸਿਡੀ ਵੀ ਦੇ ਰਿਹਾ ਹੈ ਅਤੇ ਜਿਮੀਦਾਰਾਂ ਨੂੰ ਅਪੀਲ ਕੀਤੀ, ਕਿ ਵਿਭਾਗ ਨਾਲ ਸੰਪਰਕ ਕਰਕੇ ਵੱਧ ਤੋਂ ਵੱਧ ਸਕੀਮਾਂ ਦਾ ਫਾਇਦਾ ਉਠਾਇਆ ਜਾਵੇ।

ਸ੍ਰੀ ਜਸਪਾਲ ਸਿੰਘ ਢਿੱਲੋ ਸਹਾਇਕ ਡਾਇਰੈਕਟਰ ਬਾਗਬਾਨੀ ਵੱਲੋਂ ਐਮ.ਆਈ.ਡੀ.ਐਚ. ਸਕੀਮ ਅਧੀਨ ਜਾਰੀ ਗਾਈਡ ਲਾਇੰਸ ਜਿਵੇਂ ਕਿ ਨਵਾਂ ਬਾਗ ਲਗਾਉਣ ਲਈ 50 ਹਜਾਰ ਰੁਪਏ ਪ੍ਰਤੀ ਹੈਕਟਰ, ਪੁਰਾਣੇ ਬਾਗਾਂ ਨੂੰ ਮੁੜ ਸੁਰਜੀਤ ਕਰਨ ਲਈ 20 ਹਜਾਰ ਰੁਪਏ ਪ੍ਰਤੀ ਹੈਕਟਰ., ਫੁੱਲਾ ਦੀ ਕਾਸ਼ਤ ਲਈ 20 ਹਜਾਰ ਰੁਪਏ ਪ੍ਰਤੀ ਹੈਕਟਰ., ਪੋਲੀ ਹਾਊਸ ਲਗਾਉਣ ਲਈ 12 ਲੱਖ 50 ਹਜਾਰ ਰੁਪਏ ਪ੍ਰਤੀ ਏਕੜ, ਸ਼ੇਡਨੈਟ ਹਾਊਸ ਲਈ 8,87,500/- ਰੁਪਏ ਪ੍ਰਤੀ ਏਕੜ, ਵਰਮੀ ਕੰਪੋਸਟ ਯੂਨਿਟ ਲਈ 50 ਹਜਾਰ ਰੁਪਏ, ਖੁੰਬਾ ਦੀ ਪੈਦਾਵਾਰ ਅਤੇ ਕੰਪੋਸਟ ਬਣਾਉਣ ਲਈ 12 ਲੱਖ ਰੁਪਏ ਪ੍ਰਤੀ ਯੂਨਿਟ ਆਦਿ ਸਕੀਮਾਂ ਵਿਚ ਕੀਤੀ ਸੋਧ ਬਾਰੇ ਦੱਸਿਆ ਗਿਆ।

ਸ਼ਰੀਮਤੀ ਰਵਦੀਪ ਕੌਰ ਟੀਮ ਲੀਡਰ ਐਗਰੀ ਕਲਚਰ ਇਫੰਰਾਸ ਟਰੈਕਚਰ ਫੰਡ ਅਤੇ ਸ਼ ?ਰੀ ਸੋਹਣ ਟੀਮ ਮੈਂਬਰ ਵੱਲੋਂ ਟਮਾਟਰ ਦੇ ਜਿਮੀਦਾਰਾਂ ਨਾਲ ਸਿੱਧੇ ਤੌਰ ਤੇ ਗੱਲਬਾਤ ਕੀਤੀ ਗਈ, ਜਿਸ ਵਿੱਚ ਉਹਨਾਂ ਨੇ ਟਮਾਟਰ ਅਤੇ ਹੋਰ ਫਸਲਾਂ ਲਈ ਪ੍ਰੋਸੈਸਿੰਗ ਯੂਨਿਟ, ਕੋਲਡ ਸਟੋਰ ਅਤੇ ਮੰਡੀਕਰਨ ਆਦਿ ਲਈ ਹੋਰ ਨਵੇਂ ਪ੍ਰੋਜੈਕਟ ਅਤੇ ਸਕੀਮਾਂ ਬਾਰੇ ਜਾਣੂ ਕਰਵਾਇਆ।

ਡਾ. ਪਰਵਿੰਦਰ ਸਿੰਘ ਇੰਚਾਰਜ ਫਾਰਮ ਸਲਾਹਕਾਰ ਸੇਵਾ ਕੇਂਦਰ ਤਰਨ ਤਾਰਨ ਵੱਲੋਂ ਜਿਮੀਦਾਰਾਂ ਨੂੰ ਪੀ.ਏ.ਯੂ. ਲੁਧਿਆਣਾ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਦੱਸਿਆ ਗਿਆ ਅਤੇ ਟਮਾਟਰ ਦੀ ਖੇਤੀ ਤੇ ਹੋਰ ਸਬਜੀਆਂ ਦੀ ਸੁਰੱਖਿਅਤ ਖੇਤੀ ਕਰਨ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ, ਤੇ ਜਿਮੀਦਾਰਾਂ ਨੂੰ ਵੱਧ ਤੋਂ ਵੱਧ ਰਕਬਾ ਸੁਰੱਖਿਅਤ ਖੇਤੀ ਅਧੀਨ ਲਿਆਉਣ ਬਾਰੇ ਅਪੀਲ ਕੀਤੀ।

ਡਾ. ਪਰਮਿੰਦਰ ਕੌਰ ਪੌਦਾ ਰੋਗ ਮਾਹਿਰ ਫਾਰਮ ਸਲਾਹਕਾਰ ਸੇਵਾ ਕੇਂਦਰ ਤਰਨ ਤਾਰਨ ਵੱਲੋਂ ਜਿਮੀਦਾਰਾਂ ਨੂੰ ਸਬਜੀਆਂ ਅਤੇ ਬਾਗਾਂ ਦੀਆਂ ਬੀਮਾਰੀਆਂ ਅਤੇ ਉਹਨਾਂ ਦੀ ਰੋਕਥਾਮ ਬਾਰੇ ਵਿਸਥਾਰ ਵਿੱਚ ਜਿਮੀਂਦਾਰਾਂ ਨੂੰ ਜਾਣਕਾਰੀ ਦਿੱਤੀ ਗਈ। ਸ੍ਰੀ ਰਵਿੰਦਰ ਸਿੰਘ, ਜੀ.ਡੀ. ਫੂਡਸ ਖਡੂਰ ਸਾਹਿਬ ਵੱਲੋਂ ਟਮਾਟਰਾਂ, ਮਿਰਚਾਂ, ਗਾਜਰਾਂ, ਨਾਖਾਂ ਆਦਿ ਦੀ ਪ੍ਰੋਸੈਸਿੰਗ ਬਾਰੇ ਦੱਸਿਆ ਗਿਆ ਅਤੇ ਇਹਨਾਂ ਫਸਲਾਂ ਦੀ ਫਰਮ ਵੱਲੋਂ ਕੀਤੀ ਗਈ ਖਰੀਦ ਬਾਰੇ ਜਾਣਕਾਰੀ ਦਿੱਤੀ ਗਈ। ਸ਼ ?ਰੀ ਕਵਲ ਜਗਦੀਪ ਸਿੰਘ ਬਾਗਬਾਨੀ ਵਿਕਾਸ ਅਫਸਰ ਵੱਲੋਂ ਨਰਸਰੀ ਪੈਦਾਵਾਰ ਬਾਰੇ ਜਾਣਕਾਰੀ ਦਿੱਤੀ ਗਈ।

ਸ਼ਰੀ ਜਸਪਾਲ ਸਿੰਘ ਢਿੱਲੋਂ ਸਹਾਇਕ ਡਾਇਰੈਕਟਰ ਬਾਗਬਾਨੀ ਵੱਲੋਂ ਆਏ ਹੋਏ ਮਹਿਮਾਨਾਂ ਤੇ ਜਿਮੀਦਾਰਾਂ ਦਾ ਧੰਨਵਾਦ ਕੀਤਾ ਗਿਆ। ਸ਼ ?ਰੀ ਬਿਕਰਮਜੀਤ ਸਿੰਘ ਬਾਗਬਾਨੀ ਵਿਕਾਸ ਅਫਸਰ ਵੱਲੋਂ ਸਟੇਜ ਦਾ ਸੰਚਾਲਣ ਕੀਤਾ ਗਿਆ।

ਇਸ ਸਮੇਂ ਜਿਲੇ ਦੇ ਅਗਾਹਵਧੂ ਜਿਮੀਦਾਰ ਸ੍ਰੀ ਹਰਜਾਪ ਸਿੰਘ, ਸੇਵਾ ਸਿੰਘ ਉਬੋਕੇ, ਤਰਸੇਮ ਸਿੰਘ ਨੱਥੂਚੱਕ, ਅਮਰੀਕ ਸਿੰਘ ਖੱਬੇ ਡੋਗਰਾ, ਗੁਰ ਵਰਿਆਮ ਸਿੰਘ, ਗੁਰਜੰਟ ਸਿੰਘ, ਮਲਕੀਅਤ ਸਿੰਘ ਛਾਪਾ, ਬਲਜੀਤ ਸਿੰਘ ਮੱਲਾ, ਨਿਰਮਲ ਸਿੰਘ, ਹਰਦਿਆਲ ਸਿੰਘ ਖਾਰਾ, ਪੁਸ਼ਪਿੰਦਰ ਸਿੰਘ, ਕਰਮਜੀਤ ਸਿੰਘ, ਰਣਜੀਤ ਸਿੰਘ ਗੰਡੀਵਿੰਡ ਆਦਿ ਹਾਜਰ ਸਨ ਅਤੇ ਵਿਭਾਗ ਦੇ ਕਰਮਚਾਰੀ ਉਪ-ਨਿਰੀਖਕ ਖੁਸ਼ਹਾਲ ਸਿੰਘ, ਗੁਰਨਾਮ ਸਿੰਘ, ਰਾਜਬੀਰ ਸਿੰਘ, ਮਨਦੀਪ ਸਿੰਘ ਐਫ.ਸੀ, ਰਘਬੀਰ ਸਿੰਘ ਐਫ.ਸੀ, ਗੁਰਿੰਦਰਪਾਲ ਸਿੰਘ ਰੰਧਾਵਾ, ਜਪਜੀਤ ਸਿੰਘ, ਇੰਦਰਪਾਲ, ਮੈਡਮ ਸਨੇਹ ਲਤਾ, ਬਲਜੀਤ ਸਿੰਘ ਆਦਿ ਨੇ ਇਸ ਸੈਮੀਨਾਰ ਨੂੰ ਕਾਮਯਾਬ ਕਰਨ ਵਿੱਚ ਅਹਿਮ ਯੋਗਦਾਨ ਪਾਇਆ।

# ਜਗਮੋਹਨ ਰੋਲਨ ਵੱਲੋਂ ਇਨੈਲੋ ਦੀ ਕਾਰਜਕਾਰਨੀ ਦਾ ਐਲਾਨ



**ਨਰਾਇਣਗੜ੍ਹ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਇਨੈਲੋ ਦੇ ਜ਼ਿਲ੍ਹਾ ਅੰਬਾਲਾ ਦੇ ਪ੍ਰਧਾਨ ਜਗਮਲ ਸਿੰਘ ਰੋਲਨ ਨੇ ਪਾਰਟੀ ਹਾਈਕਮਾਨ ਨਾਲ ਵਿਚਾਰ-ਚਰਚਾ ਕਰਨ ਤੋਂ ਬਾਅਦ ਨਰਾਇਣਗੜ੍ਹ ਹਲਕੇ ਦੀ ਕਾਰਜਕਾਰਨੀ ਕਮੇਟੀ ਦਾ ਐਲਾਨ ਕੀਤਾ ਹੈ।

ਲੱਕੀ ਨਾਗੋਲੀ ਨੂੰ ਹਲਕਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਮੌਕੇ ਹਲਕਾ ਪ੍ਰਧਾਨ ਲੱਕੀ ਨਾਗੋਲੀ, ਸੀਨੀਅਰ ਮੀਤ ਪ੍ਰਧਾਨ ਇਕਬਾਲ ਰਛੇੜੀ, ਮੀਤ ਪ੍ਰਧਾਨ ਸਤਵਿੰਦਰ ਸਿੰਘ, ਸੀਮਾ ਰਾਣੀ, ਰਾਜੇਸ਼, ਫੱਗੂ ਰਾਮ, ਪਲਵਿੰਦਰ ਸਿੰਘ, ਰੋਹਿਤ, ਜਸਪਾਲ, ਕਿਰਨ ਪਾਲ, ਸ਼ੇਰ ਸਿੰਘ, ਮੁੱਖ ਜਨਰਲ ਸਕੱਤਰ ਰਾਜੇਸ਼ ਕੁਮਾਰ, ਜਨਰਲ ਸਕੱਤਰ ਹਰਦੀਪ ਬਟੋਰਾ, ਨਿਰਮਲ ਸਿੰਘ, ਸੁਖਬੀਰ ਸਿੰਘ, ਸਤੀਸ਼ ਸਿੰਘ ਬਟੋਰਾ, ਬਲਜਿੰਦਰ ਸਿੰਘ ਸਕੱਤਰ, ਮਨਜਿੰਦਰ ਸਿੰਘ, ਬਲਜਿੰਦਰ ਸਿੰਘ, ਬਲਜੀਤ ਸਿੰਘ ਸੰਗਠਨ ਸਕੱਤਰ, ਵਿਜੈ ਸਿੰਘ ਸਕੱਤਰ ਅਨਿਲ ਕੁਮਾਰ, ਭਗਤ ਸਿੰਘ ਨੂੰ ਖਜ਼ਾਨਚੀ, ਮੀਡੀਆ ਇੰਚਾਰਜ ਪਿਊਸ਼ ਸ਼ਰਮਾ, ਦਫ਼ਤਰ ਸਕੱਤਰ ਸੰਦੀਪ ਕੁਮਾਰ ਨਿਯੁਕਤ ਕੀਤੇ ਗਏ। ਇਸ ਮੌਕੇ ਸੂਬਾ ਕਾਰਜਕਾਰਨੀ ਮੈਂਬਰ ਤੇਜਪਾਲ ਸ਼ਰਮਾ ਪੱਤਰੇਹੜੀ, ਮਹਿਲਾ ਆਗੂ ਰਜਨੀ ਸਾਹਨੀ ਤੇ ਬੀਸੀ ਸੈੱਲ ਦੇ ਜ਼ਿਲ੍ਹਾ ਪ੍ਰਧਾਨ ਭੂਪ ਸਿੰਘ ਗੁੱਜਰ ਆਦਿ ਹਾਜ਼ਰ ਸਨ।

# ਫਾਜ਼ਿਲਕਾ ਦੇ ਵਿਧਾਇਕ ਸਵਨਾ ਨੇ ਸੁਣੀਆਂ ਲੋਕਾਂ ਦੀਆਂ ਮੁਸ਼ਕਿਲਾਂ



**ਫਾਜ਼ਿਲਕਾ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਫਾਜ਼ਿਲਕਾ ਦੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਨੇ ਅੱਜ ਮਾਰਕਿਟ ਕਮੇਟੀ ਵਿਖੇ ਆਪਣੇ ਦਫਤਰ ਵਿਖੇ ਹਲਕੇ ਦੇ ਲੋਕਾਂ ਦੀਆਂ ਮੁਸ਼ਕਿਲਾਂ ਸੁਣਨ ਲਈ ਵਿਸ਼ੇਸ਼ ਕੈਂਪ ਲਗਾਇਆ। ਇਸ ਮੌਕੇ ਵੱਡੀ ਗਿਣਤੀ ਵਿੱਚ ਲੋਕ ਪਹੁੰਚੇ ਜਿਨਾਂ ਦੀਆਂ ਮੁਸ਼ਕਿਲਾਂ ਸੁਣ ਕੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਨੇ ਮੌਕੇ ਤੇ ਹੀ ਅਧਿਕਾਰੀਆਂ ਨੂੰ ਕਾਰਵਾਈ ਦੇ ਨਿਰਦੇਸ਼ ਦਿੱਤੇ ਇਸ ਮੌਕੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਨੇ ਕਿਹਾ ਕਿ ਆਉਣ ਵਾਲੇ ਬਰਸਾਤੀ ਮੌਸਮ ਦੇ ਮੱਦੇ ਨਜ਼ਰ ਨਗਰ ਕੌਂਸਲ ਅਤੇ ਡਰੇਨੇਜ ਡਿਪਾਰਟਮੈਂਟ ਨੂੰ ਹੁਣੇ ਤੋਂ ਹੀ ਲੋੜੀਦੇ ਇੰਤਜ਼ਾਮ ਕਰਨ ਦੀ ਹਦਾਇਤ ਕੀਤੀ ਗਈ ਹੈ ਤਾਂ ਜੋ ਬਾਰਿਸ਼ ਆਉਣ ਤੇ ਕਿਧਰੇ ਜਲ ਭਰਾਵ ਨਾ ਹੋਵੇ ਇਸ ਮੌਕੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਨੇ ਵਿਭਾਗਾਂ ਨੂੰ ਵੀ ਹਦਾਇਤ ਕੀਤੀ ਕਿ ਦਫਤਰਾਂ ਵਿੱਚ ਆਉਣ ਵਾਲੇ ਲੋਕਾਂ ਦੇ ਕੰਮ ਪਹਿਲ ਦੇ ਅਧਾਰ ਤੇ ਕੀਤੇ ਜਾਣ।

ਵਿਧਾਇਕ ਨੇ ਆਖਿਆ ਕਿ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਲੋਕਾਂ ਨੂੰ ਪਾਰਦਰਸ਼ੀ ਪ੍ਰਸ਼ਾਸਨ ਮੁਹਈਆ ਕਰਵਾਉਣ ਲਈ ਵਿਭਾਗਾਂ ਦੀ ਜਵਾਬਦੇਹੀ ਤੈਅ ਕੀਤੀ ਗਈ ਹੈ ਅਤੇ ਸਾਰੇ ਵਿਭਾਗ ਤਨਦੇਹੀ ਨਾਲ ਜਨ ਸੇਵਾ ਨੂੰ ਸਮਰਪਿਤ ਹੋ ਕੇ ਕੰਮ ਕਰਨ।

# ਕੇਂਦਰੀ ਮੰਤਰੀ ਵੱਲੋਂ ਸਰਸਵਤੀ ਨਦੀ ਦੇ ਘਾਟ ਦਾ ਦੌਰਾ



**ਸ਼ਾਹਬਾਦ ਮਾਰਕੰਡਾ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਰਾਜ ਮੰਤਰੀ ਐੱਸਪੀ ਬਘੇਲ ਨੇ ਕਿਹਾ ਕਿ ਇਹ ਮਾਣ ਵਾਲੀ ਗੱਲ ਹੈ ਕਿ ਸਰਸਵਤੀ ਬੋਰਡ ਸਰਸਵਤੀ ਨਦੀ ਨੂੰ ਮੁੜ ਸੁਰਜੀਤ ਕਰਨ ਦਾ ਕੰਮ ਕਰ ਰਿਹਾ ਹੈ। ਕੇਂਦਰੀ ਰਾਜ ਮੰਤਰੀ ਅੱਜ ਝਾਂਸਾ ਰੋਡ 'ਤੇ ਸਰਸਵਤੀ ਨਦੀ ਦੇ ਘਾਟ ਦਾ ਦੌਰਾ ਕਰਨ ਮੌਕੇ ਸੰਬੋਧਨ ਕਰ ਰਹੇ ਸਨ। ਉਨ੍ਹਾਂ ਨੇ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਅਤੇ ਮੌਜੂਦਾ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਸਰਸਵਤੀ ਨਦੀ ਨੂੰ ਮੁੜ ਸੁਰਜੀਤ ਕਰਨ 'ਤੇ ਵਧਾਈ ਦਿੱਤੀ। ਉਨ੍ਹਾਂ ਨੇ ਸਰਸਵਤੀ ਬੋਰਡ ਦੇ ਉਪ ਚੇਅਰਮੈਨ ਧੁੰਮਣ ਸਿੰਘ ਕਿਰਮਚ ਦੀ ਟੀਮ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਹੁਣ ਹਰਿਆਣਾ ਸਰਕਾਰ ਦੇ ਯਤਨਾਂ ਸਦਕਾ ਸਰਸਵਤੀ ਵਿਚ ਦੁਬਾਰਾ ਪਾਣੀ ਵਗ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਪ੍ਰਾਚੀਨ ਸੱਭਿਅਤਾ ਨੂੰ ਉਜਾਗਰ ਕਰ ਰਹੀ ਹੈ। ਉੱਤਰਾਖੰਡ, ਹਿਮਾਚਲ ਪ੍ਰਦੇਸ਼, ਹਰਿਆਣਾ, ਰਾਜਸਥਾਨ ਤੇ ਗੁਜਰਾਤ ਤੱਕ ਸਰਸਵਤੀ ਬੋਰਡ ਨਦੀ ਨੂੰ ਸੁਰਜੀਤ ਕਰਨ ਦੀ ਯੋਜਨਾ 'ਤੇ ਕੰਮ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਰੀਆਂ ਨਦੀਆਂ ਲਈ ਅਜਿਹੇ ਬੋਰਡ ਬਣਾਏ ਜਾਣੇ ਚਾਹੀਦੇ ਹਨ ਤਾਂ ਜੋ ਨਦੀਆਂ ਨੂੰ ਇਕ ਨਵੀਂ ਦਿਸ਼ਾ ਮਿਲ ਸਕੇ। ਉਪ ਪ੍ਰਧਾਨ ਧੁੰਮਣ ਸਿੰਘ ਕਿਰਮਚ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਾਰੀਆਂ ਨਦੀਆਂ ਨੂੰ ਜੋੜਨ ਦੀ ਕੋਸ਼ਿਸ਼ ਕੀਤੀ ਹੈ ਤੇ ਹਰਿਆਣਾ ਇਸ ਵਿਚ ਮੋਹਰੀ ਹੈ ਕਿਉਂਕਿ ਹੁਣ ਸਰਸਵਤੀ ਤੇ ਯਮੁਨਾ ਦੋਵੇਂ ਨਦੀਆਂ ਹਰਿਆਣਾ 'ਚ ਵਗ ਰਹੀਆਂ ਹਨ।

# ਪਿੰਡਾਂ ਸ਼ਹਿਰਾਂ ਕਸਬਿਆਂ ਦੀਆਂ ਔਰਤਾਂ ਨਸ਼ਿਆਂ ਵਿਰੁੱਧ ਲਾਮਬੰਦ ਹੋ ਕੇ ਅੱਗੇ ਆਉਣ : ਐਸ ਪੀ/ ਪੀ.ਬੀ.ਆਈ ਸਵਰਨਜੀਤ ਕੌਰ

**ਪਟਿਆਲਾ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵਲੋਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਹਿਯੋਗ ਅਤੇ ਡਾਇਰੈਕਟਰ ਜਨਰਲ ਆਫ਼ ਪੁਲਿਸ ਗੋਰਵ ਯਾਦਵ, ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ ਕਾਮਿਊਨਟੀ ਅਫੇਅਰ ਗੁਰਪ੍ਰੀਤ ਕੌਰ ਦਿਉਂ, ਡੀ ਆਈ ਜੀ ਪਟਿਆਲਾ ਰੇਂਜ ਡਾਕਟਰ ਨਾਨਕ ਸਿੰਘ, ਐਸ ਐਸ ਪੀ ਵਰੁਣ ਸ਼ਰਮਾ,ਐਸ ਪੀ ਹੈਡਕੁਆਰਟਰ - ਕਮ- ਜਿਲਾ ਕਮਾਊਨਟੀ ਅਫਸਰ ਵੈਭਵ ਚੋਧਰੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਕੀਤੇ ਜਾ ਰਹੇ ਕੰਮਾਂ ਦੀ ਜਾਣਕਾਰੀ ਜ਼ਿਲ੍ਹਾ ਸਾਝ ਕੇਂਦਰ ਪਟਿਆਲਾ ਦੇ ਇੰਚਾਰਜ ਸੁਖਜਿੰਦਰ ਸਿੰਘ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਨੇ ਐਸ ਪੀ /ਪੀ.ਬੀ.ਆਈ ਪਟਿਆਲਾ ਸਵਰਨਜੀਤ ਕੌਰ ਨੂੰ ਦਿੱਤੀ, ਇਸ ਮੌਕੇ ਐਸ ਆਈ ਜਸਵਿੰਦਰ ਸਿੰਘ,ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਵਰਿੰਦਰ ਸਿੰਘ ਖਰੋੜ,ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ,ਲੱਕੀ ਹਰਦਾਸਪੁਰ ਹਰਮਨਜੀਤ ਸਿੰਘ ਰੰਧਾਵਾ, ਭਿੰਦਰ ਜਲਵੇੜਾ,ਉਪਕਾਰ ਸਿੰਘ ਵੀ ਹਾਜ਼ਰ ਸਨ,ਇਸ ਮੌਕੇ ਐਸ ਪੀ ਪੀ .ਬੀ.ਆਈ ਪਟਿਆਲਾ ਸਵਰਨਜੀਤ ਕੌਰ ਨੇ ਕਿਹਾ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵਲੋਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਦੇ ਸਹਿਯੋਗ ਨਾਲ ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਵਲੋ ਮਾਨਯੋਗ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਜੀ ਅਤੇ ਡਾਇਰੈਕਟਰ ਜਨਰਲ ਆਫ਼ ਪੁਲਿਸ ਗੋਰਵ ਯਾਦਵ ਜੀ ਦੀ ਅਗਵਾਈ ਹੇਠ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪਬਲਿਕ ਨੂੰ ਸਕੂਲਾਂ, ਕਾਲਜਾਂ, ਯੂਨੀਵਰਸਿਟੀਆ, ਪਿੰਡਾਂ, ਸ਼ਹਿਰਾਂ ਕਸਬਿਆਂ ਵਿੱਚ ਜਾ ਕੇ ਨੋਜਵਾਨਾ ਅਤੇ ਪਬਲਿਕ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ ਜੋਂ ਕਿ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ, ਉਹਨਾਂ ਕਿਹਾ ਕਿ ਪੰਜਾਬ ਵਿਚੋਂ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਪਬਲਿਕ ਦਾ ਸਹਿਯੋਗ ਬਹੁਤ ਜ਼ਰੂਰੀ ਹੈ।

# ਚੋਰੀ ਦੇ ਦੋਸ਼ ਹੇਠ ਦੋ ਕਾਬੂ

**ਰਤੀਆ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਲੀਸ ਨੇ ਚੋਰੀ ਦੇ ਦੋਸ਼ ਹੇਠ ਦੋ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਨ੍ਹਾਂ ਦੀ ਪਛਾਣ ਸੰਦੀਪ ਉਰਫ਼ ਸਿੱਪੀ ਅਤੇ ਵਿਨੋਦ ਕੁਮਾਰ ਵਾਸੀਆਨ ਰਤੀਆ ਵਜੋਂ ਹੋਈ ਹੈ। ਪੁਲੀਸ ਨੇ ਮੁਲਜ਼ਮਾਂ ਦੇ ਕਬਜ਼ੇ ਵਿੱਚੋਂ 500 ਰੁਪਏ ਦੀ ਨਕਦੀ ਬਰਾਮਦ ਕੀਤੀ ਹੈ। ਪੁਲੀਸ ਅਨੁਸਾਰ ਦੋਵਾਂ ਮੁਲਜ਼ਮਾਂ ਨੂੰ ਅਦਾਲਤ ਨੇ ਨਿਆਂਇਕ ਹਿਰਾਸਤ ਵਿੱਚ ਹਿਸਾਰ ਜੇਲ੍ਹ ਭੇਜ ਦਿੱਤਾ ਹੈ। ਥਾਣਾ ਸਿਟੀ ਦੇ ਇੰਚਾਰਜ ਸਬ ਇੰਸਪੈਕਟਰ ਰਣਜੀਤ ਸਿੰਘ ਨੇ ਦੱਸਿਆ ਕਿ 25 ਜੂਨ ਨੂੰ ਟੋਹਾਣਾ ਦੇ ਕਰੰਡੀ ਵਾਸੀ ਸੁਦਰਸ਼ਨ ਸਿੰਘ ਵੱਲੋਂ ਲਿਖਤੀ ਸ਼ਿਕਾਇਤ ਦਿੱਤੀ ਗਈ ਸੀ।

# ਮੁੱਖ ਮੰਤਰੀ ਵੱਲੋਂ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਸਬੰਧੀ ਮਾਮਲਿਆਂ ਵਿੱਚ ਸਖ਼ਤ ਸਜ਼ਾ ਯਕੀਨੀ ਬਣਾਉਣ ਲਈ ਕਾਨੂੰਨ ਪੇਸ਼ ਕਰਨ ਦਾ ਐਲਾਨ

## ਸੂਬਾ ਸਰਕਾਰ ਵੱਲੋਂ ਕਾਨੂੰਨ ਬਣਾਉਣ ਤੋਂ ਪਹਿਲਾਂ ਸਾਰੇ ਭਾਈਵਾਲਾਂ ਨਾਲ ਕੀਤਾ ਜਾਵੇਗਾ ਸਲਾਹ-ਮਸ਼ਵਰਾ

**ਚੰਡੀਗੜ੍ਹ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਐਲਾਨ ਕੀਤਾ ਕਿ ਸੂਬਾ ਸਰਕਾਰ ਵੱਲੋਂ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਸਬੰਧੀ ਮਾਮਲਿਆਂ ਲਈ ਸਖ਼ਤ ਸਜ਼ਾ ਯਕੀਨੀ ਬਣਾਉਣ ਲਈ ਕਾਨੂੰਨ ਲਿਆਂਦਾ ਜਾਵੇਗਾ।

ਆਪਣੀ ਸਰਕਾਰੀ ਰਿਹਾਇਸ਼ ਵਿਖੇ ਅਧਿਕਾਰੀਆਂ ਅਤੇ ਸਰਬ ਧਰਮ ਬੇਅਦਬੀ ਰੋਕੋ ਕਾਨੂੰਨ ਮੋਰਚਾ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਮਹਾਨ ਗੁਰੂਆਂ, ਸੰਤਾਂ ਅਤੇ ਪੈਗੰਬਰਾਂ ਦੀ ਪਵਿੱਤਰ ਧਰਤੀ ਹੈ, ਜਿਨ੍ਹਾਂ ਨੇ ਸਮੁੱਚੀ ਦੁਨੀਆਂ ਨੂੰ ਆਪਸੀ ਪਿਆਰ ਅਤੇ ਸਹਿਣਸ਼ੀਲਤਾ ਦਾ ਰਸਤਾ ਦਿਖਾਇਆ ਹੈ। ਉਨ੍ਹਾਂ ਕਿਹਾ ਕਿ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਪੰਜਾਬ ਸਮਾਜਵਾਦ ਅਤੇ ਧਰਮ ਨਿਰਪੱਖਤਾ ਦੇ ਵਿਲੱਖਣ ਸੁਮੇਲ ਦੇ ਨਾਲ-ਨਾਲ ਫਿਰਕੂ ਸਦਭਾਵਨਾ, ਸ਼ਾਂਤੀ ਅਤੇ ਭਾਈਚਾਰੇ ਦਾ ਪ੍ਰਤੀਕ ਹੈ। ਭਗਵੰਤ ਸਿੰਘ ਮਾਨ ਨੇ ਦੁਹਰਾਇਆ ਕਿ ਸੂਬਾ ਸਰਕਾਰ ਬੇਅਦਬੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਲਈ ਮਿਸਾਲੀ ਸਜ਼ਾ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।



ਮੁੱਖ ਮੰਤਰੀ ਨੇ ਕਿਹਾ ਕਿ ਇੱਕ ਠੋਸ ਸੂਬਾਈ ਕਾਨੂੰਨ ਬਣਾਉਣ ਲਈ ਸਰਕਾਰ ਵੱਲੋਂ ਕਾਨੂੰਨੀ ਮਾਹਿਰਾਂ ਨਾਲ ਸਲਾਹ-ਮਸ਼ਵਰਾ ਕੀਤਾ ਜਾਵੇਗਾ ਤਾਂ ਜੋ ਅਪਰਾਧੀਆਂ ਨੂੰ ਸਖ਼ਤ ਸਜ਼ਾ ਯਕੀਨੀ ਬਣਾਈ ਜਾ ਸਕੇ। ਉਨ੍ਹਾਂ ਨੇ ਮੌਜੂਦਾ ਕਾਨੂੰਨੀ ਤਰੁੱਟੀਆਂ 'ਤੇ ਚਿੰਤਾ ਪ੍ਰਗਟ ਕੀਤੀ ਜੋ ਅਜਿਹੇ ਨਾ-ਮਾਫ਼ੀਯੋਗ ਅਪਰਾਧਾਂ ਦੇ ਦੋਸ਼ੀ ਵਿਅਕਤੀਆਂ ਨੂੰ ਆਜ਼ਾਦ ਘੁੰਮਣ ਦੀ ਆਗਿਆ ਦਿੰਦੀਆਂ ਹਨ। ਉਨ੍ਹਾਂ ਇਸ ਨੂੰ ਪੂਰੀ ਤਰ੍ਹਾਂ ਗੈਰ-ਵਾਜਬ ਅਤੇ ਅਸਵੀਕਾਰਨਯੋਗ ਦੱਸਿਆ।

ਹਰ ਇੱਕ ਲਈ ਨਿਆਂ ਨੂੰ ਯਕੀਨੀ ਬਣਾਉਣ ਪ੍ਰਤੀ ਆਪਣੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਬੇਅਦਬੀ ਦੀਆਂ ਘਟਨਾਵਾਂ ਵਿੱਚ ਸਿੱਧੇ ਜਾਂ ਅਸਿੱਧੇ ਤੌਰ 'ਤੇ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਮੁਲਜ਼ਮਾਂ ਨੂੰ ਮਿਸਾਲੀ ਸਜ਼ਾ ਦਿੱਤੀ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਯਕੀਨੀ ਬਣਾਉਣਾ ਸੂਬਾ ਸਰਕਾਰ ਦਾ ਫਰਜ਼ ਹੈ ਕਿ ਅਜਿਹੇ ਅਪਰਾਧਾਂ ਵਿੱਚ ਸ਼ਾਮਲ ਵਿਅਕਤੀਆਂ ਨੂੰ ਉਨ੍ਹਾਂ ਦੇ ਕੁਕਰਮਾਂ ਲਈ ਜਵਾਬਦੇਹ ਠਹਿਰਾਇਆ ਜਾਵੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਕਾਨੂੰਨ ਦਾ ਖਰੜਾ ਤਿਆਰ ਕਰਨ ਲਈ ਧਾਰਮਿਕ ਸੰਗਠਨਾਂ ਸਮੇਤ ਸਾਰੇ ਭਾਈਵਾਲਾਂ ਨਾਲ ਸਲਾਹ-ਮਸ਼ਵਰਾ ਕਰੇਗੀ ਅਤੇ ਉਨ੍ਹਾਂ ਦੇ ਵਿਚਾਰਾਂ ਨੂੰ ਕਾਨੂੰਨ ਵਿੱਚ ਸ਼ਾਮਲ ਕੀਤਾ ਜਾਵੇਗਾ।

ਮੁੱਖ ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਭਾਰਤੀ ਨਿਆਂ ਸੰਹਿਤਾ (ਬੀਐਨਐਸ) ਵਿੱਚ ਧਾਰਮਿਕ ਸਥਾਨਾਂ ਬਾਰੇ ਤਾਂ ਸਪੱਸ਼ਟ ਉਪਬੰਧ ਹਨ ਪਰ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਬਾਰੇ ਇਸ ਵਿੱਚ ਕੋਈ ਉਪਬੰਧ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕਿਉਂਕਿ ਇਹ ਵਿਸ਼ਾ ਸਮਵਰਤੀ ਸੂਚੀ ਦੇ ਅਧੀਨ ਆਉਂਦਾ ਹੈ।

ਇਸ ਲਈ ਰਾਜ ਕੋਲ ਅਜਿਹਾ ਕਾਨੂੰਨ ਬਣਾਉਣ ਦਾ ਅਧਿਕਾਰ ਹੈ ਅਤੇ ਇਸ ਲਈ ਕਾਨੂੰਨੀ ਰਾਏ ਲਈ ਜਾਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਮ ਲੋਕਾਂ ਦੀਆਂ ਭਾਵਨਾਵਾਂ ਨੂੰ ਸਮਝਦਿਆਂ ਇਹ ਪ੍ਰਕਿਰਿਆ ਜਲਦੀ ਹੀ ਪੂਰੀ ਕੀਤੀ ਜਾਵੇਗੀ ਅਤੇ ਇਸ ਮੁੱਦੇ ਉਤੇ ਜਲਦੀ ਕੈਬਨਿਟ ਮੀਟਿੰਗ ਵੀ ਸੱਦੀ ਜਾਵੇਗੀ।

# ਗਿਲਕੋ ਗਰੁੱਪ ਨੇ ਦੋ ਨਿੱਜੀ ਵੈਬ ਚੈਨਲਾਂ ਨੂੰ ਭੇਜੇ ਕਾਨੂੰਨੀ ਨੋਟਿਸ: ਰਣਜੀਤ ਸਿੰਘ ਗਿੱਲ



**ਖਰੜ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਦੋ ਨਿੱਜੀ ਵੈਬ ਚੈਨਲਾਂ ਵਲੋਂ ਆਪਣੇ ਪੇਜ਼ਾਂ ਤੇ ਗਿਲਕੋ ਗਰੁੱਪ ਦਾ ਅਕਸ ਖਰਾਬ ਕਰਨ, ਪੱਖ ਲਏ ਵਗੈਰ ਖਬਰਾਂ ਚਲਾਉਣ ਨੂੰ ਲੈ ਕੇ ਕਾਨੂੰਨੀ ਕਾਰਵਾਈ ਲਈ ਮਾਣਹਾਨੀ ਦੇ ਨੋਟਿਸ ਭੇਜੇ ਗਏ ਹਨ। ਜੇਕਰ ਇਹ ਦੋਵੇ ਵੈਬ ਚੈਨਲਾਂ ਵਲੋਂ 48 ਘੰਟੇ ਦੇ ਅੰਦਰ-ਅੰਦਰ ਵੀਡਿਓ ਨਹੀ ਹਟਾਉਦੇ ਅਤੇ ਪਬਲਿਕ ਤੌਰ ਤੇ ਉਨ੍ਹਾਂ ਪੇਜਾਂ ਤੇ ਹੀ ਮੁਆਫੀ ਨਹੀਂ ਮੰਗਦੇ ਤਾਂ ਅਸੀ ਅਗਲੀ ਕਾਨੂੰਨੀ ਕਾਰਵਾਈ ਕਰਾਂਗੇ, ਜੋ ਸਾਡੇ ਬਰਾਂਡ ਦਾ ਨੁਕਸਾਨ ਕੀਤਾ ਹੈ ਤਾਂ ਉਸਨੂੰ ਲੈ ਕੇ ਕੇਸ ਦਾਇਰ ਕਰਾਂਗੇ। ਇਹ ਪ੍ਰਗਟਾਵਾ ਗਿਲਕੋ ਗਰੁੱਪ ਦੇ ਖਰੜ ਸਥਿਤ ਦਫਤਰ ਵਿਚ ਗਿਲਕੋ ਗਰੁੱਪ ਦੇ ਰਣਜੀਤ ਸਿੰਘ ਗਿੱਲ ਵਲੋਂ ਪੱਤਰਕਾਰਾਂ ਨਾਲ ਗੱਲ ਕਰਦਿਆ ਕੀਤਾ। ਉਨ੍ਹਾਂ ਕਿਹਾ ਕਿ ਇੱਕ ਵੀਡਿਓ ਸੋਸਲ ਮੀਡੀਆਂ ਤੇ ਘੁੰਮ ਰਹੀ ਹੈ, ਕਿਵੇ ਗਿਲਕੋ ਗਰੁੱਪ ਬਿਨਾਂ ਕੋਈ ਪੱਖ ਲਏ, ਨਾਂ ਹੀ ਸਬੂਤ ਵੇਖੇ, ਆਪੇ ਹੀ ਜੱਜ ਬਣਕੇ ਸਾਡੇ ਤੇ ਫਰਾਡ ਦਾ ਠੱਪਾ ਲਾਇਆ ਹੈ, ਜੋ ਕਿ ਸਰਾਸਰ ਗਲਤ ਤੇ ਝੂਠ ਹੈ। ਉਨ੍ਹਾਂ ਸਪੱਸ਼ਟ ਕਰਦਿਆ ਕਿਹਾ ਕਿ ਗਿਲਕੋ ਗਰੁੱਪ ਦਾ 25 ਸਾਲ ਦਾ ਕੈਰੀਅਰ ਹੈ, ਪੰਜ ਹਜ਼ਾਰ ਪਰਿਵਾਰ ਰਹਿ ਰਿਹਾ ਹੈ, ਕੋਈ ਇੱਕ ਵੀ ਬੰਦਾ ਕਹਿ ਦੇਵੇ ਕਿ ਅਸੀ ਕਿਸੇ ਨਾਲ ਕੋਈ ਗਲਤ ਕੀਤਾ ਹੈ, ਲੋਕ ਗਿਲਕੋ ਗਰੁੱਪ ਬਰਾਂਡ ਤੇ ਮਾਣ ਕਰਦੇ ਹਨ। ਇਨ੍ਹਾਂ ਚੈਨਲਾਂ ਦਾ ਕੀ ਮਕਸਦ ਹੈ, ਕੀ ਮਨਸ਼ਾ ਹੈ, ਇਹ ਤਾਂ ਉਹ ਹੀ ਦੱਸ ਸਕਦੇ ਹਨ। ਉਨ੍ਹਾਂ ਕਿਹਾ ਕਿ ਇੱਕ ਵਿਅਕਤੀ ਜੋ ਵਾਰ ਵਾਰ ਕਹਿੰਦਾ ਹੈ ਕਿ ਉਹ ਐਨ.ਆਰ.ਆਈ ਹੈ, ਉਸ ਨਾਲ ਫਰਾਡ ਹੋਇਆ ਹੈ। ਉਨ੍ਹਾ ਅੱਗੇ ਕਿਹਾ ਕਿ ਇਸ ਵਿਅਕਤੀ ਵਲੋ ਗਿਲਕੋ ਗਰੁੱਪ ਤੋਂ ਸਾਲ 2012 ਵਿਚ ਤਿੰਨ ਪਲਾਟਾਂ ਖਰੀਦ ਕੀਤੇ ਗਏ ਸਨ ਜਿਨ੍ਹਾਂ ਦੀ ਰਜਿਸਟਰੀ ਕਰਵਾਈ ਅਤੇ ਕਬਜ਼ਾ ਮਾਲਕਾਨਾ ਮੌਕੇ ਤੇ ਕਰਵਾ ਕੇ ਪੈਮਾਇਸ ਵੀ ਕਰਵਾ ਦਿੱਤੀ ਗਈ ਸੀ । ਉਸ ਤੋਂ ਬਾਅਦ ਉਸਨੇ ਚਾਰ ਦੀਵਾਰੀ ਕੀਤੀ ਅਤੇ ਗੇਟ ਵੀ ਲਾ ਲਿਆ , ਸਾਲ 2017 ਵਿਚ 5 ਸਾਲ ਬਾਅਦ ਬਿਜਲੀ ਬੋਰਡ ਵਲੋਂ ਉਨ੍ਹਾਂ ਪਲਾਟਾਂ ਵਿਚੋ ਤਾਰ ਕੱਢ ਦਿੱਤੀ, ਤਾਂ ਗਿਲਕੋ ਦਾ ਕੀ ਕਸੂਰ ਹੈ, ਕਿਹੜਾ ਫਰਾਡ ਕੀਤਾ ਹੈ, ਬਾਅਦ ਵਿਚ ਆ ਕੇ ਕੋਈ ਕਬਜ਼ਾ ਕਰ ਲਵੇ ਜਾਂ ਕੋਈ ਤਾਰ ਕੱਢ ਦੇਵੇ ਤਾਂ ਗਿਲਕੋ ਦਾ ਕੀ ਰੋਲ ਹੈ। ਉਨ੍ਹਾਂ ਕਿਹਾ ਕਿ ਬਿਨ੍ਹਾਂ ਤੱਥਾਂ ਅਤੇ ਪੱਖ ਲਏ ਵਗੈਰ ਵੈਬ ਚੈਨਲਾਂ ਵਲੋਂ ਖਬਰ ਚਲਾਉਣ ਹੈ ਉਹ ਗਿਲਕੋ ਗਰੁੱਪ ਬਰਾਂਡ ਨੂੰ ਸੱਟ ਮਾਰੀ ਹੈ ਉਸ ਨਾਲ ਸਾਨੂੰ ਧੱਕਾ ਲੱਗਿਆ, ਕੀ ਮਕਸਦ ਹੈ, ਕਿਉਂ ਅਜਿਹਾ ਕੀਤਾ ਉਹ ਹੀ ਜਾਣਦੇ ਹਨ। ਉਨ੍ਹਾਂ ਕਿਹਾ ਕਿ ਪਲਾਟ ਖਰੀਦ ਕਰਨ ਵਾਲੇ ਨੇ ਵੀ ਬਿਜਲੀ ਦੀ ਤਾਰ ਨੂੰ ਲੈ ਕੇ ਅਦਾਲਤ ਵਿਚ ਪਹਿਲਾਂ ਹੀ ਆਪ ਖੁਦ ਕੇਸ ਪਾਇਆ ਹੋਇਆ ਹੈ।

ਦੂਸਰੇ ਪਾਸੇ ਦੂਸਰੀ ਧਿਰ ਦੇ ਮਨੀਸ਼ ਕੁਮਾਰ ਨੇ ਕਿਹਾ ਕਿ ਸਾਲ 2012 ਵਿਚ ਗਿਲਕੋ ਗਰੁੱਪ ਤੋਂ 250-250 ਦੇ 3 ਪਲਾਟ ਖਰੀਦ ਕੀਤੇ ਸਨ ਜਿਨ੍ਹਾਂ ਦੀ ਉਨ੍ਹਾਂ ਬਾਉਡਰੀ ਬਾਲ ਕਰਕੇ ਗੇਟ ਵੀ ਲਗਾਇਆ ਹੋਇਆ ਸੀ ਅਤੇ ਸਾਲ 2017 ਵਿਚ ਬਿਜਲੀ ਵਿਭਾਗ ਵਲੋ ਤਾਰ ਕੱਢਣ ਸਬੰਧੀ ਉਨ੍ਹਾਂ ਨੂੰ ਕੋਈ ਸੂਚਨਾ ਨਹੀ ਮਿਲੀ। ਜਦੋਂ ਬਿਜਲੀ ਵਿਭਾਗ ਨੇ ਤਾਰ ਕੱਢੀ ਤਾਂ ਉਨ੍ਹਾਂ ਨੂੰ ਬਾਉਡਰੀ ਬਾਲ ਕਿਉ ਨਹੀਂ ਦਿੱਖੀ। ਇਸ ਸਬੰਧੀ ਉਨ੍ਹਾਂ ਨੂੰ ਕਿਸੇ ਨੇ ਕੋਈ ਜਾਣਕਾਰੀ ਨਹੀ ਦਿੱਤੀ। ਹੁਣ ਨਾਂ ਤਾਂ ਨਗਰ ਕੌਸਲ ਪਰਮਿਸ਼ਨ ਦਿੰਦੀ ਅਤੇ ਬਿਜਲੀ ਬੋਰਡ ਮੀਟਰ ਨਹੀ ਲਗਾਉਦਾ ਹੈ। ਉਨ੍ਹਾਂ ਦੀ ਇਹ ਪ੍ਰਾਪਰਟੀ ਜੀਰੋ ਹੋ ਚੁੱਕੀ ਹੈ।

# ਮਜੀਠੀਆ ਨਾਲ ਮੇਰੇ ਵਿਚਾਰਧਾਰਕ ਵੱਖਰੇਵੇਂ ਹਨ ਤੇ ਰਹਿਣਗੇ, ਪਰ ਪਰਿਵਾਰ ਦੀ ਇੱਜ਼ਤ ਸਾਰਿਆਂ ਦੀ ਸਾਂਝੀ: ਕੁੰਵਰ ਵਿਜੈ ਪ੍ਰਤਾਪ

## 'ਆਪ' ਵਿਧਾਇਕ ਨੂੰ ਫੇਸਬੁੱਕ 'ਤੇ ਪਾਈ ਪੋਸਟ ਪਈ ਮਹਿੰਗੀ

**ਅੰਮ੍ਰਿਤਸਰ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਇਕ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਪਿਛਲੇ ਦਿਨੀਂ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੀ ਗ੍ਰਿਫਤਾਰੀ ਸਮੇਂ ਸਰਕਾਰ ਦੀ ਇਸ ਕਾਰਵਾਈ 'ਤੇ ਆਪਣੇ ਪ੍ਰਤੀਕਰਮ ਵਿਚ ਕਿਹਾ ਸੀ ਕਿ ਜਦੋਂ ਸ੍ਰੀ ਮਜੀਠੀਆ 2022 ਵਿੱਚ ਡਰੱਗ ਮਾਮਲੇ ਵਿੱਚ ਜੇਲ੍ਹ ਵਿੱਚ ਸੀ ਤਾਂ 'ਮਾਨ ਸਾਹਬ' ਦੀ ਸਰਕਾਰ ਨੇ ਪੁੱਛਗਿੱਛ ਤੱਕ ਨਹੀਂ ਕੀਤੀ, ਚਲਾਨ ਨਹੀਂ ਪੇਸ਼ ਕੀਤਾ ਅਤੇ ਜ਼ਮਾਨਤ ਕਰਵਾ ਦਿੱਤੀ। ਉਨ੍ਹਾਂ ਦੋਸ਼ ਲਾਇਆ ਸੀ ਕਿ ਬਰਗਾੜੀ ਬੇਅਦਬੀ ਦੇ ਇਨਸਾਫ਼ ਵੇਲੇ ਵੀ ਸਰਕਾਰ ਨੇ ਦੋਸ਼ੀ ਪਰਿਵਾਰ ਨਾਲ ਸਮਝੌਤਾ ਕਰ ਲਿਆ। ਦੱਸ ਦੇਈਏ ਕਿ ਕੁੰਵਰ ਵਿਜੈ ਪ੍ਰਤਾਪ ਸਿੰਘ ਨੂੰ ਆਪਣੇ ਇਸੇ ਪ੍ਰਤੀਕਰਮ ਕਾਰਨ ਹੀ ਪਾਰਟੀ ਵਿੱਚੋਂ ਪੰਜ ਸਾਲ ਲਈ ਮੁਅੱਤਲ ਕੀਤਾ ਗਿਆ ਹੈ। ਉਨ੍ਹਾਂ 'ਤੇ ਪਾਰਟੀ ਵਿਰੋਧੀ ਸਰਗਰਮੀਆਂ ਦਾ ਦੋਸ਼ ਲਾਇਆ ਗਿਆ ਹੈ।



ਅੰਮ੍ਰਿਤਸਰ ਉੱਤਰੀ ਹਲਕੇ ਤੋਂ ਵਿਧਾਇਕ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ 25 ਜੂਨ ਨੂੰ ਇਕ ਫੇਸਬੁੱਕ ਪੋਸਟ ਵਿਚ ਕਿਹਾ ਸੀ, "ਮਜੀਠੀਆ ਨਾਲ ਮੇਰੇ ਵਿਚਾਰਧਾਰਕ ਮਤਭੇਦ ਹਨ ਅਤੇ ਰਹੇਗਾ, ਪਰ ਪਰਿਵਾਰ ਦੀ ਇੱਜ਼ਤ ਸਾਰਿਆਂ ਦੀ ਸਾਂਝੀ ਹੁੰਦੀ ਹੈ, ਚਾਹੇ ਉਹ ਨੇਤਾ ਹੋਵੇ, ਅਭਿਨੇਤਾ ਹੋਵੇ, ਅਮੀਰ ਹੋਵੇ ਜਾਂ ਗਰੀਬ ਹੋਵੇ, ਦੋਸਤ ਹੋਵੇ ਜਾਂ ਦੁਸ਼ਮਣ। ਤੜਕੇ ਕਿਸੇ ਦੇ ਘਰ 'ਤੇ ਰੇਡ ਮਾਰਨਾ ਨੀਤੀ ਦੇ ਖਿਲਾਫ਼ ਹੈ।'' ਸਾਬਕਾ ਪੁਲੀਸ ਅਧਿਕਾਰੀ ਨੇ ਦੋਸ਼ ਲਾਇਆ ਸੀ ਕਿ ਹਰੇਕ ਸਰਕਾਰ ਨੇ ਪੁਲੀਸ ਤੇ ਵਿਜੀਲੈਂਸ ਦੀ ਆਪਣੇ ਫਾਇਦੇ ਲਈ ਵਰਤੋਂ ਕੀਤੀ, ਪਰ ਸਿੱਟਾ ਕੋਈ ਨਹੀਂ ਨਿਕਲਿਆ। 'ਆਪ' ਵਿਧਾਇਕ ਨੇ ਕਿਹਾ, "ਕਿਸੇ ਨਾਲ ਮੇਰਾ ਸਿਆਸੀ ਤੌਰ 'ਤੇ ਮਤਭੇਦ ਹੋ ਸਕਦਾ ਹੈ, ਵਿਚਾਰਧਾਰਕ ਵੱਖਰੇਵਾਂ ਹੋ ਸਕਦਾ ਹੈ, ਪਰ ਨੀਤੀ, ਧਰਮ ਤੇ ਦਿਆਨਤਦਾਰੀ ਦੀ ਗੱਲ ਹੋਵੇ ਤਾਂ ਚਰਚਾ ਕਰਨੀ ਲਾਜ਼ਮੀ ਹੋ ਜਾਂਦੀ ਹੈ।"

ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਫੇਸਬੁੱਕ ਪੋਸਟ ਵਿਚ ਅੱਗੇ ਕਿਹਾ, "ਜਦੋਂ ਮਜੀਠੀਆ ਕਾਂਗਰਸ ਸਰਕਾਰ ਵੇਲੇ ਦਰਜ ਹੋਏ ਮੁਕੱਦਮੇ ਵਿੱਚ ਜੇਲ੍ਹ ਵਿੱਚ ਸਨ ਤਾਂ ਮਾਨ ਸਰਕਾਰ ਨੇ ਕੋਈ ਰਿਮਾਂਡ ਨਹੀਂ ਲਿਆ ਅਤੇ ਕੋਈ ਪੁੱਛਗਿੱਛ ਨਹੀਂ ਕੀਤੀ ਗਈ, ਬਾਅਦ ਵਿੱਚ ਸਰਕਾਰੀ ਤੰਤਰ ਨੇ ਜ਼ਮਾਨਤ ਕਰਵਾ ਦਿੱਤੀ ਸੀ। ਹਾਈ ਕੋਰਟ ਨੇ ਇਸ ਆਧਾਰ 'ਤੇ ਜ਼ਮਾਨਤ ਦਿੱਤੀ ਕਿ ਜੇਕਰ ਪੁਲੀਸ ਨੂੰ ਪੁੱਛਗਿੱਛ ਵਾਸਤੇ ਲੋੜੀਂਦਾ ਨਹੀਂ ਹਨ ਤਾਂ ਕਸਟਡੀ ਵਿੱਚ ਰੱਖਣਾ ਕਾਨੂੰਨ ਖ਼ਿਲਾਫ਼ ਹੈ।"

ਉਨ੍ਹਾਂ ਕਿਹਾ, "ਜਦੋਂ ਮਜੀਠੀਆ ਕਸਟਡੀ ਵਿੱਚ ਸੀ ਤਾਂ ਸਰਕਾਰ ਨੇ ਜ਼ਮਾਨਤ ਕਰਵਾ ਦਿੱਤੀ ਤੇ ਹੁਣ ਨੋਟਿਸ ਜਾਰੀ ਕਰਕੇ ਪੁੱਛਗਿੱਛ ਕੀਤੀ ਜਾਂਦੀ ਹੈ ਤੇ ਅੱਜ ਘਰ 'ਤੇ ਰੇਡ ਕੀਤਾ ਜਾ ਰਿਹਾ ਹੈ ਅਤੇ ਬਹੁ-ਬੇਟੀ ਦੀ ਇੱਜ਼ਤ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ।"

# ਫੂਡ ਸੇਫ਼ਟੀ ਟੀਮ ਵੱਲੋਂ ਚੈਕਿੰਗ, ਖਾਣ-ਪੀਣ ਵਾਲੇ ਪਦਾਰਥਾਂ ਦੇ 7 ਸੈਂਪਲ ਭਰੇ

**ਜਲੰਧਰ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਖਾਣ-ਪੀਣ ਵਾਲੇ ਪਦਾਰਥਾਂ ਵਿੱਚ ਮਿਲਾਵਟ ਨੂੰ ਰੋਕਣ ਲਈ ਚੁੱਕੇ ਜਾ ਰਹੇ ਕਦਮਾਂ ਦੀ ਲੜੀ ਤਹਿਤ ਫੂਡ ਸੇਫ਼ਟੀ ਟੀਮ ਜਲੰਧਰ ਵੱਲੋਂ ਕਮਿਸ਼ਨਰ ਫੂਡ ਅਤੇ ਡਰੱਗ ਐਡਮਿਨਿਸਟ ?ੇਸ਼ਨ ਦਿਲਰਾਜ ਸਿੰਘ ਦੇ ਨਿਰਦੇਸ਼ਾਂ ਅਨੁਸਾਰ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਨਿਰੀਖਣ ਦੌਰਾਨ ਖਾਧ ਪਦਾਰਥਾਂ ਦੇ 7 ਸੈਂਪਲ ਭਰੇ ਗਏ।



ਸਹਾਇਕ ਕਮਿਸ਼ਨਰ ਫੂਡ ਡਾ. ਹਰਜੋਤ ਪਾਲ ਸਿੰਘ ਦੀ ਨਿਗਰਾਨੀ ਹੇਠ ਫੂਡ ਟੀਮ ਵੱਲੋਂ ਮਿੱਠੂ ਬਸਤੀ ਅਤੇ ਬਸਤੀ ਸ਼ੇਖ ਰੋਡ ਇਲਾਕਿਆਂ ਵਿੱਚ ਖਾਧ ਪਦਾਰਥਾਂ ਨਾਲ ਸਬੰਧਤ ਵੱਖ-ਵੱਖ ਅਦਾਰਿਆਂ ਦਾ ਨਿਰੀਖਣ ਕੀਤਾ ਗਿਆ। ਇਸ ਦੌਰਾਨ ਅਗਲੇਰੀ ਜਾਂਚ ਲਈ ਖਾਣ-ਪੀਣ ਵਾਲੇ ਪਦਾਰਥਾਂ ਦੇ 7 ਸੈਂਪਲ ਭਰੇ ਗਏ, ਜਿਨ੍ਹਾਂ ਵਿੱਚ ਖਾਣ ਵਾਲੇ ਤੇਲ, ਘਿਓ, ਟੀ-ਲੀਵਸ, ਪੇਠਾ ਆਦਿ ਸ਼ਾਮਲ ਹੈ।

ਇਸ ਦੌਰਾਨ ਟੀਮ ਵੱਲੋਂ ਖਾਧ ਪਦਾਰਥ ਵੇਚਣ ਵਾਲਿਆਂ ਨੂੰ ਆਪਣੀ ਸਾਲਾਨਾ ਆਮਦਨ ਅਨੁਸਾਰ ਫੂਡ ਸੇਫ਼ਟੀ ਐਕਟ ਅਧੀਨ ਲਾਇਸੈਂਸ ਪ੍ਰਾਪਤ ਕਰਨ ਲਈ ਜਾਗਰੂਕ ਵੀ ਕੀਤਾ ਗਿਆ। ਸਹਾਇਕ ਕਮਿਸ਼ਨਰ ਨੇ ਕਿਹਾ ਕਿ ਸ਼ਹਿਰ ਵਾਸੀਆਂ ਲਈ ਸੁਰੱਖਿਅਤ ਅਤੇ ਮਿਆਰੀ ਭੋਜਨ ਪਦਾਰਥ ਯਕੀਨੀ ਬਣਾਉਣ ਲਈ ਇਹ ਜਾਂਚ ਮੁਹਿੰਮ ਭਵਿੱਖ ਵਿੱਚ ਵੀ ਜਾਰੀ ਰਹੇਗੀ।

# ਲਾਲ ਚੰਦ ਕਟਾਰੂਚੱਕ ਵੱਲੋਂ ਪੰਜਾਬ ਰਾਜ ਖ਼ੁਰਾਕ ਕਮਿਸ਼ਨ ਦੇ ਮੈਂਬਰ ਵਜੋਂ ਨਿਯੁਕਤੀ 'ਤੇ ਜਸਵੀਰ ਸਿੰਘ ਸੇਖੋਂ ਨੂੰ ਵਧਾਈ

**ਚੰਡੀਗੜ੍ਹ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਸੂਬਾ ਸਰਕਾਰ ਵੱਲੋਂ ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਮੈਂਬਰ ਵਜੋਂ ਸ੍ਰੀ ਜਸਵੀਰ ਸਿੰਘ ਸੇਖੋਂ ਦੀ ਨਿਯੁਕਤੀ 'ਤੇ ਉਨ੍ਹਾਂ ਨੂੰ ਵਧਾਈ ਦਿੱਤੀ ਹੈ। ਜਸਵੀਰ ਸਿੰਘ ਸੇਖੋਂ ਨੂੰ ਵਧਾਈ ਦਿੰਦਿਆਂ ਕੈਬਨਿਟ ਮੰਤਰੀ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਸ੍ਰੀ ਸੇਖੋਂ ਪੰਜਾਬ ਸਰਕਾਰ ਵੱਲੋਂ ਉਨ੍ਹਾਂ



'ਚ ਜਤਾਏ ਗਏ ਵਿਸ਼ਵਾਸ 'ਤੇ ਖਰੇ ਉਤਰਨਗੇ ਅਤੇ ਇਹ ਯਕੀਨੀ ਬਣਾਉਣਗੇ ਕਿ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਵੱਲੋਂ ਸ਼ੁਰੂ ਕੀਤੀਆਂ ਗਈਆਂ ਯੋਜਨਾਵਾਂ ਸਮਾਜ ਦੇ ਸਾਰੇ ਵਰਗਾਂ, ਖਾਸ ਕਰਕੇ ਖੇਤੀਬਾੜੀ ਖੇਤਰ ਨਾਲ ਜੁੜੇ ਲੋਕਾਂ ਤੱਕ ਸੁਚਾਰੂ ਢੰਗ ਨਾਲ ਪਹੁੰਚਣ ਕਿਉਂਕਿ ਉਹ ਖਰੀਦ ਪ੍ਰਕਿਰਿਆਵਾਂ ਦਾ ਮੁੱਖ ਹਿੱਸਾ ਹੈ।

ਜ਼ਿਕਰਯੋਗ ਹੈ ਕਿ ਸ੍ਰੀ ਸੇਖੋਂ ਨੂੰ ਕੌਮੀ ਖੁਰਾਕ ਸੁਰੱਖਿਆ ਐਕਟ (ਸੈਂਟਰਲ ਐਕਟ 20 ਆਫ 2013), 2013 ਦੀ ਧਾਰਾ 16 ਤਹਿਤ ਕਮਿਸ਼ਨ ਦੇ ਮੈਂਬਰ ਵਜੋਂ ਨਿਯੁਕਤ ਕੀਤਾ ਗਿਆ ਹੈ।

# ਸੰਨੀ ਪੁਲਿਸ ਚੌਕੀ ਖਰੜ ਵਲੋਂ 36 ਬੋਤਲਾਂ ਸਮੇਤ ਇੱਕ ਗ੍ਰਿਫਤਾਰ

**ਖਰੜ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲ੍ਹਾ ਪੁਲਿਸ ਮੁੱਖੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਮਾੜੇ ਅਨਸਰਾਂ ਦੇ ਖਿਲਾਫ ਚਲਾਈ ਮੁਹਿੰਮ ਤਹਿਤ ਸੰਨੀ ਇਨਕਲੇਵ ਪੁਲਿਸ ਚੌਕੀ ਖਰੜ ਵਲੋਂ ਇੱਕ ਵਿਅਕਤੀ ਨੂੰ 36 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਗ੍ਰਿਫਤਾਰ ਕੀਤਾ ਹੈ ਅਤੇ ਇਹ ਸਰਾਬ ਚੰਡੀਗੜ੍ਹ ਵਿਚ ਵਿਕਣਯੋਗ ਹੈ। ਪੁਲਿਸ ਚੌਕੀ ਦੇ ਇੰਚਾਰਜ਼ ਸੀ.ਐਸ. ਰਾਮੇਵਾਲ ਨੇ ਦਸਿਆ ਕਿ ਪੁਲਿਸ ਪਾਰਟੀ ਮੁੰਡੀ ਖਰੜ ਸਥਿਤ ਪੈਟਰੋਲ ਪੰਪ ਪਾਸ ਮੌਜੂਦ ਸੀ ਕਿ ਸ਼ੱਕੀ ਪੁਰਸ਼ਾਂ ਅਤੇ ਵਹੀਕਲਾਂ ਦੀ ਚੈਕਿੰਗ ਕਰ ਰਹੇ ਸਨ ਕਿ ਇੱਕ ਮੋਟਰ ਸਵਾਰ ਵਿਅਕਤੀ ਮੁੰਡੀ ਖਰੜ ਵੱਲ ਨੂੰ ਆਉਦੇ ਦਿਖਾਈ ਦਿੱਤੇ ਜੋ ਅੱਗੋ ਪੁਲਿਸ ਦੀ ਨਾਕਾਬੰਦੀ ਵੇਖ ਕੇ ਪਿੱਛੋ ਮੁੜਨ ਲੱਗਾ ਜਿਸਨੂੰ ਪੁਲਿਸ ਪਾਰਟੀ ਵਲੋਂ ਸਾਥੀ ਕਰਮਚਾਰੀਆਂ ਦੀ ਮਦੱਦ ਨਾਲ ਕਾਬੂ ਕੀਤਾ। ਜਿਸਦੀ ਪਹਿਚਾਣ ਮੁਹੰਮਦ ਜੂਲਫਕਾਰ ਵਜੋ ਹੋਈ ਉਸਦੇ ਮੋਟਰ ਸਾਇਕਲ ਦੇ ਅੱਗੇ ਟੈਕੀ ਤੇ ਇੱਕ ਪਿੱਠੂ ਬੈਗ ਬਰਾਮਦ ਕੀਤਾ ਗਿਆ ਜਿਸ ਵਿਚੋ 36 ਬੋਤਲਾਂ ਫਾਰ ਇਨ ਸੇਲ ਚੰਡੀਗੜ੍ਹ ਮਾਰਕਾ ਟੈਗੋ ਸੰਤਰਾ ਨਜਾਇਜ਼ ਬਰਾਮਦ ਕੀਤੀ ਗਈ। ਪੁਲਿਸ ਵਲੋਂ ਆਬਕਾਰੀ ਤੇ ਕਰ ਵਿਭਾਗ ਦੇ ਇੰਸਪੈਕਟਰ ਵਿਕਾਸ ਕੁਮਾਰ ਨੂੰ ਵੀ ਸੂਚਨਾ ਦਿੱਤੀ ਗਈ। ਪੁਲਿਸ ਵਲੋਂ ਕਥਿਤ ਮੁਲਜ਼ਮ ਦੇ ਖਿਲਾਫ ਐਕਸਾਈਜ਼ ਐਕਟ ਤਹਿਤ ਮਾਮਲਾ ਦਰਜ਼ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਫਾਜ਼ਿਲਕਾ ਪੁਲਿਸ ਵੱਲੋਂ ਨਸ਼ਿਆਂ ਖ਼ਿਲਾਫ਼ ਮੁਹਿੰਮ ਤਹਿਤ ਇਕ ਹੋਰ ਨਸ਼ਾ ਤਸਕਰ ਦੇ ਘਰ ਨੂੰ ਢਹਿ ਢੇਰੀ



**ਫਾਜ਼ਿਲਕਾ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਗੌਰਵ ਯਾਦਵ ਆਈ.ਪੀ.ਐਸ., ਡਾਇਰੈਕਟਰ ਜਨਰਲ ਆਫ਼ ਪੁਲਿਸ, ਪੰਜਾਬ; ਸ੍ਰੀ ਹਰਮਨਬੀਰ ਸਿੰਘ ਗਿੱਲ ਆਈ.ਪੀ.ਐਸ., ਡੀ.ਆਈ.ਜੀ. ਫਿਰੋਜ਼ਪੁਰ ਰੇਂਜ; ਅਤੇ ਸ੍ਰੀ ਗੁਰਮੀਤ ਸਿੰਘ, ਸੀਨੀਅਰ ਕਪਤਾਨ ਪੁਲਿਸ, ਫਾਜ਼ਿਲਕਾ ਜੀ ਦੇ ਦਿਸ਼ਾ-ਨਿਰਦੇਸ਼ਾਂ ਹੇਠ ਫਾਜ਼ਿਲਕਾ ਪੁਲਿਸ ਵੱਲੋਂ ਨਸ਼ਿਆਂ ਖ਼ ?ਲਾਫ਼ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਦੌਰਾਨ ਇੱਕ ਹੋਰ ਵੱਡੀ ਕਾਰਵਾਈ ਕੀਤੀ ਗਈ।

ਥਾਣਾ ਅਰਨੀਵਾਲਾ ਦੇ ਤਹਿਤ ਆਉਂਦੇ ਪਿੰਡ ਟਾਹਲੀਵਾਲਾ ਬੋਦਲਾ ਵਿੱਚ ਨਸ਼ਾ ਤਸਕਰ ਪ੍ਰਵੀਨ ਰਾਣੀ 0 ਰਵੀਨਾ ਪੁੱਤਰੀ ਚੀਮਨ ਲਾਲ ਵਾਸੀ ਤਾਹਲੀਵਾਲਾ ਬੋਦਲਾ ਦੇ ਘਰ ਨੂੰ ਢਾਹ ਦਿੱਤਾ ਗਿਆ। ਇਹ ਮਹਿਲਾ ਨਸ਼ਾ ਤਸਕਰੀ ਦੇ ਗੈਰਕਾਨੂੰਨੀ ਧੰਦੇ ਵਿੱਚ ਲਗਾਤਾਰ ਸ਼ਾਮਲ ਸੀ ਅਤੇ ਉਸ ਵਿਰੁੱਧ ਪਹਿਲਾਂ ਹੀ ਨਿਮਨਲਿਖਤ ਮਾਮਲੇ ਦਰਜ ਹਨ:

1. 69R ਨੰਬਰ 24 ਮਿਤੀ 07.03.2025, ਅਧੀਨ ਧਾਰਾ 21 NDPS Act, ਥਾਣਾ ਅਰਨੀਵਾਲਾ
2. 69R ਨੰਬਰ 98 ਮਿਤੀ 27.09.2023, ਅਧੀਨ ਧਾਰਾ 379, 411 IPC, ਥਾਣਾ ਅਰਨੀਵਾਲਾ

ਪ੍ਰਵੀਨ ਰਾਣੀ ਨੇ ਗੈਰਕਾਨੂੰਨੀ ਢੰਗ ਨਾਲ ਨਸ਼ਾ ਵੇਚਣ ਅਤੇ ਚੋਰੀ ਦਾ ਸਮਾਨ ਰੱਖਣ ਜਿਹੇ ਗੰਭੀਰ ਅਪਰਾਧ ਕੀਤੇ ਹਨ। ਸਿਵਲ ਪ੍ਰਸ਼ਾਸਨ ਵੱਲੋਂ ਮੰਗ ਕੀਤੀ ਜਾਣ ਉਪਰੰਤ, ਪੁਲਿਸ ਵੱਲੋਂ ਮੌਕੇ 'ਤੇ ਪੁੱਜ ਕੇ ਨਜਾਇਜ਼ ਢੰਗ ਨਾਲ ਬਣੇ ਹੋਏ ਉਸ ਦੇ ਘਰ ਨੂੰ ਢਾਹੁਣ ਦੀ ਕਾਰਵਾਈ ਅਮਲ ਵਿਚ ਲਿਆਂਦੀ ਗਈ।

ਐਸ.ਐਸ.ਪੀ. ਫਾਜ਼ਿਲਕਾ ਸ੍ਰੀ ਗੁਰਮੀਤ ਸਿੰਘ ਜੀ ਨੇ ਕਿਹਾ ਕਿ ਨਸ਼ਾ ਤਸਕਰਾਂ ਖ਼ਿਲਾਫ਼ ਇਹ ਜੰਗ ਅਜੇ ਠਹਿਰੀ ਨਹੀਂ। ਕਿਸੇ ਵੀ ਨਸ਼ਾ ਤਸਕਰ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਅਜਿਹੀਆਂ ਢਹਿ ਕਾਰਵਾਈਆਂ ਅੱਗੇ ਵੀ ਜਾਰੀ ਰਹਿਣਗੀਆਂ।

ਫਾਜ਼ਿਲਕਾ ਪੁਲਿਸ ਵੱਲੋਂ ਨਸ਼ਿਆਂ ਖ਼ ?ਲਾਫ਼ ਚਲ ਰਹੀ ਜੰਗ ਵਿਚ ਨਸ਼ਾ ਵੇਚਣ ਵਾਲਿਆਂ ਨੂੰ ਕਾਬੂ ਕਰਨਾ ਹੀ ਨਹੀਂ, ਸਗੋਂ ਨਸ਼ਾ ਕਰਨ ਵਾਲੇ ਨੌਜਵਾਨਾਂ ਨੂੰ ਵੀ ਨਵੀਂ ਜ਼ਿੰਦਗੀ ਦੇਣ ਲਈ ਉਨ੍ਹਾਂ ਨੂੰ ਨਸ਼ਾ ਛੁਡਾਊ ਕੇਂਦਰਾਂ 'ਚ ਭਰਤੀ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦਾ ਇਲਾਜ ਮੁਫ਼ਤ ਕੀਤਾ ਜਾ ਰਿਹਾ ਹੈ ਅਤੇ ਸਿਹਤ ਵਿਭਾਗ ਵੱਲੋਂ ਹਰ ਤਰ੍ਹਾਂ ਦੀ ਸਹੂਲਤ ਉਪਲੱਬਧ ਕਰਵਾਈ ਜਾ ਰਹੀ ਹੈ।

ਫਾਜ਼ਿਲਕਾ ਪੁਲਿਸ ਵੱਲੋਂ ਆਮ ਲੋਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਵੀ ਇਸ ਯੁੱਧ ਵਿੱਚ ਸਾਡਾ ਸਾਥ ਦੇਣ। ਜੇਕਰ ਤੁਹਾਡੇ ਆਸ-ਪਾਸ ਕਿਸੇ ਵੀ ਵਿਅਕਤੀ ਵੱਲੋਂ ਨਸ਼ਾ ਵੇਚਣ ਜਾਂ ਖਰੀਦਣ ਦੀ ਗਤੀਵਿਧੀ ਦਿਖਾਈ ਦਿੰਦੀ ਹੈ, ਤਾਂ ਤੁਰੰਤ ਸੂਚਨਾ ਫਾਜ਼ਿਲਕਾ ਕੰਟਰੋਲ ਰੂਮ ਨੰਬਰ 85588-00900 ਜਾਂ Safe Punjab ਚੈਟਬੋਟ ਨੰਬਰ 97791-00200 ਤੇ ਦਿੱਤੀ ਜਾ ਸਕਦੀ ਹੈ। ਸੂਚਨਾ ਦੇਣ ਵਾਲੇ ਦਾ ਨਾਂਮ ਪਤਾ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਵੇਗਾ। ਆਓ ਅੱਗੇ ਵਧੀਏ, ਨਸ਼ਾ ਮੁਕਤ ਪੰਜਾਬ ਵੱਲ। ਜਿੱਤ ਸੱਚ ਦੀ ਹੋਵੇਗੀ, ਹਾਰ ਨਸ਼ਿਆਂ ਦੀ।

# ਪੰਜਾਬ ਸਰਕਾਰ ਸਾਫ ਨੀਅਤ ਅਤੇ ਨੀਤੀ ਨਾਲ ਕੰਮ ਕਰਨ ਲਈ ਵਚਨਵੱਧ ਤੇ ਯਤਨਸ਼ੀਲ : ਸੁਖਬੀਰ ਸਿੰਘ ਮਾਈਸਰਖਾਨਾ



**ਬਠਿੰਡਾ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ੍ਰ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਪੰਜਾਬ ਅੰਦਰ ਵਿਕਾਸ ਕਾਰਜ਼ਾ ਦੀ ਲੜੀ ਨੂੰ ਨਿਰੰਤਰ ਜਾਰੀ ਰੱਖਣ ਦੇ ਲਈ ਵਚਨਵੱਧ ਅਤੇ ਯਤਨਸ਼ੀਲ ਹੈ। ਇਹਨਾਂ ਗੱਲਾਂ ਦਾ ਪ੍ਰਗਟਾਵਾ ਵਿਧਾਇਕ ਮੌੜ ਸ. ਸੁਖਬੀਰ ਸਿੰਘ ਮਾਈਸਰਖਾਨਾ ਨੇ ਆਮ ਆਦਮੀ ਪਾਰਟੀ ਹਲਕਾ ਮੌੜ ਦੇ ਸਮੂਹ ਵਰਕਰਾਂ, ਆਹੁਦੇਦਾਰਾਂ ਨਾਲ ਵਿਸ਼ੇਸ਼ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੀਤਾ।

ਇਸ ਮੌਕੇ ਵਿਧਾਇਕ ਸ. ਸੁਖਬੀਰ ਸਿੰਘ ਮਾਈਸਰਖਾਨਾ ਨੇ ਕਿਹਾ ਕਿ ਸੂਬਾ ਸਰਕਾਰ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਲਈ ਲਗਾਤਾਰ ਹੰਬਲੇ ਮਾਰ ਰਹੀ ਹੈ। ਉਹਨਾਂ ਇਹ ਵੀ ਕਿਹਾ ਕਿ ਪੰਜਾਬ ਰਾਜ ਚੋਂ ਨਸ਼ਿਆਂ ਦੇ ਮੁਕੰਮਲ ਖ਼ਾਤਮੇ ਲਈ ਸਰਕਾਰ ਵੱਲੋਂ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਲੜੀ ਦੇ ਤਹਿਤ ਕਿਸੇ ਵੀ ਨਸ਼ਾ ਤਸਕਰ ਨੂੰ ਬਖਸ਼ਿਆ ਨਹੀਂ ਜਾ ਰਿਹਾ। ਇਸ ਮੌਕੇ ਉਹਨਾਂ ਇਹ ਵੀ ਕਿਹਾ ਕਿ ਸਰਕਾਰ ਵੱਲੋਂ ਚਲਾਈ ਗਈ ਮੁਹਿੰਮ ਜ਼ੀਰੋ ਟਾਲਰੈਂਸ ਤਹਿਤ ਭ੍ਰਿਸਟਾਚਾਰੀਆਂ ਖਿਲਾਫ਼ ਲਗਾਤਾਰ ਕਾਰਵਾਈਆਂ ਅਮਲ ਵਿੱਚ ਲਿਆਂਦੀਆਂ ਜਾ ਰਹੀਆਂ ਹਨ।

ਇਸ ਮੌਕੇ ਵਿਧਾਇਕ ਸ੍ਰੀ ਸੁਖਬੀਰ ਸਿੰਘ ਮਾਈਸਰਖਾਨਾ ਨੇ ਕਿਹਾ ਕਿ ਪਾਰਟੀ ਦੇ ਕਾਰਜਕਾਲ ਦੌਰਾਨ ਹਰ ਵਰਕਰ ਨੇ ਆਪਣੀ ਭੂਮਿਕਾ ਇਮਾਨਦਾਰੀ ਅਤੇ ਨਿਸ਼ਠਾ ਨਾਲ ਨਿਭਾਈ ਹੈ। ਉਹਨਾਂ ਉਮੀਦ ਜਤਾਈ ਕਿ ਉਹ ਅੱਗੇ ਵੀ ਇਸੇ ਤਰ੍ਹਾਂ ਪਾਰਟੀ ਪ੍ਰਤੀ ਆਪਣੀਆਂ ਸ਼ਾਨਦਾਰ ਸੇਵਾਵਾਂ ਨਿਭਾਉਂਦੇ ਰਹਿਣਗੇ।

ਇਸ ਮੌਕੇ ਆਮ ਆਦਮੀ ਪਾਰਟੀ ਹਲਕਾ ਮੌੜ ਦੇ ਸਮੂਹ ਸਰਪੰਚ, ਪੰਚ, ਅਹੁਦੇਦਾਰ, ਵਰਕਰ, ਪਿੰਡ ਪ੍ਰਧਾਨ, ਬੂਥ ਪ੍ਰਧਾਨ ਅਤੇ ਬੂਥ ਕਮੇਟੀਆਂ ਦੇ ਮੈਂਬਰ ਤੇ ਹੋਰ ਪ੍ਰਮੁੱਖ ਸ਼ਖਸ਼ੀਅਤਾਂ ਆਦਿ ਹਾਜ਼ਰ ਰਹੀਆਂ।

# ਖਾਲੀ ਪਏ ਪਲਾਟਾਂ ਵਿਚੋਂ ਕੂੜੇ-ਕਰਕਟ ਦੇ ਢੇਰ, ਮੀਂਹ ਦੇ ਰੁਕੇ ਹੋਏ ਗੰਦੇ ਪਾਣੀ ਦੀ ਤੁਰੰਤ ਸਾਫ-ਸਫਾਈ ਕਰਵਾਉਣ ਪਲਾਟਾਂ ਦੇ ਮਾਲਕ/ ਕਾਬਜ

**ਮੋਗਾ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲ੍ਹਾ ਮੈਜਿਸਟਰੇਟ-ਕਮ-ਡਿਪਟੀ ਕਮਿਸ਼ਨਰ ਮੋਗਾ ਸ੍ਰੀ ਸਾਗਰ ਸੇਤੀਆ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਮੋਗਾ ਦੀ ਹਦੂਦ ਅੰਦਰ ਨਿੱਜੀ ਕਬਜ਼ੇ/ ਮਾਲਕੀ ਵਾਲੇ ਖਾਲੀ ਪਏ ਪਲਾਟਾਂ ਵਿੱਚ ਕੂੜੇ-ਕਰਕਟ, ਗੰਦਗੀ ਅਤੇ ਗੰਦੇ ਪਾਣੀ ਦੇ ਇਕੱਠੇ ਹੋਣ ਤੋਂ ਰੋਕਣ ਲਈ ਅਹਿਮ ਆਦੇਸ਼ ਜਾਰੀ ਕੀਤੇ ਹਨ।

ਇਸ ਬਾਰੇ ਜਾਣਕਾਰੀ ਦਿੰਦਿਆਂ ਜਿਲ੍ਹਾ ਮੈਜਿਸਟ ?ਰੇਟ-ਕਮ- ਡਿਪਟੀ ਕਮਿਸ਼ਨਰ ਮੋਗਾ ਸ੍ਰੀ ਸਾਗਰ ਸੇਤੀਆ ਨੇ ਦੱਸਿਆ ਕਿ ਸ਼ਹਿਰ ਵਿੱਚ ਖਾਲੀ ਪਏ ਪਲਾਟਾਂ ਦੇ ਮਾਲਕ/ ਕਾਬਜ਼ ਆਪਣੇ ਖਾਲੀ ਪਲਾਟਾਂ ਵਿੱਚ ਲੱਗੇ ਕੂੜੇ-ਕਰਕਟ ਦੇ ਢੇਰ, ਗੰਦਗੀ ਅਤੇ ਮੀਂਹ ਦੇ ਰੁਕੇ ਹੋਏ ਗੰਦੇ ਪਾਣੀ ਦੀ ਤੁਰੰਤ ਸਾਫ-ਸਫਾਈ ਆਪਣੇ ਪੱਧਰ ਤੇ ਕਰਵਾਉਣੀ ਯਕੀਨੀ ਬਨਾਉਣਗੇ। ਆਪਣੀ ਮਾਲਕੀ/ ਕਬਜ਼ੇ ਵਾਲੇ ਖਾਲੀ ਪਲਾਟਾਂ ਦੇ ਆਲੇ-ਦੁਆਲੇ ਪੱਕੀ ਚਾਰ-ਦੀਵਾਰੀ ਜਾਂ ਫੈਂਸਿੰਗ ਕਰਵਾਉਣੀ ਯਕੀਨੀ ਬਣਾਈ ਜਾਵੇ ਜਾਂ ਪਲਾਟ ਵਿੱਚ ਕੂੜਾ-ਕਰਕਟ ਇਕੱਠਾ ਹੋਣ ਤੋਂ ਰੋਕਿਆ ਜਾਵੇ।

ਉਹਨਾਂ ਕਿਹਾ ਕਿ ਸ਼ਹਿਰ ਵਿੱਚ ਜਗ ?ਹਾ-ਜਗ ?ਹਾ ਤੇ ਵੱਖ-ਵੱਖ ਵਿਅਕਤੀਆਂ ਦੀ ਮਾਲਕੀ/ ਕਬਜ਼ੇ ਅਧੀਨ ਖਾਲੀ ਪਏ ਪਲਾਟਾਂ ਵਿੱਚ ਕੂੜਾ-ਕਰਕਟ, ਗੰਦਗੀ ਅਤੇ ਗੰਦਾ ਪਾਣੀ ਇਕੱਠਾ ਹੁੰਦਾ ਰਹਿੰਦਾ ਹੈ, ਜਿਸ ਨਾਲ ਕਈ ਤਰ੍ਹਾਂ ਦੇ ਨੁਕਸਾਨਦਾਇਕ ਜੀਵ-ਜੰਤੂ ਪੈਦਾ ਹੁੰਦੇ ਹਨ, ਜੋ ਵੱਖ-ਵੱਖ ਪ੍ਰਕਾਰ ਦੀਆਂ ਬਿਮਾਰੀਆਂ ਜਿਵੇਂ ਡੇਂਗੂ, ਮਲੇਰੀਆ, ਚਿਕਨਗੁਨੀਆਂ ਆਦਿ ਫੈਲਾਉਂਦੇ ਹਨ। ਇਸ ਤਰ੍ਹਾਂ ਬਿਮਾਰੀਆਂ ਨੂੰ ਫੈਲਣ ਤੋਂ ਰੋਕਣ ਲਈ ਇਹਨਾਂ ਖਾਲੀ ਪਏ ਪਲਾਟਾਂ ਦੀ ਸਾਫ-ਸਫਾਈ ਹੋਣੀ ਜ਼ਰੂਰੀ ਹੈ।

ਉਹਨਾਂ ਕਿਹਾ ਕਿ ਕਮਿਸ਼ਨਰ ਨਗਰ ਨਿਗਮ ਮੋਗਾ -ਕਮ- ਵਧੀਕ ਡਿਪਟੀ ਕਮਿਸਨਰ (ਜ) ਮੋਗਾ ਅਤੇ ਸਮੂਹ ਕਾਰਜ ਸਾਧਕ ਅਫਸਰ, ਨਗਰ ਕੌਂਸਲਜ਼/ ਨਗਰ ਪੰਚਾਇਤਾਂ ਆਪਣੇ-ਆਪਣੇ ਅਧਿਕਾਰ ਖੇਤਰ ਵਿੱਚ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਰਾਹੀਂ ਜਾਰੀ ਇਹਨਾਂ ਹੁਕਮਾਂ ਦੀ ਪਾਲਣਾ, ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ-1976 ਐਨਵਾਇਰਮੈਂਟ (ਪ੍ਰੋਟੈਕਸ਼ਨ) ਐਕਟ-1986 ਅਤੇ ਮਿਉਂਸਪਲ ਸਾਲਿਡ ਵੇਸਟ ( ਮੈਨੇਜਮੈਂਟ ਐਂਡ ਹੈਂਡਲਿੰਗ) ਰੂਲਜ-2016 ਅਧੀਨ ਪ੍ਰਾਪਤ ਅਧਿਕਾਰਾਂ ਤਹਿਤ ਕਰਵਾਉਣੀ ਯਕੀਨੀ ਬਨਾਉਣਗੇ।

ਉਹਨਾਂ ਦੱਸਿਆ ਕਿ ਇਹਨਾਂ ਹੁਕਮਾਂ ਦੀ ਉਲੰਘਣਾਂ ਕਰਨ ਵਾਲੇ ਵਿਅਕਤੀਆਂ/ ਅਦਾਰਿਆਂ ਵਿਰੁੱਧ ਜਨਤਕ ਸਿਹਤ ਨੂੰ ਨੁਕਸਾਨ ਪਹੁੰਚਾਉਣ ਦੇ ਸਿੱਟੇ ਵਜੋਂ ਉਕਤ ਨਿਯਮਾਂ ਤਹਿਤ ਜੁਰਮਾਨੇ ਅਤੇ ਕਾਨੂੰਨੀ ਕਾਰਵਾਈ ਕਰਦੇ ਹੋਏ ਮਾਮਲੇ ਦਰਜ ਕੀਤੇ ਜਾਣਗੇ। ਇਸ ਤੋਂ ਇਲਾਵਾ ਜੇਕਰ ਪਲਾਟ ਦੀ ਸਾਫ-ਸਫਾਈ ਦਾ ਕੰਮ ਨਗਰ ਨਿਗਮ ਜਾਂ ਨਗਰ ਕੌਂਸਲ/ ਪੰਚਾਇਤ ਵੱਲੋਂ ਕਰਵਾਇਆ ਜਾਂਦਾ ਹੈ ਤਾਂ ਸਾਫ-ਸਫਾਈ ਤੇ ਹੋਣ ਵਾਲੇ ਖਰਚ ਦੀ ਰਿਕਵਰੀ ਪਲਾਟ ਦੇ ਕਾਬਜ਼ ਮਾਲਕ ਪਾਸੋਂ ਕੀਤੀ ਜਾਵੇ।

# ਪੰਜਾਬ ਦੀਆਂ ਵਿਕਾਸ ਅਥਾਰਟੀਆਂ ਦੀ ਵਿੱਤੀ ਹਾਲਤ ਖ਼ਰਾਬ

## ਸਿਰਫ਼ ਮੁਹਾਲੀ ਅਤੇ ਲੁਧਿਆਣਾ ਦੀਆਂ ਵਿਕਾਸ ਅਥਾਰਟੀਆਂ ਹੀ ਵਿੱਤੀ ਤੌਰ 'ਤੇ ਮਜ਼ਬੂਤ; ਕੈਬਨਿਟ ਫੈਸਲੇ ਵਿਚ ਮੁੱਖ ਮੰਤਰੀ ਦੀ ਥਾਂ ਮੁੱਖ ਸਕੱਤਰ ਨੂੰ ਚੇਅਰਪਰਸਨ ਨਿਯੁਕਤ ਕੀਤਾ

**ਚੰਡੀਗੜ੍ਹ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਤੇ ਵਿਕਾਸ ਬੋਰਡ ਐਕਟ ਵਿੱਚ ਸੋਧ ਕਰਨ ਦੇ ਹਾਲ ਹੀ ਦੇ ਕੈਬਨਿਟ ਫੈਸਲੇ ਨੇ ਅੱਠ ਖੇਤਰੀ ਵਿਕਾਸ ਅਥਾਰਟੀਆਂ ਦੇ ਚੇਅਰਪਰਸਨ ਵਜੋਂ ਮੁੱਖ ਮੰਤਰੀ ਦੀ ਥਾਂ ਮੁੱਖ ਸਕੱਤਰ ਨੂੰ ਨਿਯੁਕਤ ਕੀਤਾ ਹੈ। ਇਸ ਫੈਸਲੇ ਨੇ ਇਨ੍ਹਾਂ ਸੰਸਥਾਵਾਂ ਦੀ ਖ਼ਰਾਬ ਵਿੱਤੀ ਸਿਹਤ ਨੂੰ ਮੁੜ ਸੁਰਖੀਆਂ ਵਿੱਚ ਲਿਆਂਦਾ ਹੈ।

ਘੱਟ ਜ਼ਮੀਨੀ ਪੂੰਜੀ ਅਤੇ ਨਿਲਾਮੀ ਲਈ ਸੀਮਤ ਜਾਇਦਾਦਾਂ ਦੇ ਨਾਲ ਅੱਠ ਸਥਾਨਕ ਹਾਊਸਿੰਗ ਵਿਕਾਸ ਅਥਾਰਟੀਆਂ ਵਿੱਚੋਂ ਛੇ (ਅੰਮ੍ਰਿਤਸਰ ਵਿਕਾਸ ਅਥਾਰਟੀ, ਬਠਿੰਡਾ ਵਿਕਾਸ ਅਥਾਰਟੀ, ਪਟਿਆਲਾ ਵਿਕਾਸ ਅਥਾਰਟੀ, ਜਲੰਧਰ ਵਿਕਾਸ ਅਥਾਰਟੀ, ਸ੍ਰੀ ਅਨੰਦਪੁਰ ਸਾਹਿਬ ਸ਼ਹਿਰੀ ਵਿਕਾਸ ਅਥਾਰਟੀ ਅਤੇ ਡੇਰਾ ਬਾਬਾ ਨਾਨਕ ਵਿਕਾਸ ਅਥਾਰਟੀ ) ਆਪਣੇ ਪ੍ਰਸ਼ਾਸਕੀ ਖਰਚੇ ਪੂਰੇ ਕਰਨ ਲਈ ਵੀ ਸੰਘਰਸ਼ ਕਰ ਰਹੀਆਂ ਹਨ।

ਸਿਰਫ਼ ਗ੍ਰੇਟਰ ਮੁਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ (ਗਮਾਡਾ) ਅਤੇ ਗ੍ਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਟੀ (ਗਲਾਡਾ) ਹੀ ਵਿੱਤੀ ਤੌਰ 'ਤੇ ਮਜ਼ਬੂਤ ਹਨ।

ਅਕਾਲੀ-ਭਾਜਪਾ ਸਰਕਾਰ ਦੇ ਅਧੀਨ 2015 ਵਿੱਚ ਹਾਊਸਿੰਗ ਵਿਭਾਗ ਨੇ ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ (ਪੁੱਡਾ), ਜੋ ਕਿ ਇੱਕ ਪ੍ਰਮੁੱਖ ਸੰਸਥਾ ਹੈ, ਨੂੰ ਹੋਰ ਵਿਕਾਸ ਅਥਾਰਟੀਆਂ ਨਾਲ ਮਿਲਾਉਣ ਦਾ ਪ੍ਰਸਤਾਵ ਦਿੱਤਾ ਸੀ। ਇਸ ਵਿਚ ਕਿਹਾ ਗਿਆ ਸੀ ਕਿ ਜਦੋਂ ਕੰਮ ਸੀਮਤ ਸੀ ਤਾਂ ਕਈ ਵਿਕਾਸ ਏਜੰਸੀਆਂ ਰੱਖਣ ਦਾ ਕੋਈ ਮਤਲਬ ਨਹੀਂ ਹੈ। ਪਰ ਇਸ ਨੂੰ ਲਾਗੂ ਨਹੀਂ ਕੀਤਾ ਜਾ ਸਕਿਆ।

ਪੁੱਡਾ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਜ਼ਿਆਦਾਤਰ ਵਿਕਾਸ ਅਥਾਰਟੀਆਂ ਦੇ ਅਧਿਕਾਰ ਖੇਤਰ ਵਿੱਚ ਸਥਾਨਕ ਯੋਜਨਾਬੰਦੀ ਖੇਤਰ ਹਨ, ਪਰ ਉਨ੍ਹਾਂ ਨੇ ਪਿਛਲੇ 10 ਸਾਲਾਂ ਤੋਂ ਕੋਈ ਵੀ ਅਰਬਨ ਅਸਟੇਟ ਤਿਆਰ ਨਹੀਂ ਕੀਤੀ। ਕੁਝ ਅਥਾਰਟੀਆਂ ਆਪਟੀਮਮ ਯੂਜ਼ ਆਫ਼ ਦਾ ਵੇਕੈਂਟ ਗੌਰਮਿੰਟ ਲੈਂਡ ਸਕੀਮ ਤਹਿਤ ਵਿਕਸਤ ਪ੍ਰੋਜੈਕਟਾਂ ਤੋਂ ਸੀਮਤ ਵਿਕਰੀ ਆਮਦਨ 'ਤੇ ਨਿਰਭਰ ਕਰਦੀਆਂ ਹਨ।

ਜ਼ਿਆਦਾਤਰ ਵਿਕਾਸ ਅਥਾਰਟੀਆਂ ਸਾਲਾਂ ਤੋਂ ਆਪਣੀ ਨਿਰਧਾਰਤ ਭੂਮਿਕਾ ਨਿਭਾਉਣ ਵਿੱਚ ਅਸਫਲ ਰਹੀਆਂ ਹਨ, ਜਿਸ ਕਾਰਨ ਨਾਜਾਇਜ਼ ਕਲੋਨੀਆਂ ਦਾ ਵੱਡੇ ਪੱਧਰ 'ਤੇ ਵਿਕਾਸ ਹੋਇਆ ਹੈ।

**ਸਰਕਾਰ ਵੱਲੋਂ ਨਵੀਂ ਪਹਿਲਕਦਮੀ**

ਸਰਕਾਰ ਨੇ ਹਾਲ ਹੀ ਵਿੱਚ ਐਲਾਨੀ ਗਈ ਲੈਂਡ ਪੂਲਿੰਗ ਸਕੀਮ ਤਹਿਤ ਪਟਿਆਲਾ, ਸੰਗਰੂਰ, ਬਰਨਾਲਾ, ਮਾਨਸਾ, ਫਿਰੋਜ਼ਪੁਰ, ਨਵਾਂਸ਼ਹਿਰ, ਜਲੰਧਰ, ਹੁਸ਼ਿਆਰਪੁਰ, ਸੁਲਤਾਨਪੁਰ ਲੋਧੀ, ਕਪੂਰਥਲਾ, ਫਗਵਾੜਾ, ਨਕੋਦਰ, ਅੰਮ੍ਰਿਤਸਰ, ਗੁਰਦਾਸਪੁਰ, ਬਟਾਲਾ, ਤਰਨਤਾਰਨ ਅਤੇ ਪਠਾਨਕੋਟ ਵਿੱਚ ਲਗਭਗ 18,000 ਏਕੜ ਜ਼ਮੀਨ ਦਾ ਲੈਂਡ ਬੈਂਕ ਬਣਾਉਣ ਦਾ ਐਲਾਨ ਕੀਤਾ ਹੈ। ਇਸ ਜ਼ਮੀਨ ਨੂੰ ਬੈਂਕਾਂ ਤੋਂ ਕਰਜ਼ੇ ਲੈਣ ਲਈ ਗਿਰਵੀ ਰੱਖਿਆ ਜਾਵੇਗਾ।

**ਸਭ ਤੋਂ ਨਵੀਂਆਂ ਵਿਕਾਸ ਅਥਾਰਟੀਆਂ**

ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਜਸ਼ਨਾਂ ਨੂੰ ਮਨਾਉਣ ਲਈ ਕੈਪਟਨ ਅਮਰਿੰਦਰ ਸਿੰਘ ਨੇ 2018 ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਕਾਸ ਅਥਾਰਟੀ ਦਾ ਗਠਨ ਕੀਤਾ ਸੀ। ਖਾਲਸਾ ਦੀ ਤੀਜੀ ਜਨਮ ਸ਼ਤਾਬਦੀ ਮਨਾਉਣ ਲਈ 1999 ਵਿੱਚ ਆਨੰਦਪੁਰ ਸਾਹਿਬ ਵਿਖੇ ਵਿਕਾਸ ਅਥਾਰਟੀ ਸਥਾਪਤ ਕਰਨ ਦੀ ਕੋਸ਼ਿਸ਼ ਸਫਲ ਨਹੀਂ ਹੋ ਸਕੀ ਸੀ।

ਕਰਤਾਰਪੁਰ ਲਾਂਘੇ ਦੇ ਸੰਦਰਭ ਵਿੱਚ ਡੇਰਾ ਬਾਬਾ ਨਾਨਕ ਦੇ ਵਿਕਾਸ ਨੂੰ ਮੁੱਖ ਰੱਖਦਿਆਂ ਕੈਪਟਨ ਅਮਰਿੰਦਰ ਸਿੰਘ ਨੇ 2018 ਵਿੱਚ ਡੇਰਾ ਬਾਬਾ ਨਾਨਕ ਵਿਕਾਸ ਅਥਾਰਟੀ ਦਾ ਗਠਨ ਕੀਤਾ ਸੀ।

**ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਬੋਰਡ ਦੀ ਭੂਮਿਕਾ**

ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਤੇ ਵਿਕਾਸ ਬੋਰਡ ਦਾ ਗਠਨ ਪੰਜਾਬ ਖੇਤਰੀ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੇ ਤਹਿਤ ਕੀਤਾ ਗਿਆ ਸੀ। ਇਸ ਬੋਰਡ ਕੋਲ ਪੰਜਾਬ ਵਿੱਚ ਸ਼ਹਿਰੀ ਅਤੇ ਪੇਂਡੂ ਜ਼ਮੀਨਾਂ ਦੀ ਯੋਜਨਾਬੰਦੀ, ਵਿਕਾਸ ਅਤੇ ਵਰਤੋਂ ਨਾਲ ਸਬੰਧਤ ਅਧਿਕਾਰ ਹਨ। ਇਨ੍ਹਾਂ ਅਧਿਕਾਰਾਂ ਵਿੱਚ ਰਾਜ ਸਰਕਾਰ ਨੂੰ ਸਲਾਹ ਦੇਣਾ, ਵਿਕਾਸ ਯੋਜਨਾਵਾਂ ਤਿਆਰ ਕਰਨਾ ਅਤੇ ਲਾਗੂ ਕਰਨਾ, ਵਿਕਾਸ ਪ੍ਰੋਜੈਕਟਾਂ ਨੂੰ ਅੰਜਾਮ ਦੇਣਾ, ਸ਼ਹਿਰੀ ਜ਼ਮੀਨ ਦੀ ਵਰਤੋਂ ਦੀਆਂ ਨੀਤੀਆਂ ਬਣਾਉਣਾ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਵਿੱਚ ਖੋਜ ਅਤੇ ਵਿਕਾਸ ਨੂੰ ਉਤਸ਼ਾਹਿਤ ਕਰਨਾ ਸ਼ਾਮਲ ਹੈ।

# ਮੁੰਡੀਆ ਵੱਲੋਂ ਗਮਾਡਾ ਦੀਆਂ ਸੜਕਾਂ ਦੇ ਕੰਮਕਾਰ ਵਿੱਚ ਢਿੱਲ-ਮੱਠ ਅਤੇ ਗੈਰ ਮਿਆਰਾਂ ਦਾ ਨੋਟਿਸ ਲਿਆ

**ਮੁਹਾਲੀ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਮੁੰਡੀਆ ਵੱਲੋਂ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਸੈਕਟਰ 65/66 ਜੰਕਸ਼ਨ ਤੋਂ ਲੈ ਕੇ ਸੈਕਟਰ 66 ਬੀ ਏਅਰਪੋਰਟ ਰੋਡ ਨੂੰ ਚੌੜਾ ਕਰਨ ਦੇ ਕੰਮ ਦਾ ਨਿਰੀਖਣ ਕੀਤਾ ਗਿਆ। ਮੁੰਡੀਆ ਵੱਲੋਂ ਕੀਤੇ ਨਿਰੀਖਣ ਵਿੱਚ ਜਿੱਥੇ ਕੰਮ ਦੀ ਹੌਲੀ ਗਤੀ ਸਾਹਮਣੇ ਆਈ ਉਥੇ ਕੰਮ ਵੀ ਮਿਆਰਾਂ ਮੁਤਾਬਕ ਨਹੀਂ ਹੋ ਰਿਹਾ ਸੀ ਜਿਨ੍ਹਾਂ ਦਾ ਉਨ੍ਹਾਂ ਮੌਕੇ ਉਤੇ ਹੀ ਨੋਟਿਸ ਲੈਂਦਿਆਂ ਸਬੰਧਤ ਅਧਿਕਾਰੀਆਂ ਨੂੰ ਫਿਟਕਾਰ ਲਗਾਈ। ਉਨ੍ਹਾਂ ਵਿਭਾਗ ਦੇ ਪ੍ਰਮੁੱਖ ਸਕੱਤਰ ਨੂੰ ਇਸ ਮਾਮਲੇ ਦੀ ਜਾਂਚ ਕਰਨ ਅਤੇ ਜਵਾਬਦੇਹੀ ਨਿਸ਼ਚਤ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਕਾਗਜ਼ਾਂ ਵਿੱਚ ਕੰਮ ਦੀ ਦਿਖਾਈ ਪ੍ਰਗਤੀ ਦੇ ਉਲਟ ਜ਼ਮੀਨ ਉਤੇ ਕੰਮ ਘੱਟ ਹੋਇਆ ਹੈ। ਇਸ ਤੋਂ ਇਲਾਵਾ ਕੰਮ ਦੀ ਗੁਣਵੱਤਾ ਵੀ ਮਿਆਰਾਂ ਮੁਤਾਬਕ ਨਹੀਂ ਹੈ ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# ਦਸਮ ਗੁਰੂ ਦੀਆਂ ਯਾਦਗਾਰੀ ਵਸਤਾਂ



ਭਾਈ ਡੱਲ ਸਿੰਘ ਨੇ ਨਿਮਾਣਾ ਗੁਰ ਸਿੱਖ ਬਣ ਕੇ ਸਿੱਖ ਪੰਥ ਦੀ ਸੇਵਾ ਕੀਤੀ। ਸਾਰਾ ਪਰਿਵਾਰ ਸਿੱਖ ਧਾਰਨੀ ਹੋਣ ਕਾਰਨ ਕਦੇ ਹਕੂਮਤ ਤੋਂ ਡਰ ਨਹੀਂ ਮੰਨਿਆ। ਜਦੋਂ ਸੂਬਾ ਸਰਹਿੰਦ ਵਜ਼ੀਰ ਖ਼ਾਂ ਨੇ ਗੁਰੂ ਜੀ ਨੂੰ ਆਪਣੇ ਕੋਲ ਤਲਵੰਡੀ ਰੱਖਣ ਬਾਰੇ ਭਾਈ ਡੱਲ ਸਿੰਘ ਨੂੰ ਧਮਕੀ ਭਰਿਆ ਪੱਤਰ ਲਿਖਿਆ ਤਾਂ ਉਨ੍ਹਾਂ ਨੇ ਨਿਰਭੈਅਤਾ ਨਾਲ, ਬੇਖੌਫ ਵਜ਼ੀਰ ਖਾਂ ਨੂੰ ਉੱਤਰ ਦਿੱਤਾ। ਅੱਜ ਵੀ ਭਾਈ ਡੱਲ ਸਿੰਘ ਦੇ ਪਰਿਵਾਰ ਦੀ ਬਾਰ੍ਹਵੀਂ ਪੀੜ੍ਹੀ ਪੂਰਨ ਰੂਪ ਵਿਚ ਗੁਰੂ ਘਰ ਨਾਲ ਜੁੜੀ ਹੋਈ ਹੈ। ਉਸ ਪਰਿਵਾਰ ਕੋਲ ਦਸਮ ਪਿਤਾ ਦੀਆਂ ਯਾਦਗਾਰੀ ਵਸਤਾਂ ਅੱਜ ਵੀ ਸੰਭਾਲੀਆਂ ਹੋਈਆਂ ਹਨ, ਜੋ ਸੰਗਤਾਂ ਦੇ ਦਰਸ਼ਨਾਂ ਲਈ ਰੱਖੀਆਂ ਹੋਈਆਂ ਹਨ।

**ਤੇਗਾ** - ਇਹ ਅਤਿਅੰਤ ਸੁੰਦਰ ਤੇਗਾ ਗੁਰੂ ਗੋਬਿੰਦ ਸਿੰਘ ਜੀ ਦਾ ਹੈ, ਜਿਸ ਉਤੇ ਫਾਰਸੀ ਵਿਚ 'ਅੱਲਾ' ਸ਼ਬਦ ਉਕਰਿਆ ਹੋਇਆ ਹੈ। ਮਿਆਨ 'ਤੇ ਮਖਮਲੀ ਕੱਪੜਾ ਚੜ੍ਹਿਆ ਹੋਇਆ ਹੈ, ਜਿਸ ਦੀ ਲੰਬਾਈ ਡੇਢ ਗਜ, ਵਜ਼ਨ ਚਾਰ ਕਿੱਲੋ ਦੇ ਕਰੀਬ ਹੈ।

**ਸ੍ਰੀ ਸਾਹਿਬ** - ਇਹ ਗੁਰੂ ਗੋਬਿੰਦ ਸਿੰਘ ਦੇ ਗਾਤਰੇ ਦੀ ਕਿਰਪਾਨ ਹੈ, ਜਿਸ ਦੀ ਲੰਬਾਈ ਸਵਾ ਤਿੰਨ ਫੁੱਟ ਤੇ ਚੌੜਾਈ ਡੇਢ ਇੰਚ ਹੈ। ਇਸ ਦਾ ਮੁੱਠਾ ਸਰਬ ਲੋਹ ਦਾ ਹੈ।

**ਦਸਤਾਰ ਵੱਡੀ** - ਇਹ ਦਸਤਾਰ ਇਕ ਬਰੀਕ ਸੂਤ ਦੀ ਬਣੀ ਹੋਈ ਹੈ ਇਸ ਦਾ ਰੰਗ ਹਲਕੇ ਮੋਤੀਏ ਵਰਗਾ ਹੈ। ਇਸ ਛੋਟੀ ਦਸਤਾਰ ਦੀ ਵਰਤੋਂ ਗੁਰੂ ਜੀ ਕੇਸਕੀ ਦੇ ਰੂਪ ਵਿਚ ਕਰਦੇ ਸਨ।

**ਵੱਡਾ ਚੋਲਾ** - ਗੁਰੂ ਜੀ ਦਾ ਇਹ ਵੱਡਾ ਚੋਲਾ ਮਹੀਨ ਮਲਮਲ ਦਾ ਬਣਿਆ ਹੋਇਆ ਹੈ, ਜਿਸ ਦਾ ਰੰਗ ਭੂਸਲਾ ਜਿਹਾ ਹੈ। ਇਸ ਚੋਲੇ ਉਪਰ ਖ਼ੂਨ ਦੇ ਧੱਬੇ ਲੱਗੇ ਹੋਏ ਹਨ, ਜਿਸ ਤੋਂ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਇਹ ਚੋਲਾ ਗੁਰੂ ਜੀ ਨੇ ਮੁਕਤਸਰ ਦੀ ਜੰਗ ਸਮੇਂ ਪਹਿਨਿਆ ਹੋਵੇਗਾ।

**ਛੋਟਾ ਚੋਲਾ**- ਇਹ ਵੀ ਮਹੀਨ ਮਲਮਲ ਦਾ ਬਣਿਆ ਹੋਇਆ ਹੈ।

**ਰੇਬ ਪਜਾਮਾ** - ਦਸਮੇਸ਼ ਪਿਤਾ ਜੀ ਦਾ ਰੇਬ ਪਜਾਮਾ ਪੀਲੇ ਰੰਗ ਦਾ ਹੈ। ਪ੍ਰੰਤੂ ਇਸ ਉਪਰ ਵੀ ਖ਼ੂਨ ਦੇ ਧੱਬੇ ਹਨ, ਜਿਸ ਤੋਂ ਮੰਨਿਆ ਜਾ ਰਿਹਾ ਹੈ ਕਿ ਭਾਈ ਮਹਾਂ ਸਿੰਘ ਦਾ ਬੇਦਾਵਾ ਫਾੜਨ ਸਮੇਂ ਇਹ ਬਸਤਰ ਪਹਿਨੇ ਹੋਏ ਸਨ।

**ਮਾਤਾ ਸਾਹਿਬ ਕੌਰ ਜੀ ਦਾ ਰੇਬ ਪਜਾਮਾ** - ਲਾਲ ਰੰਗ ਦਾ ਰੇਬ ਪਜਾਮਾ ਜਿਸ ਵਿਚ ਸੁਨਹਿਰੀ ਧਾਰੀਆਂ ਹਨ, ਮਹੀਨ ਰੇਸ਼ਮ ਦਾ ਬਣਿਆ ਹੋਇਆ ਹੈ। ਗੁਰੂ ਜੀ ਦੇ ਵਸਤਰਾਂ ਵਿਚ ਮੌਜੂਦ ਹੈ।

**ਛੋਟੀ ਬੀੜ** - ਗੁਰੂ ਜੀ ਦੀ ਛੋਟੀ ਬੀੜ ਜੋ ਅਕਾਰ ਦੀ ਬਹੁਤ ਛੋਟੀ ਹੈ, ਸਿਰਫ ਡੇਢ ਇੰਚ ਦੀ ਸੰਪੂਰਨ ਅਤੇ ਹੱਥ ਲਿਖਤ ਹੈ।

**ਬਾਜ ਦੀ ਡੋਰ** - ਦਸਮ ਗੁਰੂ ਜੀ ਦੇ ਬਾਜ ਦੀ ਡੋਰ, ਜੋ ਦੋ ਗਜ਼ ਲੰਬੀ, ਰੰਗ ਨਾਭੀ ਹੈ, ਜਿਸ ਦੇ ਇਕ ਪਾਸੇ ਦਾ ਫੁੱਲ ਝੜਿਆ ਹੈ।

**ਹੁਕਮਨਾਮੇ** - ਗੁਰੂ ਸਾਹਿਬ ਜੀ ਵੱਲੋਂ ਸਮੇਂ-ਸਮੇਂ ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਜਾਰੀ ਕੀਤੇ ਗਏ ਹੁਕਮਨਾਮੇ ਜਿਸ ਉਪਰ 'ਅਕਾਲ ਸਹਾਇ ਗੁਰੂ ਗੋਬਿੰਦ ਸਿੰਘ ਜੀ ਕੀ ਜਗ੍ਹਾ ਤਖ਼ਤ ਸ੍ਰੀ ਦਮਦਮਾ ਜੀ' ਦੀ ਮੋਹਰ ਲੱਗੀ ਹੋਈ ਹੈ। ਉਪਰੋਕਤ ਤੋਂ ਇਲਾਵਾ ਮੋਹਰ, ਬੰਦੂਕ ਆਦਿ ਵਸਤਾਂ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਵੀ ਸੁਸ਼ੋਭਿਤ ਹਨ।

• ਕੁਲਦੀਪ ਸਿੰਘ ਬੰਗੀ
ਮੋਬਾਈਲ. - 94174-07778

# ਆਸਥਾ ਦਾ ਕੇਂਦਰ ਸ੍ਰੀ ਭੂਮੇਸ਼ਵਰ ਮਹਾਦੇਵ ਮੰਦਰ ਰੋਹੀੜਾ

ਲੁਧਿਆਣਾ-ਮਾਲੇਰਕੋਟਲਾ ਮੁੱਖ ਮਾਰਗ 'ਤੇ ਸਥਿਤ ਕੁੱਪ-ਕਲਾਂ ਦੇ ਨਜ਼ਦੀਕ ਪਿੰਡ ਰੋਹੀੜਾ ਵਿਖੇ ਸ੍ਰੀ ਭੂਮੇਸ਼ਵਰ ਮਹਾਦੇਵ ਮੰਦਰ ਦੀ ਮਾਨਤਾ ਨਾ ਕੇਵਲ ਪੰਜਾਬ ਵਿਚ ਬਲਕਿ ਪੂਰੇ ਉੱਤਰੀ ਭਾਰਤ ਵਿਚ ਹੈ। ਇਸ ਸ਼ਿਵ ਮੰਦਰ ਦੇ ਨਿਰਮਾਣ ਪਿੱਛੇ ਵੀ ਇਕ ਅਲੌਕਿਕ ਬਿਰਤਾਂਤ ਸੁਣਨ ਵਿਚ ਆਉਂਦਾ ਹੈ। 5 ਨਵੰਬਰ 2010 ਦੀ ਸ਼ੁਭ-ਦੀਪਾਵਲੀ ਦੀ ਰਾਤ ਨੂੰ ਸ੍ਰੀ ਭੂਮੇਸ਼ਵਰ ਮਹਾਦੇਵ ਜੀ ਦਾ ਚਮਤਕਾਰੀ ਸ਼ਿਵਲਿੰਗ ਪ੍ਰਗਟ ਹੋਇਆ। ਇਸ ਦੇ ਪ੍ਰਗਟ ਹੋਣ ਤੋਂ ਕੁੱਝ ਸਮਾਂ ਪਹਿਲਾਂ ਅਕਸਰ ਇਥੇ ਸੱਪਾਂ ਦਾ ਨਿਕਲਣਾ ਜਾਰੀ ਰਿਹਾ। ਇਕ ਕਿਸਾਨ ਦੀ ਮੋਟਰ 'ਤੇ ਰਹਿੰਦੇ ਮਜ਼ਦੂਰ ਹਰ ਵਾਰ ਉਨ੍ਹਾਂ ਨੂੰ ਮਾਰਦੇ ਰਹੇ। ਇਕ ਰਾਤ ਮਜ਼ਦੂਰ ਨੂੰ ਸੁਫਨੇ ਵਿਚ ਇਹ ਬਾਣੀ ਸੁਣਾਈ ਦਿੱਤੀ।ਕਿ ਮੋਟਰ ਦੇ ਨੇੜੇ ਸ਼ਹਿਤੂਤ ਦੇ ਬ੍ਰਿਛ ਦੇ ਹੇਠਾਂ ਦੀਵਾਲੀ ਵਾਲੀ ਰਾਤ ਨੂੰ ਲਾਲ ਕੱਪੜਾ ਵਿਛਾ ਦੇਣਾ।ਉਸ ਰਾਤ ਨੂੰ ਇੱਥੇ ਸਵੈਯਮ ਮਹਾਂਦੇਵ ਸ਼ਿਵਲਿੰਗ ਦੇ ਰੂਪ ਵਿਚ ਪ੍ਰਗਟ ਹੋਣਗੇ।

ਇਹੀ ਬਿਰਤਾਂਤ ਮਜ਼ਦੂਰਾਂ ਨੇ ਆਪਣੇ ਖੇਤ ਦੇ ਮਾਲਕ ਨੂੰ ਸੁਣਾਇਆ। ਇਹ ਚਰਚਾ ਹੌਲੀ-ਹੌਲੀ ਆਮ ਲੋਕਾਂ ਤਕ ਪਹੁੰਚ ਗਈ। ਇਸ ਸਚਾਈ ਨੂੰ ਜਾਣਨ ਲਈ ਕੁੱਝ ਲੋਕ ਦੀਵਾਲੀ ਦੀ ਰਾਤ ਨੂੰ ਜ਼ਿਮੀਦਾਰ ਹਰਦੇਵ ਸਿੰਘ ਤੇ ਮੇਜਰ ਸਿੰਘ ਦੀ ਮੋਟਰ 'ਤੇ ਪਹੁੰਚ ਗਏ। ਉੱਥੇ ਲਾਲ ਕੱਪੜਾ ਵੀ ਵਿਛਾਇਆ



ਗਿਆ। ਉੱਥੇ ਮੌਜੂਦ ਲੋਕਾਂ ਨੇ ਮਜ਼ਦੂਰ ਦੀ ਗੱਲ ਨੂੰ ਮਜ਼ਾਕ ਸਮਝਣਾ ਸ਼ੁਰੂ ਹੀ ਕੀਤਾ ਸੀ।ਕਿ ਅਚਾਨਕ ਰਾਤ ਨੂੰ 12 ਵਜੇ ਉਹ ਲਾਲ ਕੱਪੜਾ ਹਿੱਲਦਾ ਹੋਇਆ ਦਿਖਾਈ ਦਿੱਤਾ। ਉਸ ਸਮੇਂ ਉੱਥੇ ਖੜ੍ਹੇ ਲੋਕ ਇਹ ਦੇਖਕੇ ਦੰਗ ਰਹਿ ਗਏ ਕਿ ਉਸ ਲਾਲ ਕੱਪੜੇ ਦੇ ਹੇਠਾਂ ਸਵੈਯਮ ਭੂਮੇਸ਼ਵਰ ਮਹਾਂਦੇਵ ਜੀ ਦਿਵਯ ਤੇ ਅਲੌਕਿਕ ਰੂਪ ਵਿਚ ਪ੍ਰਗਟ ਹੋ ਗਏ। ਸ਼ੁਰੂ ਵਿਚ ਇਨ੍ਹਾਂ ਦਾ ਆਕਾਰ ਛੋਟਾ ਸੀ ਪ੍ਰੰਤੂ ਅੱਜ ਇਨ੍ਹਾਂ ਦਾ ਆਕਾਰ ਇਕ ਫੁੱਟ ਦੇ ਲਗਪਗ ਹੈ। ਇਹੀ ਨਹੀਂ ਕੁੱਝ ਸਮੇਂ ਬਾਅਦ ਉੱਥੇ ਦੋ ਪਿੰਡੀਆਂ ਵੀ ਪ੍ਰਗਟ ਹੋ ਗਈਆਂ।

ਅਗਲੇ ਦਿਨ ਜਦੋਂ ਇਹ ਕ੍ਰਿਸ਼ਮਾ ਸਾਧੂ-ਸੰਤਾਂ ਤੇ ਵਿਦਵਾਨਾਂ ਕੋਲ ਪਹੁੰਚਿਆ ਤਾਂ ਉਨ੍ਹਾਂ ਨੇ ਇਸਨੂੰ ਸ੍ਰੀ ਭੂਮੇਸ਼ਵਰ ਮਹਾਦੇਵ ਦਾ ਪ੍ਰਗਟ ਹੋਣਾ ਦੱਸਿਆ। ਇਸ ਤੋਂ ਬਾਅਦ ਇੱਥੋਂ ਦੇ ਸ਼ਰਧਾਲੂਆਂ ਵੱਲੋਂ ਇਕ ਮੰਦਰ ਕਮੇਟੀ ਦਾ ਗਠਨ ਕੀਤਾ। ਇਸ ਮੰਦਰ ਨਿਰਮਾਣ ਲਈ ਜ਼ਿਮੀਦਾਰ ਹਰਦੇਵ ਸਿੰਘ, ਮੇਜਰ ਸਿੰਘ ਤੇ ਪਾਲ ਸਿੰਘ ਵੱਲੋਂ 4 ਵਿਸਵੇ/200 ਗਜ ਜ਼ਮੀਨ ਦਾਨ ਕੀਤੀ ਗਈ। ਇੱਥੋਂ ਦੀ ਮੰਦਿਰ ਕਮੇਟੀ ਵੱਲੋਂ ਸ਼ਰਧਾ ਤੇ ਉਤਸਾਹ ਨਾਲ ਸੰਕਲਪ ਕਰਕੇ ਮੰਦਿਰ ਦਾ ਨਿਰਮਾਣ ਕਰਵਾਇਆ ਜਾ ਰਿਹਾ ਹੈ। ਇਸ ਮੰਦਿਰ ਵਿਚ ਸ੍ਰੀ ਗਣੇਸ਼ ਜੀ, ਮਾਤਾ ਪਾਰਵਤੀ ਜੀ ਅਤੇ ਨੰਦੀ ਜੀ ਦੀਆਂ ਮੂਰਤੀਆਂ ਦੀ ਵੀ ਪ੍ਰਾਣ-ਪ੍ਰਤਿਸ਼ਠਾ ਹੋ ਚੁੱਕੀ ਹੈ। ਇਸ ਮੰਦਿਰ ਵਿਚ ਹਰ ਸਮੇਂ ਧਾਰਮਿਕ ਪੂਜਾ-ਅਰਚਨਾ ਨਿਰਵਿਘਨ ਚੱਲਦੀ ਰਹਿੰਦੀ ਹੈ। ਹਰ ਸਾਲ 5 ਨਵੰਬਰ ਨੂੰ ਭਗਵਾਨ ਭੂਮੇਸ਼ਵਰ ਮਹਾਂਦੇਵ ਦਾ ਪ੍ਰਗਟ ਦਿਹਾੜਾ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਹਰ ਸੋਮਵਾਰ ਅਤੇ ਤ੍ਰਯੋਦਸ਼ੀ ਦੇ ਦਿਨ ਪੂਰੀ ਸਨਾਤਨ ਵਿਧੀ ਤੇ ਮਰਿਯਾਦਾ ਅਨੁਸਾਰ ਕੁਰੂਕਸ਼ੇਤਰ ਤੋਂ ਆਏ ਵਿਦਵਾਨਾਂ ਵੱਲੋਂ ਧਾਰਮਿਕ ਅਨੁਸ਼ਠਾਨ ਤੇ ਆਰਤੀ ਕੀਤੀ ਜਾਂਦੀ ਹੈ। ਮਹਾਂ ਸ਼ਿਵਰਾਤਰੀ ਨੂੰ ਤਾਂ ਪੰਜਾਬ ਤੋਂ ਇਲਾਵਾ ਹੋਰ ਰਾਜਾਂ ਤੋਂ ਵੀ ਸ਼ਿਵ ਭਗਤ ਆ ਕੇ ਜਲ ਚੜ੍ਹਾਉਂਦੇ ਹਨ ਅਤੇ ਆਪਣੀ ਪੂਜਾ ਅਰਚਨਾ ਕਰਦੇ ਹਨ।

• ਤਲਵਿੰਦਰ ਸ਼ਾਸਤਰੀ ਨਾਰੀਕੇ
ਮੋਬਾਈਲ .94643 48258

# ਮੀਰੀ-ਪੀਰੀ ਦਾ ਸਿਧਾਂਤ
# ਧਰਮ ਤੇ ਰਾਜਨੀਤੀ ਦਾ ਸੁਮੇਲ

ਡਾ. ਪਰਮਵੀਰ ਸਿੰਘ

ਧਰਮ ਅਤੇ ਰਾਜਨੀਤੀ ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਸਿੱਖ ਧਰਮ ਅਤੇ ਪ੍ਰੰਪਰਾਵਾਂ ਦਾ ਅੰਗ ਹਨ। ਧਰਮ ਅਤੇ ਰਾਜ ਦੋ ਅਜਿਹੀਆਂ ਪ੍ਰਮੁੱਖ ਸੰਸਥਾਵਾਂ ਹਨ ਜਿਹੜੀਆਂ ਕਿ ਮਨੁੱਖ, ਸਮਾਜ, ਪਰਿਵਾਰ ਅਤੇ ਦੇਸ਼ ਦੀ ਕਾਰਜਸ਼ੈਲੀ ਨੂੰ ਪ੍ਰਭਾਵਿਤ ਕਰਦੀਆਂ ਹਨ। ਇਕ ਤੋਂ ਬਗ਼ੈਰ ਦੂਜੀ ਸੰਸਥਾ ਅਧੂਰੀ ਮੰਨੀ ਗਈ ਹੈ ਜਾਂ ਇੰਝ ਕਹਿ ਲਵੋ ਕਿ ਦੋਵਾਂ ਵਿੱਚੋਂ ਕੇਵਲ ਕਿਸੇ ਇਕ ਸੰਸਥਾ ਦਾ ਵਿਕਾਸ ਸਮਾਜ ਨੂੰ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਕਰਦਾ ਹੈ। ਜੇ ਧਰਮ ਸਮਾਜ 'ਤੇ ਭਾਰੂ ਹੋ ਜਾਵੇ ਤਾਂ ਕੱਟੜਪੁਣੇ ਦਾ ਜ਼ੋਰ ਵੱਧ ਜਾਂਦਾ ਹੈ ਅਤੇ ਜੇ ਰਾਜਸੀ ਸ਼ਕਤੀ ਧਰਮ ਨੂੰ ਦਿਸ਼ਾ ਨਿਰਦੇਸ਼ ਦੇਣ ਲੱਗ ਪਵੇ ਤਾਂ ਸਮਾਜ ਵਿਚ ਜਬਰ ਅਤੇ ਜ਼ੁਲਮ ਦਾ ਜ਼ੋਰ ਵੱਧ ਜਾਂਦਾ ਹੈ। ਇਕ ਸੰਸਥਾ ਦੂਜੀ ਨੂੰ ਪ੍ਰਭਾਵਿਤ ਹੀ ਨਹੀਂ ਕਰਦੀ ਬਲਕਿ ਦੂਜੀ ਸੰਸਥਾ ਨੂੰ ਆਪਣੇ ਅਨੁਸਾਰ ਚਲਾਉਣ ਦੀ ਬਿਰਤੀ ਵੀ ਧਾਰਨ ਕਰ ਲੈਂਦੀ ਹੈ ਜਿਸ ਨਾਲ ਸਮਾਜ ਵਿਚ ਅਰਾਜਕਤਾ ਫੈਲਣ ਦਾ ਖ਼ਤਰਾ ਵੱਧ ਜਾਂਦਾ ਹੈ।

ਧਰਮ ਅੰਤਰਮੁਖੀ ਨਿਯਮਾਂ ਨੂੰ ਧਾਰਨ ਕਰ ਕੇ ਮਨ ਨੂੰ ਜਿੱਤਣ 'ਤੇ ਜ਼ੋਰ ਦਿੰਦਾ ਹੈ ਅਤੇ ਰਾਜ ਬਾਹਰਮੁਖੀ ਨਿਯਮਾਂ ਨੂੰ ਲਾਗੂ ਕਰ ਕੇ ਰਾਜ ਦੀਆਂ ਹੱਦਾਂ ਨੂੰ ਫੈਲਾਉਣ ਦਾ ਕਾਰਜ ਕਰਦਾ ਹੈ। ਧਰਮ ਅਧਿਆਤਮਿਕਤਾ ਦੇ ਵਿਕਾਸ ਵਿਚ ਯੋਗਦਾਨ ਪਾਉਂਦਾ ਹੈ ਅਤੇ ਰਾਜ ਅਧਿਆਤਮਿਕਤਾ ਦੇ ਵਿਕਾਸ ਵਿਚ ਰੁਕਾਵਟ ਪਾਉਣ ਵਾਲਿਆਂ ਤੋਂ ਸੁਰੱਖਿਆ ਪ੍ਰਦਾਨ ਕਰਦਾ ਹੈ। ਧਰਮ ਵਿਅਕਤੀਗਤ ਵਿਕਾਸ ਤੋਂ ਸਮਾਜ ਦੇ ਵਿਕਾਸ ਵੱਲ ਰੁਚਿਤ ਹੁੰਦਾ ਹੈ ਅਤੇ ਜੇ ਵਿਅਕਤੀ ਸਵੈ-ਵਿਕਾਸ ਵਿਚ ਪੱਛੜ ਜਾਂਦਾ ਹੈ ਤਾਂ ਉਹ ਸਮਾਜ ਦਾ ਸੁਚਾਰੂ ਵਿਕਾਸ ਕਰਨ ਵਿਚ ਵੀ ਅਸਮਰੱਥ ਸਾਬਿਤ ਹੁੰਦਾ ਹੈ। ਸਮਾਜ ਦੇ ਬਹੁ-ਪੱਖੀ ਵਿਕਾਸ ਲਈ ਰਾਜ ਦੀ ਸ਼ਕਤੀ ਵਧੇਰੇ ਸਾਰਥਕ ਕਾਰਜ ਕਰ ਸਕਦੀ ਹੈ। ਦੋਵਾਂ ਦੇ ਆਪੋ-ਆਪਣੇ ਨਿਯਮ ਹਨ ਜਿਨ੍ਹਾਂ ਅਨੁਸਾਰ ਇਨ੍ਹਾਂ ਨੇ ਕਾਰਜ ਕਰਨਾ ਹੁੰਦਾ ਹੈ। ਦੋਵੇਂ ਸੰਜੁਗਤ ਰੂਪ ਵਿਚ ਕਾਰਜ ਕਰਨ ਤਾਂ ਹੀ ਸਮਾਜ ਦਾ ਸਰਬ-ਪੱਖੀ ਵਿਕਾਸ ਸੰਭਵ ਹੈ।

ਪੁਰਤਨ ਭਾਰਤੀ ਪ੍ਰੰਪਰਾ ਵਿਚ ਰਿਸ਼ੀ ਅਤੇ ਰਾਜੇ ਦਾ ਸੁਮੇਲ ਦੇਖਣ ਨੂੰ ਮਿਲਦਾ ਹੈ। ਰਿਸ਼ੀ ਧਰਮ ਦਾ ਪ੍ਰਤੀਕ ਹੈ ਅਤੇ ਰਾਜਾ ਰਾਜਸੱਤਾ ਦੇ ਰੂਪ ਵਿਚ ਦੇਖਿਆ ਜਾਂਦਾ ਹੈ। ਦੋਵੇਂ ਮਿਲ ਕੇ ਰਾਜ ਦੀ ਸਮਾਜਿਕ ਵਿਵਸਥਾ ਨੂੰ ਸੁਚਾਰੂ ਰੂਪ ਵਿਚ ਚਲਾਉਣ ਦਾ ਕਾਰਜ ਕਰਦੇ ਹਨ। ਇਤਿਹਾਸ ਵਿਚ ਜਦੋਂ ਵੀ ਇਹ ਇਕ ਦੂਜੇ ਤੋਂ ਦੂਰ ਹੋਏ ਹਨ, ਸਮਾਜ ਦੀ ਆਦਰਸ਼ ਰੂਪ ਵਿਚ ਚੱਲਦੀ ਵਿਵਸਥਾ ਪ੍ਰਭਾਵਿਤ ਹੋਈ ਹੈ। ਭਾਰਤੀ ਇਤਿਹਾਸ ਵਿਚ ਸ਼ਕਤੀਹੀਣ ਧਰਮ ਦੀ ਜੋ ਦੁਰਦਸ਼ਾ ਹੋਈ ਹੈ ਉਹ ਸਭ ਦੇ ਸਾਹਮਣੇ ਹੈ। ਹਿੰਦੂ, ਜੈਨ ਅਤੇ ਬੁੱਧ ਧਰਮ ਦੀ ਮਿਸਾਲ ਸਾਡੇ ਸਾਹਮਣੇ ਹੈ ਜਿਨ੍ਹਾਂ ਨੇ ਭਾਰਤੀ ਧਾਰਮਿਕ ਪ੍ਰੰਪਰਾਵਾਂ ਅਨੁਸਾਰ ਦੇਸ਼ ਅਤੇ ਸਮਾਜ ਦੀ ਰਾਖੀ ਕਰਨੀ ਸੀ ਪਰ ਰਾਜਸੱਤਾ ਪੱਖੋਂ ਨਿਰਬਲ ਹੋ ਜਾਣ ਕਰਕੇ ਇਹ ਦੇਸ਼ ਨੂੰ ਗ਼ੁਲਾਮ ਹੋਣ ਤੋਂ ਨਹੀਂ ਬਚਾ ਸਕੇ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਖੜ੍ਹੀਆਂ ਨੇ ਸੂਰਬੀਰਾਂ ਵਾਂਗ ਲੋਕਾਂ ਦੀ ਰੱਖਿਆ ਦਾ ਧਰਮ ਛੱਡ ਦਿੱਤਾ ਹੈ ਅਤੇ ਜਿਨ੍ਹਾਂ ਨੂੰ ਉਹ ਮਲੇਛ ਕਹਿੰਦੇ ਹਨ, ਉਨ੍ਹਾਂ ਦੀ ਉਹ ਬੋਲੀ ਬੋਲਦੇ ਹਨ - ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥ ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ॥

ਸਿੱਖ ਧਰਮ ਵਿਚ ਮੀਰੀ ਅਤੇ ਪੀਰੀ ਅਜਿਹੀਆਂ ਪ੍ਰਮੁੱਖ ਸੰਸਥਾਵਾਂ ਹਨ ਜਿਹੜੀਆਂ ਰਾਜ ਅਤੇ ਧਰਮ ਦੇ ਆਦਰਸ਼ਾਂ ਦੀ ਸਥਾਪਤੀ ਦਾ ਪ੍ਰਤੀਕ ਮੰਨੀਆਂ ਗਈਆਂ ਹਨ। ਆਦਰਸ਼ ਸਮਾਜ ਦੀ ਸਥਾਪਨਾ ਲਈ ਉਤਮ ਮੰਨੀਆਂ ਜਾਂਦੀਆਂ ਇਹ ਸੰਸਥਾਵਾਂ ਇਕ ਪਾਸੇ ਅਧਿਆਤਮਿਕ ਅਤੇ ਸਦਾਚਾਰਕ ਜੀਵਨ 'ਤੇ ਜ਼ੋਰ ਦਿੰਦੀਆਂ ਹਨ ਅਤੇ ਦੂਜੇ ਪਾਸੇ ਆਦਰਸ਼ ਰਾਜ ਦੀ ਸਥਾਪਨਾ ਲਈ ਪ੍ਰੇਰਿਤ ਕਰਦੀਆਂ ਹਨ। ਮੀਰ ਸ਼ਬਦ ਹਾਕਮ ਸ਼੍ਰੇਣੀ ਲਈ ਵਰਤਿਆ ਜਾਂਦਾ ਹੈ ਅਤੇ ਪੀਰ ਸ਼ਬਦ ਦੀ ਵਰਤੋਂ ਪੀਰਾਂ-ਫ਼ਕੀਰਾਂ ਜਾਂ ਅਧਿਆਤਮਿਕ ਪੁਰਖਾਂ ਲਈ ਕੀਤੀ ਜਾਂਦੀ ਹੈ।

ਪੀਰੀ ਅਧਿਆਤਮਿਕਤਾ ਦੀ ਲਖਾਇਕ ਹੈ ਜਿਸ ਵਿੱਚੋਂ ਸਤ, ਸੰਤੋਖ, ਦਯਾ, ਧਰਮ ਅਤੇ ਧੀਰਜ ਜਿਹੇ ਗੁਣ ਪੈਦਾ ਹੁੰਦੇ ਹਨ। ਇਸ ਦੇ ਪ੍ਰਭਾਵ ਅਧੀਨ ਮਾਨਸਿਕ ਆਜ਼ਾਦੀ ਦੀ ਭਾਵਨਾ ਪੈਦਾ ਹੁੰਦੀ ਹੈ, ਮਨ ਤ੍ਰਿਸ਼ਨਾਵਾਂ ਤੋਂ ਅਤੀਤ ਹੋ ਕੇ ਪ੍ਰਭੂ ਨਾਲ ਜੁੜਦਾ ਹੈ। ਪੀਰੀ ਨੂੰ ਧਰਮ ਦੀ ਜੜ੍ਹ ਮੰਨਿਆ ਜਾਂਦਾ ਹੈ



ਜਿਹੜਾ ਕਿ ਮਨੁੱਖੀ ਏਕਤਾ, ਪ੍ਰੇਮ, ਭਾਈਚਾਰੇ ਅਤੇ ਸਹਿਹੋਂਦ ਦੀ ਭਾਵਨਾ ਪੈਦਾ ਕਰਦਾ ਹੈ। ਮੁਸਲਮਾਨ ਭਾਰਤ ਵਿਚ ਆਏ, ਉਨ੍ਹਾਂ ਨੇ ਤਲਵਾਰ ਦੇ ਜ਼ੋਰ ਨਾਲ ਹਕੂਮਤ ਕਾਇਮ ਕੀਤੀ ਪਰ ਉਹ ਧਰਮ ਦੀ ਪ੍ਰੇਰਨਾ ਪੈਦਾ ਕਰਨ ਵਿਚ ਬੁਰੀ ਤਰ੍ਹਾਂ ਨਾਲ ਫੇਲ੍ਹ ਹੋਏ। ਇਨ੍ਹਾਂ ਹਾਕਮਾਂ ਨਾਲ ਹੀ ਸੂਫ਼ੀ ਦਰਵੇਸ਼ ਵੀ ਭਾਰਤ ਵਿਚ ਪ੍ਰਵੇਸ਼ ਕੀਤੇ ਜਿਨ੍ਹਾਂ ਨੇ ਪ੍ਰਭੂ-ਬੰਦਗੀ ਅਤੇ ਮਨੁੱਖੀ ਪ੍ਰੇਮ ਉੱਤੇ ਬਲ ਦਿੱਤਾ। ਉਨ੍ਹਾਂ ਦੇ ਬੋਲ ਲੋਕਾਂ ਦੀ ਜ਼ੁਬਾਨ ਉੱਤੇ ਅਜਿਹੇ ਚੜ੍ਹੇ ਕਿ ਉਨ੍ਹਾਂ ਦੇ ਮਨ ਵਿਚ ਇਸਲਾਮ ਪ੍ਰਤੀ ਸਤਿਕਾਰ ਦੀ ਭਾਵਨਾ ਪ੍ਰਫੁਲਤ ਹੋਣ ਲੱਗੀ। ਪੀਰਾਂ ਦੀਆਂ ਦਰਗਾਹਾਂ 'ਤੇ ਜਾ ਕੇ ਲੋਕ ਉਨ੍ਹਾਂ ਨੂੰ ਯਾਦ ਕਰਦੇ ਹਨ ਅਤੇ ਸਤਿਕਾਰ ਭੇਟ ਕਰਦੇ ਹਨ। ਇਹ ਤਾਂ ਹੀ ਸੰਭਵ ਹੋ ਸਕਿਆ ਕਿ ਆਮ ਲੋਕ ਧਰਮ ਦੀ ਮੂਲ ਭਾਵਨਾ ਨਾਲ ਜੁੜਨਾ ਚਾਹੁੰਦੇ ਸਨ ਅਤੇ ਸੂਫ਼ੀ ਫ਼ਕੀਰਾਂ ਰਾਹੀਂ ਉਨ੍ਹਾਂ ਦੇ ਮਨ ਦੀ ਇੱਛਾ ਦੀ ਪੂਰਤੀ ਹੁੰਦੀ ਸੀ। ਪੀਰੀ ਜੀਵਨ ਦੇ ਅਧਿਆਤਮਿਕ ਵਿਕਾਸ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ ਜਿਸ ਨਾਲ ਸਮਾਜ ਵਿਚ ਨੈਤਿਕ ਕਦਰਾਂ ਕੀਮਤਾਂ ਨੂੰ ਮਜ਼ਬੂਤੀ ਮਿਲਦੀ ਹੈ ਅਤੇ ਸਮਾਜ ਰਵਾਨਗੀ ਵਿਚ ਅੱਗੇ ਵਧਦਾ ਹੈ। ਧਰਮ ਤੋਂ ਬਗ਼ੈਰ ਸਮਾਜ ਨੂੰ ਨੈਤਿਕਤਾ ਦੇ ਬੰਧਨ ਵਿਚ ਲੰਮਾ ਸਮਾਂ ਬੰਨ੍ਹ ਸਕਣਾ ਔਖਾ ਕਾਰਜ ਹੈ।

ਮੀਰੀ ਰਾਜਸੀ ਪ੍ਰਭੂ ਸੱਤਾ ਦਾ ਪ੍ਰਤੀਕ ਹੈ ਜਿਸ ਵਿੱਚੋਂ ਰਾਜੇ ਦੇ ਗੁਣਾਂ ਦਾ ਪ੍ਰਗਟਾਵਾ ਹੁੰਦਾ ਹੈ। ਰਾਜੇ ਦਾ ਹਰ ਇਕ ਬੋਲ ਅਤੇ ਕੰਮ ਲੋਕਾਂ ਨੂੰ ਪ੍ਰਭਾਵਤ ਕਰਦਾ ਹੈ। ਗੁਰਬਾਣੀ ਵਿਚ ਮੀਰ ਸ਼ਬਦ ਬਾਬਰ ਲਈ ਵਰਤਿਆ ਗਿਆ ਹੈ ਜੋ ਕਿ ਗੁਰੂ ਨਾਨਕ ਦੇਵ ਜੀ ਦੇ ਸਮੇਂ ਹਮਲਾਵਰ ਦੇ ਰੂਪ ਵਿਚ ਭਾਰਤ ਆਇਆ ਸੀ। ਬਾਬਰ ਦੇ ਹਮਲੇ ਵਿਚ ਹਜ਼ਾਰਾਂ ਬੇਦੋਸ਼ੇ ਲੋਕਾਂ ਦੀ ਜਾਨ ਗਈ ਸੀ, ਬਹੁਤ ਸਾਰੀ ਧਨ-ਸੰਪਤੀ ਜਾਂ ਤਾਂ ਲੁੱਟ ਲਈ ਗਈ ਸੀ। ਲੋਕਾਂ ਨੂੰ ਸਮੇਂ ਦੀ ਹਕੂਮਤ ਬਚਾ ਨਾ ਸਕੀ ਅਤੇ ਉਨ੍ਹਾਂ ਦੇ ਜੀਵਨ ਦੀ ਵਾਗਡੋਰ ਬਾਬਰ ਦੇ ਸਿਪਾਹੀਆਂ ਦੇ ਹੱਥ ਸੀ ਜਿਥੇ ਕਿਸੇ ਲਈ ਸੁਣਵਾਈ ਦੀ ਕੋਈ ਗੁੰਜਾਇਸ਼ ਨਹੀਂ ਸੀ। ਲੋਕਾਂ ਨੇ ਕੋਈ ਚਾਰਾ ਚੱਲਦਾ ਨਾ ਵੇਖ ਕੇ ਫ਼ਕੀਰਾਂ ਦੀ ਸ਼ਰਨ ਜਾ ਲਈ :

ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ॥

ਉਹ ਫ਼ਕੀਰ ਵੀ ਲੋਕਾਂ ਨੂੰ ਬਾਬਰ ਦੇ ਸਿਪਾਹੀਆਂ ਹੱਥੋਂ ਹੁੰਦੀ ਬੇਪਤੀ ਤੋਂ ਬਚਾ ਨਾ ਸਕੇ। ਗੁਰੂ ਨਾਨਕ ਦੇਵ ਜੀ ਲੋਕਾਂ ਦੀ ਹੁੰਦੀ ਦੁਰਦਸ਼ਾ ਦੇਖ ਕੇ ਚੁੱਪ ਨਾ ਰਹੇ। ਉਨ੍ਹਾਂ ਨੇ ਇਕ ਪਾਸੇ ਪਰਮਾਤਮਾ ਕੋਲ ਇਸ ਘਟਨਾ ਦਾ ਰੋਸ ਪ੍ਰਗਟ ਕੀਤਾ, ਦੂਜੇ ਪਾਸੇ ਅੱਗੇ ਹੋ ਕੇ ਲੋਕਾਂ ਨੂੰ ਹੌਸਲਾ ਦੇਣ ਲੱਗੇ। ਇਨ੍ਹਾਂ ਘਟਨਾਵਾਂ ਸਮੇਂ ਗੁਰੂ ਜੀ ਨੂੰ ਵੀ ਬਾਬਰ ਦੇ ਸਿਪਾਹੀਆਂ ਨੇ ਕੈਦ ਕਰ ਲਿਆ ਪਰ ਉਨ੍ਹਾਂ ਦੀ ਅਧਿਆਤਮਿਕ ਸ਼ਖ਼ਸੀਅਤ ਤੋਂ ਪ੍ਰਭਾਵਤ ਹੋ ਕੇ ਬਾਬਰ ਨੇ ਨਾ ਕੇਵਲ ਉਨ੍ਹਾਂ ਨੂੰ ਹੀ ਛੱਡਿਆ ਬਲਕਿ ਸਾਰੇ ਆਮ ਕੈਦੀ ਵੀ ਰਿਹਾਅ ਕਰ ਦਿੱਤੇ।

ਮੀਰੀ-ਪੀਰੀ ਦਾ ਸਿਧਾਂਤ ਆਮ ਲੋਕਾਂ ਮਨ ਵਿਚ ਦ੍ਰਿੜਤਾ, ਨੈਤਿਕਤਾ, ਅਧਿਆਤਮਿਕਤਾ, ਸਵੈਮਾਨ ਦੀ ਭਾਵਨਾ ਨੂੰ ਉਜਾਗਰ ਕਰਨ ਦਾ ਕਾਰਜ ਕਰਦਾ ਹੈ। ਨਿਰਭਉ ਅਤੇ ਨੈਤਿਕ ਬਣਾਉਣ ਦੀ ਦਿਸ਼ਾ ਵੱਲ ਸੇਧਿਤ ਇਹ ਸਿਧਾਂਤ 'ਹਲੇਮੀ ਰਾਜ' ਦੇ ਸੰਕਲਪ ਦਾ ਸੁਪਨਾ ਸਾਕਾਰ ਕਰਨ ਦਾ ਮਾਰਗ ਦਰਸਾਉਂਦਾ ਹੈ। ਮੀਰੀ-ਪੀਰੀ ਦੀ ਜੀਵਨ-ਜੁਗਤ ਆਦਰਸ਼ ਸਮਾਜ ਦੀ ਸਥਾਪਨਾ ਦਾ ਕਾਰਜ ਕਰਦੀ ਹੈ। ਰਾਜ ਤੋਂ ਬਗ਼ੈਰ ਧਰਮ ਦਾ ਵਿਕਾਸ ਸੰਭਵ ਨਹੀਂ ਮੰਨਿਆ ਜਾਂਦਾ ਅਤੇ ਧਰਮ ਤੋਂ ਬਗ਼ੈਰ ਸਮਾਜ ਵਿਚ ਸਦਾਚਾਰ ਕਾਇਮ ਨਹੀਂ ਰਹਿ ਸਕਦਾ। ਭਾਵੇਂ ਕਿ ਮੁੱਢਲੇ ਰੂਪ ਵਿਚ ਰਾਜ ਦੀ ਪ੍ਰਾਪਤੀ ਲਈ ਸੰਘਰਸ਼ ਕਰਨਾ ਪੈਂਦਾ ਹੈ ਅਤੇ ਇਸ ਕਾਰਜ ਲਈ ਬਲ ਦੀ ਵਰਤੋਂ ਤੋਂ ਵੀ ਇਨਕਾਰ ਨਹੀਂ ਕੀਤਾ ਗਿਆ ਜਿਸ ਦਾ ਜ਼ਿਕਰ ਗਿਆਨੀ ਗਿਆਨ ਸਿੰਘ ਇਸ ਰੂਪ ਵਿਚ ਕਰਦੇ ਹਨ - ਰਾਜ ਕਿਸੇ ਕੋ ਕੋਇ ਨ ਦੈਹੈ। ਜੋ ਲੈਹੈ ਨਿਜ ਬਲ ਸੇ ਲੈਹੈ।

ਬਲ ਨਾਲ ਰਾਜ ਦੀ ਪ੍ਰਾਪਤੀ ਇਕ ਪੜਾਅ ਹੈ। ਰਾਜ ਨੂੰ ਸੁਚਾਰੂ ਰੂਪ ਵਿਚ ਚਲਾਉਣਾ ਅਤੇ ਇਸ ਵਿਚ ਸ਼ਾਂਤੀ ਕਾਇਮ ਰੱਖਣੀ ਇਸ ਤੋਂ ਅਗਲਾ ਅਤੇ ਵਧੇਰੇ ਔਖਾ ਪੜਾਅ ਹੈ। ਸਿੱਖ ਧਰਮ ਵਿਚ ਇਸ ਸਬੰਧੀ ਬਾਬਾ ਬੰਦਾ ਸਿੰਘ ਬਹਾਦਰ ਦੀ ਮਿਸਾਲ ਪ੍ਰਮੁਖ ਤੌਰ 'ਤੇ ਦਿੱਤੀ ਜਾ ਸਕਦੀ ਹੈ ਜਿਸ ਨੇ ਕਰੜੇ ਸੰਘਰਸ਼ ਤੋਂ ਬਾਅਦ ਖ਼ਾਲਸਾ ਰਾਜ ਦੀ ਸਥਾਪਨਾ ਕਰ ਕੇ ਲੰਮੇ ਸਮੇਂ ਤੋਂ ਲਿਤਾੜੇ ਜਾ ਰਹੇ ਲੋਕਾਂ ਨੂੰ ਲੋਕ-ਰਾਜ ਦਾ ਸੁਆਦ ਚਖਾ ਦਿੱਤਾ ਸੀ। ਬੰਦਾ ਸਿੰਘ ਬਹਾਦਰ ਦੁਆਰਾ ਪਾਈਆਂ ਗਈਆਂ ਲੀਹਾਂ ਅਨੁਸਾਰ ਹੀ ਪੰਜਾਬ ਵਿਚ ਮਿਸਲਾਂ ਦਾ ਰਾਜ ਕਾਇਮ ਹੋਇਆ ਸੀ ਜਿਨ੍ਹਾਂ ਨੇ ਸਮਾਜਿਕ ਪ੍ਰਬੰਧ ਨੂੰ ਸੁਚਾਰੂ ਰੂਪ ਵਿਚ ਚਲਾ ਕੇ ਆਮ ਲੋਕਾਂ ਨੂੰ ਸਿੱਖ ਧਰਮ ਦੀਆਂ ਕਦਰਾਂ-ਕੀਮਤਾਂ ਵੱਲ ਖਿੱਚਿਆ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਪ੍ਰਬੰਧ ਦੀ ਮਿਸਾਲ ਵੀ ਕਿਸੇ ਤੋਂ ਲੁਕੀ ਹੋਈ ਨਹੀਂ ਹੈ।

ਮੌਜੂਦਾ ਸਮੇਂ ਵਿਚ ਲੋਕਤੰਤਰੀ ਰਾਜ ਪ੍ਰਬੰਧ ਦੀ ਪ੍ਰਾਪਤੀ ਲਈ ਬਲ ਦੀ ਬਜਾਏ ਗਿਆਨ, ਸੇਵਾ, ਸੰਗਠਨ, ਆਰਥਿਕ ਖ਼ੁਸ਼ਹਾਲੀ ਅਤੇ ਧਾਰਮਿਕ ਸ਼ਖ਼ਸੀਅਤਾਂ ਆਦਿ ਦੀ ਵਧੇਰੇ ਲੋੜ ਪੈਂਦੀ ਹੈ। ਇਸ ਢੰਗ ਨਾਲ ਪ੍ਰਾਪਤ ਕੀਤੇ ਹੋਏ ਰਾਜ ਵਿਚ ਵੀ ਰਾਜੇ ਦਾ ਮੁੱਖ ਉਦੇਸ਼ ਲੋਕਾਈ ਦੀ ਭਲਾਈ ਹੁੰਦਾ ਹੈ। ਭਲਾਈ ਤਾਂ ਹੀ ਸੰਭਵ ਹੈ ਜੇ ਰਾਜ ਵਿਚ ਸ਼ਾਂਤੀ, ਪ੍ਰੇਮ ਅਤੇ ਭਾਈਚਾਰੇ ਦੀ ਭਾਵਨਾ ਕਾਇਮ ਹੋਵੇ। ਇਹ ਕਾਰਜ ਮੁਸ਼ਕਲ ਜ਼ਰੂਰ ਹੁੰਦਾ ਹੈ ਪਰ ਇਸ ਨੂੰ ਅਸੰਭਵ ਨਹੀਂ ਮੰਨਿਆ ਜਾ ਸਕਦਾ। ਹਾਕਮ ਦੀ ਨੀਤੀ ਉਸ ਦੁਆਰਾ ਬਣਾਏ ਕਾਨੂੰਨ ਵਿੱਚੋਂ ਪ੍ਰਗਟ ਹੁੰਦੀ ਹੈ। ਕਾਨੂੰਨ ਦਾ ਡੰਡਾ ਲੋਕਾਂ ਨੂੰ ਸਮਾਜਿਕ ਦਾਇਰੇ ਵਿਚ ਰੱਖਣ ਦਾ ਇਕ ਸਾਧਨ ਹੈ। ਜੇ ਬਹੁ-ਗਿਣਤੀ ਲੋਕ ਇਸ ਨੂੰ ਮੰਨਣ ਤੋਂ ਇਨਕਾਰੀ ਹੋ ਜਾਣ ਤਾਂ ਇਸ ਦਾ ਭਾਵ ਇਹ ਲੈਣਾ ਚਾਹੀਦਾ ਹੈ ਕਿ ਕਾਨੂੰਨ ਵਿਚ ਕੁੱਝ ਅਜਿਹੀਆਂ ਖਾਮੀਆਂ ਮੌਜੂਦ ਹਨ ਜਿਹੜੀਆਂ ਲੋਕ-ਹਿਤਾਂ ਦੀ ਪੂਰਤੀ ਨਹੀਂ ਕਰਦੀਆਂ। ਇਸ ਦਾ ਭਾਵ ਇਹ ਵੀ ਨਹੀਂ ਲੈਣਾ ਚਾਹੀਦਾ ਕਿ ਬਹੁ-ਗਿਣਤੀ ਭਾਈਚਾਰੇ ਦੁਆਰਾ ਬੇਈਮਾਨ ਨੀਅਤ ਨਾਲ ਬਣਾਏ ਹੋਏ ਕਾਨੂੰਨ ਨੂੰ ਪ੍ਰਵਾਨ ਕਰ ਲੈਣਾ ਚਾਹੀਦਾ ਹੈ। ਏਥੇ ਧਰਮ ਤੇ ਸਮਾਜ ਦੀਆਂ ਵਡੇਰੀਆਂ ਕਦਰਾਂ-ਕੀਮਤਾਂ ਮਨੁੱਖ ਦੀ ਅਗਵਾਈ ਕਰਦੀਆਂ ਹਨ ਕਿ ਸਹੀ ਕਾਨੂੰਨ ਉਨ੍ਹਾਂ ਸੁਚਾਰੂ ਅਤੇ ਸਦਾਚਾਰਕ ਕਦਰਾਂ ਕੀਮਤਾਂ ਦੇ ਅਨੁਸਾਰੀ ਹੋ ਸਕਦਾ ਹੈ ਜਿਹੜੀਆਂ ਲੋਕਾਂ ਦੀ ਅਗਵਾਈ ਕਰਨ ਦੇ ਸਮਰੱਥ ਹੁੰਦੀਆਂ ਹਨ। ਏਸੇ ਕਰਕੇ ਕਾਨੂੰਨ ਘੜਨ ਵਾਲੇ ਅਜਿਹੇ ਕਾਨੂੰਨ ਬਣਾਉਣ ਲਈ ਯਤਨਸ਼ੀਲ ਹੁੰਦੇ ਹਨ ਜਿਹੜੇ ਸਰਬ-ਪ੍ਰਵਾਨਿਤ ਨਿਯਮਾਂ 'ਤੇ ਆਧਾਰਿਤ ਹੋਣ। ਧਰਮ ਅਧਾਰਿਤ ਸਚਾਈ ਅਤੇ ਸਮਾਜਿਕ ਭਲਾਈ ਅਜਿਹੇ ਗੁਣ ਮੰਨੇ ਜਾ ਸਕਦੇ ਹਨ ਜਿਹੜੇ ਸਦੀਵ ਕਾਲ ਲਈ ਲੋਕਾਂ ਦੀ ਅਗਵਾਈ ਕਰ ਸਕਦੇ ਹਨ। ਇਨ੍ਹਾਂ ਨਿਯਮਾਂ ਦੀ ਪਾਲਣਾ ਕਰਨ ਅਤੇ ਲੋਕਾਂ ਨੂੰ ਇਨ੍ਹਾਂ ਦੇ ਘੇਰੇ ਵਿਚ ਲਿਆਉਣ ਲਈ ਰਾਜ ਸ਼ਕਤੀ ਦੀ ਲੋੜ ਪੈਂਦੀ ਹੈ ਜਿਹੜੀ ਕਿ ਰਾਜ-ਪ੍ਰਬੰਧ ਦਾ ਹਿੱਸਾ ਹੁੰਦੀ ਹੈ। ਇਸ ਤਰ੍ਹਾਂ ਧਰਮ ਅਤੇ ਰਾਜਨੀਤੀ ਨੂੰ ਇਕ ਦੂਜੇ ਦੇ ਪ੍ਰਸੰਗ ਵਿਚ ਸਮਝਣ ਦੀ ਲੋੜ ਹੈ ਨਾ ਕਿ ਇਕ ਪਾਸੜ ਨੀਤੀ ਧਾਰਨ ਕਰ ਕੇ ਲੋਕਾਂ ਨੂੰ ਸੰਘਰਸ਼ ਦੇ ਰਾਹ ਤੋਰਿਆ ਜਾਵੇ।

ਗੁਰੂ ਸਾਹਿਬਾਨ ਨੇ ਧਰਮ ਅਤੇ ਰਾਜ ਦੀਆਂ ਸ਼ਕਤੀਆਂ ਨੂੰ ਇਕ ਦੂਜੇ ਦੀਆਂ ਪੂਰਕ ਮੰਨਿਆ ਹੈ। ਇਨ੍ਹਾਂ ਸ਼ਕਤੀਆਂ ਦਾ ਸੁਮੇਲ ਨਾ ਤਾਂ ਧਾਰਮਿਕ ਕੱਟੜਤਾ ਪੈਦਾ ਹੋਣ ਦਿੰਦਾ ਹੈ ਅਤੇ ਨਾ ਹੀ ਹਾਕਮ ਨੂੰ ਲੋਕਾਂ 'ਤੇ ਜ਼ੁਲਮ ਕਰਨ ਦੀ ਆਗਿਆ ਦਿੰਦਾ ਹੈ। ਇਹ ਸੁਮੇਲ ਜ਼ੁਲਮ ਕਰਨ ਅਤੇ ਸਹਿਣ ਦਾ ਵਿਰੋਧ ਕਰਦਾ ਹੈ। ਧਾਰਮਿਕ ਆਜ਼ਾਦੀ ਪ੍ਰਦਾਨ ਕਰਨ ਦੇ ਨਾਲ-ਨਾਲ ਇਹ ਧਾਰਮਿਕ ਕਦਰਾਂ-ਕੀਮਤਾਂ ਅਨੁਸਾਰ ਦੂਜੇ ਦੇ ਧਾਰਮਿਕ ਵਿਸ਼ਵਾਸ ਦਾ ਸਤਿਕਾਰ ਕਰਨ ਦੀ ਪ੍ਰੇਰਨਾ ਕਰਦਾ ਹੈ। ਇਸ ਸੁਮੇਲ ਨੂੰ ਸਮਾਜਿਕ, ਸਦਾਚਾਰਕ ਅਤੇ ਧਰਮ-ਨਿਰਪੱਖਤਾ ਦਾ ਸਮੂਹ ਕਿਹਾ ਜਾ ਸਕਦਾ ਹੈ।

ਮੋਬਾਈਲ : 9872074322

# ਬੁੱਧੀ ਹੈ ਸਭ ਤੋਂ ਸੁੰਦਰ

ਰਾਜਾ ਜਨਕ ਨੇ ਆਪਣੇ ਦਰਬਾਰ 'ਚ ਮਹਾਂਮੁਨੀਆਂ ਅਤੇ ਵਿਦਵਾਨਾਂ ਨੂੰ ਉਚਿਤ ਸਥਾਨ ਦਿੱਤਾ ਸੀ। ਇਕ ਵਾਰ ਉਹ ਦਰਬਾਰ 'ਚ ਵਿਦਵਾਨਾਂ ਨਾਲ ਚਰਚਾ ਕਰ ਰਹੇ ਸਨ ਕਿ ਉਥੇ 'ਅਸ਼ਟਾਵਕਰ' ਰਿਸ਼ੀ ਆ ਪਹੁੰਚੇ। ਨਾਂ ਮੁਤਾਬਕ ਅਸ਼ਟਾਵਕਰ ਕਰੂਪ ਅਤੇ ਸਰੀਰਕ ਤੌਰ 'ਤੇ ਟੇਢੇ-ਮੇਢ ਸਨ। ਉਨ੍ਹਾਂ ਦੀ ਸਰੀਰਕ ਬਣਤਰ ਦੇਖ ਕੇ ਸਭਾ 'ਚ ਹਾਜ਼ਰ ਲੋਕ ਜ਼ੋਰ ਜ਼ੋਰ ਦੀ ਹੱਸਣ ਲੱਗੇ। ਉਨ੍ਹਾਂ ਨੂੰ ਹੱਸਦੇ ਦੇਖ ਕੇ ਅਸ਼ਟਾਵਕਰ ਵੀ ਜ਼ੋਰ ਨਾਲ ਹੱਸਣ ਲੱਗੇ। ਮਹਾਰਾਜਾ ਜਨਕ ਆਪਣੇ ਸਿੰਘਾਸਨ ਤੋਂ ਉੱਠ ਕੇ ਅਸ਼ਟਾਵਕਰ ਕੋਲ ਆਏ ਅਤੇ ਉਨ੍ਹਾਂ ਨੂੰ ਪ੍ਰਣਾਮ ਕਰ ਕਿਹਾ,' ਮਹਾਰਾਜ! ਤੁਹਾਡੇ ਹੱਸਣ ਦਾ ਕਾਰਨ ਨਹੀਂ ਸਮਝਿਆ? ਅਸ਼ਟਾਵਕਰ ਨੇ ਕਿਹਾ,'ਰਾਜਾ! ਮੈਂ ਸੁਣਿਆ ਸੀ ਕਿ ਤੁਹਾਡੇ ਦਰਬਾਰ 'ਚ ਵਿਦਵਾਨਾਂ ਦਾ ਸਮੂਹ ਹੈ, ਜਦਕਿ ਇਥੇ ਆ ਕੇ ਪਤਾ ਲੱਗਾ ਕਿ ਮੈਂ ਮੂਰਖਾਂ ਦੇ ਇਕੱਠ 'ਚ ਪਹੁੰਚ ਗਿਆ ਹਾਂ। ਇਹੀ ਦੇਖ ਕੇ ਮੈਨੂੰ ਹਾਸਾ ਆ ਗਿਆ।

'ਮਹਾਂਮੁਨੀ! ਤੁਸੀਂ ਇਹ ਕੀ ਕਹਿ ਰਹੇ ਹੋ। ਰਾਜਾ ਜਨਕ ਨੇ ਕਿਹਾ।

ਅਸ਼ਟਾਵਕਰ ਨੇ ਤੁਰੰਤ ਕਿਹਾ,'ਜਿਹੜੇ ਲੋਕ ਹੱਡੀਆਂ ਅਤੇ ਚਮੜੀ ਦੇ ਆਧਾਰ 'ਤੇ ਵਿਅਕਤੀ ਦੀ ਨਿਰੀਖਣ ਕਰਦੇ ਹਨ, ਉਨ੍ਹਾਂ ਨੂੰ ਮੂਰਖ ਨਾ ਕਿਹਾ ਜਾਵੇ ਤਾਂ ਕੀ ਕਿਹਾ ਜਾਵੇ? ਸੁਣ ਕੇ ਸਾਰੇ ਵਿਦਵਾਨਾਂ ਨੂੰ ਪਛਤਾਵਾ ਹੋਇਆ ਅਤੇ ਉਨ੍ਹਾਂ ਰਿਸ਼ੀ ਅਸ਼ਟਾਵਕਰ ਤੋਂ ਮਾਫ਼ੀ ਮੰਗੀ। ਸੋ ਬਾਹਰੀ ਰੂਪ ਦੇਖ ਕੇ ਕਿਸੇ ਵਿਅਕਤੀ ਦਾ ਅਨੁਮਾਨ ਨਹੀਂ ਲਾਇਆ ਜਾ ਸਕਦਾ।

# ਸੰਤ ਚਮਨ ਦਾਸ ਉਦਾਸੀ

ਬਾਬਾ ਸ੍ਰੀ ਚੰਦ ਜੀ ਦਆਰਾ ਚਲਾਈ ਉਦਾਸੀ ਸੰਪ੍ਰਦਾਇ ਵਿਚ ਅਨੇਕਾਂ ਉੱਚ ਕੋਟੀ ਦੇ ਸੰਤ ਮਹਾਪੁਰਸ਼ ਹੋਏ ਹਨ।ਜਿਨ੍ਹਾਂ ਨੇ ਗੁਰਉਪਦੇਸ਼ ਰਾਹੀਂ ਸੰਸਾਰ ਦੇ ਜੀਵਾਂ ਨੂੰ ਸੱਚ ਦੇ ਮਾਰਗ 'ਤੇ ਤੋਰਿਆ। ਅਜਿਹੇ ਹੀ ਮਹਾਪੁਰਸ਼ ਸੱਚਖੰਡ ਵਾਸੀ ਸੰਤ ਬਾਬਾ ਗੋਬਿੰਦ ਦਾਸ ਜੀ ਉਦਾਸੀ ਫਗਵਾੜੇ ਵਾਲਿਆਂ ਦੇ ਅਨਿਨ ਸ਼ਰਧਾਲੂ ਨਾਮ ਦੇ ਰਸੀਏ ਦਇਆ ਤੇ ਪ੍ਰੇਮ ਦੇ ਸਾਗਰ ਸੰਤ ਬਾਬਾ ਚਮਨ ਦਾਸ ਜੀ ਹੋਏ ਹਨ।ਜਿਨ੍ਹਾਂ ਦਾ ਜਨਮ 68 ਸਾਲ ਪਹਿਲਾਂ 13 ਹਾੜ ਨੂੰ ਮਾਤਾ ਮੰਗੋ ਦੇਵੀ ਤੇ ਪਿਤਾ ਸ੍ਰੀ ਚੰਦੂ ਰਾਮ ਦੇ ਗ੍ਰਹਿ ਵਿਖੇ ਪਿੰਡ ਕਾਗਰ ਵਡਝਾ ਜ਼ਿਲ੍ਹਾ ਊਨਾ (ਹਿਮਾਚਲ ਪ੍ਰਦੇਸ) ਵਿਖੇ ਹੋਇਆ॥


ਅੱਜ ਜਨਮ ਦਿਨ 'ਤੇ ਵਿਸ਼ੇਸ਼

ਬਾਲ ਅਵਸਥਾ ਵਿਚ ਹੀ ਆਪ ਦੇ ਮਾਤਾ ਪਿਤਾ ਅਕਾਲ ਚਲਾਣਾ ਕਰ ਗਏ ਸਨ। ਆਪ ਦਾ ਬਚਪਨ ਵੱਡੇ ਭੈਣ ਬੀਬੀ ਬਾਵੀ ਕੋਲ ਹੀ ਚੁਗਿਟੀ ਜਲੰਧਰ ਵਿਖੇ ਬੀਤਿਆ। ਛੋਟੀ ਉਮਰ 'ਚ ਹੀ ਆਪ ਨੂੰ ਬ੍ਰਹਮਗਿਆਨੀ ਸੰਤ ਬਾਬਾ ਗੋਬਿੰਦ ਦਾਸ ਜੀ ਦੀ ਸ਼ਰਨ ਵਿਚ ਡੇਰਾ ਫਗਵਾੜਾ ਵਿਖੇ ਆਉਣ ਦਾ ਸੁਭਾਗ ਪ੍ਰਾਪਤ ਹੋਇਆ। ਇਸ ਅਸਥਾਨ 'ਤੇ ਹੀ ਆਪ ਨੇ ਉਦਾਸੀ ਮੱਤ ਧਾਰਨ ਕੀਤਾ। ਆਪ ਗੁਰੂ ਘਰ ਦੀ ਸੇਵਾ ਸ਼ਾਂਤਚਿਤ ਰਹਿ ਕੇ ਤਨ ਮਨ ਧਨ ਨਾਲ ਕਰਿਆ ਕਰਦੇ ਸਨ। ਗੁਰੂ ਜੀ ਦੇ ਹੁਕਮ 'ਚ ਰਹਿ ਕੇ ਦਰ ਆਈਆਂ ਸੰਗਤਾਂ ਨੂੰ ਆਪਣੇ ਹੱਥੀਂ ਲੰਗਰ ਪਕਾ ਕੇ ਖੁਆਇਆ ਕਰਦੇ ਸਨ। ਸੇਵਾ ਤੋਂ ਵਿਹਲੇ ਹੁੰਦੇ ਹੀ ਨਾਮ ਸਿਮਰਨ, ਪ੍ਰਭੂ ਭਗਤੀ ਵਿਚ ਲੀਨ ਹੋ ਜਾਂਦੇ।।ਅੰਤ ਬਾਬਾ ਗੋਬਿੰਦ ਦਾਸ ਜੀ ਨੇ ਸੇਵਾ ਤੋਂ ਖ਼ੁਸ਼ ਹੋ ਕੇ ਆਪ ਨੂੰ ਆਪਣੇ ਜਿਉਂਦਿਆਂ ਹੀ ਗੱਦੀ ਦੇ ਵਾਰਿਸ ਬਣਾ ਦਿੱਤਾ। ਸੰਤ ਗੋਬਿੰਦ ਦਾਸ 6 ਫਰਵਰੀ 1968 ਨੂੰ ਸੱਚਖੰਡ ਜਾ ਵਿਰਾਜੇ। ਉਸ ਵਕਤ ਬਾਬਾ ਚਮਨ ਦਾਸ ਜੀ ਦੀ ਉਮਰ ਛੋਟੀ ਹੀ ਸੀ। ਆਪ ਬਹੁਤ ਵਿਰਾਗ 'ਚ ਚਲੇ ਗਏ ਸਨ। ਆਪ ਨੇ ਵੱਡੇ ਮਹਾਪੁਰਸ਼ਾਂ ਦੇ ਤਪ ਅਸਥਾਨ 'ਤੇ ਬੈਠ ਕੇ ਭੁੱਖੇ ਪਿਆਸੇ ਰਹਿ ਕੇ 40 ਦਿਨ ਤਕ ਤਪੱਸਿਆ ਕੀਤੀ। ਆਪ ਨੇ ਡੇਰੇ ਦੀ ਸੇਵਾ ਸੰਭਾਲਦਿਆਂ ਹੀ ਆਪਣੇ ਗੁਰੂ ਪਿਤਾ ਦੀ ਯਾਦ 'ਚ ਸੁੰਦਰ ਸਮਾਧ ਦੀ ਉਸਾਰੀ ਕਰਵਾਈ। ਇਸ ਤੋਂ ਇਲਾਵਾ ਫਗਵਾੜਾ ਅਤੇ ਇੰਗਲੈਂਡ ਵਿਖੇ ਵੀ ਇਕ ਸੁੰਦਰ ਡੇਰਾ ਸਥਾਪਤ ਕੀਤਾ। ਇਥੇ ਆਪ ਜੀ ਸੰਗਤ ਨੂੰ ਨਾਮ ਦਾਨ ਦੀਆਂ ਦਾਤਾਂ ਵੰਡਦੇ। ਆਪ ਵਲੋਂ ਹਰ ਸੰਗਰਾਂਦ 'ਤੇ ਜੋੜ ਮੇਲਾ, ਸੰਤ ਬਾਬਾ ਗੋਬਿੰਦ ਦਾਸ ਜੀ ਦਾ ਬਰਸੀ ਸਮਾਗਮ ਤੇ ਜਨਮ ਦਿਨ ਸ਼ਰਧਾ ਨਾਲ ਮਨਾਉਂਦੇ ਸਨ। ਆਪ ਨੇ ਹਮੇਸ਼ਾ ਸਰਬੱਤ ਦਾ ਭਲਾ ਮੰਗਿਆ। ਸਮੁੱਚੀ ਮਾਨਵਤਾ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਨਾਲ ਜੋੜ ਕੇ ਪਰਮਾਤਮਾ ਦੇ ਲੜ ਲਾਇਆ। ਆਪ ਨੇ ਆਪਣਾ ਸਮੁੱਚਾ ਜੀਵਨ ਲੋਕ ਭਲਾਈ ਲਈ ਅਰਪਿਤ ਕੀਤਾ। ਅੰਤ ਆਪ 2 ਅਗਸਤ 20 12 ਨੂੰ ਸੱਚਖੰਡ ਜਾ ਬਿਰਾਜੇ। ਮਹਾਨ ਪਰਉਪਕਾਰੀ ਸੰਤ ਬਾਬਾ ਚਮਨ ਦਾਸ ਜੀ ਦਾ ਜਨਮ ਦਿਨ ਸਮਾਗਮ 27 ਜੂਨ ਨੂੰ ਡੇਰੇ ਦੇ ਮੁੱਖ ਸੰਚਾਲਕ ਸੰਤ ਦੇਸ ਰਾਜ ਅਤੇ ਸਮੂਹ ਸੰਗਤਾਂ ਵਲੋਂ ਮਨਾਇਆ ਜਾਵੇਗਾ।

• ਮਦਨ ਬੰਗੜ
ਮੋਬਾਈਲ 9501575511



ਪ੍ਰੇਰਕ ਪ੍ਰਸੰਗ

# ਪਾਣੀ ਦਾ ਮੁੱਲ

ਇਕ ਵਾਰ ਸ਼ਹਿਨਸ਼ਾਹ ਅਕਬਰ ਦਾ ਦਰਬਾਰ ਸਜਿਆ ਹੋਇਆ ਸੀ। ਦਰਬਾਰ ਵਿਚ ਬੈਠਿਆਂ ਬਾਦਸ਼ਾਹ ਨੂੰ ਪਾਣੀ ਦੀ ਪਿਆਸ ਲੱਗੀ। ਉਸਨੇ ਸੇਵਾਦਾਰ ਨੂੰ ਪਾਣੀ ਲੈ ਕੇ ਆਉਣ ਦਾ ਇਸ਼ਾਰਾ ਕੀਤਾ। ਇਸ਼ਾਰਾ ਮਿਲਦਿਆਂ ਹੀ ਸੇਵਾਦਾਰ ਪੀਣ ਵਾਲੇ ਸੀਤਲ ਜਲ ਦਾ ਗਲਾਸ ਲੈ ਕੇ ਹਾਜ਼ਰ ਹੋ ਗਿਆ। ਅਜੇ ਬਾਦਸ਼ਾਹ ਨੇ ਗਲਾਸ ਫੜ੍ਹਕੇ ਮੂੰਹ ਨੇੜੇ ਕੀਤਾ ਹੀ ਸੀ ਕਿ ਕੋਲ ਬੈਠਾ ਬੀਰਬਲ ਖੜ੍ਹਾ ਹੁੰਦਿਆਂ ਬੋਲਿਆ, "ਗੁਸਤਾਖ਼ੀ ਮਾਫ਼ ਜਹਾਂਪਨਾਹ, ਕੀ ਤੁਸੀਂ ਇਕ ਮਿੰਟ ਲਈ ਰੁਕ ਸਕਦੇ ਹੋ। ਮੈਂ ਇਕ ਗੱਲ ਪੁੱਛਣੀ ਚਾਹੁੰਦਾ ਹਾਂ,।" ਸਾਰੇ ਦਰਬਾਰ ਵਿਚ ਘੁਸਰ -ਮੁਸਰ ਹੋਣੀ ਸ਼ੁਰੂ ਹੋ ਗਈ। ਬਾਦਸ਼ਾਹ ਸਮੇਤ ਸਾਰੇ ਦਰਬਾਰੀ ਬੀਰਬਲ ਵਲ ਹੈਰਾਨੀ ਨਾਲ ਦੇਖਣ ਲੱਗੇ। ਪਤਾ ਨਹੀਂ ਉਹ ਕੀ ਪੁੱਛਣਾ ਚਾਹੁੰਦਾ ਸੀ।

ਬਾਦਸ਼ਾਹ ਦਾ ਇਸ਼ਾਰਾ ਮਿਲਦਿਆਂ ਬੀਰਬਲ ਬੋਲਿਆ, "ਬਾਦਸ਼ਾਹ ਸਲਾਮਤ, ਜੇ ਪਾਣੀ ਖ਼ਤਮ ਹੋ ਜਾਵੇ, ਹਜ਼ਾਰਾਂ ਯਤਨ ਕਰਨ ਦੇ ਬਾਵਜੂਦ ਵੀ ਸੈਂਕੜੇ ਮੀਲਾਂ ਤਕ ਪਾਣੀ ਦੀ ਬੂੰਦ ਵੀ ਮਿਲਦੀ ਨਾ ਹੋਵੇ! ਪਿਆਸ ਕਾਰਨ ਤੁਸੀਂ ਮੱਛੀ ਵਾਂਗ ਤੜਫ ਰਹੇ ਹੋਵੋ! ਸੱਚੋ ਸੱਚ ਦੱਸਿਓ, ਜੇ ਉਸ ਵਕਤ ਕੋਈ ਪਾਣੀ ਦਾ ਇਕ ਗਲਾਸ ਲੈ ਕੇ ਹਾਜ਼ਰ ਹੋ ਜਾਵੇ ਤਾਂ ਤੁਸੀਂ ਉਸ ਪਾਣੀ ਦੇ ਇਕ ਗਲਾਸ ਦੀ ਕਿੰਨੀ ਕੀਮਤ ਅਦਾ ਕਰ ਸਕਦੇ ਹੋ?' ਅਕਬਰ ਹੱਸ ਪਿਆ। ਹੱਥ 'ਚ ਫੜ੍ਹਿਆ ਗਲਾਸ ਗਟ-ਗਟ ਕਰ ਕੇ ਪੀਣ ਉਪਰੰਤ ਬੋਲਿਆ, "ਜੇ ਸੱਚਮੁਚ ਅਜਿਹੇ ਹਾਲਾਤ ਹੋ ਜਾਣ ਤਾਂ ਮੈਂ ਬੜੀ ਖ਼ੁਸ਼ੀ ਨਾਲ ਆਪਣੇ ਰਾਜਭਾਗ ਦਾ ਅੱਧਾ ਹਿੱਸਾ ਉਸ ਪਾਣੀ ਦੇ ਗਲਾਸ ਦਾ ਮੁੱਲ ਦੇ ਦੇਵਾਂਗਾ'।

ਬੀਰਬਲ ਨੇ ਇਕ ਹੋਰ ਸਵਾਲ ਕਰ ਦਿੱਤਾ, "ਬਾਦਸ਼ਾਹ ਸਲਾਮਤ, ਜੇ ਆਪ ਦਾ ਪਿਸ਼ਾਬ ਰੁਕ ਜਾਵੇ, ਬੰਨ ਪੈ ਜਾਵੇ ਤੁਹਾਡੀ ਜਾਨ ਤੜਫਣ ਲੱਗੇ ਉਸ ਦੁੱਖ ਤੋਂ ਬਚਣ ਲਈ ਕੋਈ ਰਾਹਤ ਨਾ ਮਿਲਦੀ ਹੋਵੇ, ਉਸ ਸਮੇਂ ਜੇ ਕੋਈ ਵੈਦ ਤੁਹਾਡੇ ਕੋਲੋਂ ਅੱਧਾ ਰਾਜ-ਭਾਗ ਮੰਗ ਕੇ ਇਲਾਜ ਦੀ ਗਰੰਟੀ ਦੇਵੇ! ਕੀ ਤੁਸੀਂ ਮੰਨ ਜਾਓਗੇ?'

'ਬਿਨਾਂ ਸ਼ੱਕ ਮੈਂ ਅਪਣਾ ਅੱਧਾ ਰਾਜਭਾਗ ਦੇਣ ਲੱਗਿਆਂ ਇਕ ਮਿੰਟ ਵੀ ਨਹੀਂ ਸੋਚਾਂਗਾ।

ਸਾਰੇ ਦਰਬਾਰੀ ਹੈਰਾਨ ਸਨ। ਆਖਿਰ ਬੀਰਬਲ ਕਹਿਣਾ ਕੀ ਚਾਹੁੰਦਾ ਹੈ? ਪਰ ਅਕਬਰ ਮੁਸਕਰਾ ਰਿਹਾ ਸੀ। ਉਸ ਨੂੰ ਬੀਰਬਲ 'ਤੇ ਵਿਸ਼ਵਾਸ ਸੀ ਕਿ ਉਸਦੀ ਆਖੀ ਕੋਈ ਵੀ ਗੱਲ ਮਹੱਤਵਹੀਣ ਨਹੀਂ ਹੋਵੇਗੀ। ਬੀਰਬਲ ਹੱਸਦਾ ਹੋਇਆ ਬੋਲਿਆ,"ਤਾਂ ਫੇਰ ਜਹਾਂਪਨਾਹ ਇਸਦਾ ਮਤਲਬ ਇਹ ਹੋਇਆ ਕਿ ਇਕ ਗਲਾਸ ਪਾਣੀ ਦੀ ਕੀਮਤ ਚੁਕਾਉਂਦਿਆਂ ਤੁਹਾਡਾ ਸਾਰਾ ਰਾਜ ਭਾਗ ਕੁਰਬਾਨ ਕੀਤਾ ਜਾ ਸਕਦਾ ਹੈ।'

'ਬਿਲਕੁਲ।' ਸ਼ਹਿਨਸ਼ਾਹ ਬੋਲਿਆ। 'ਤੇ ਫਿਰ ਬਾਦਸ਼ਾਹ ਸਲਾਮਤ ਮੈਂ ਕਹਿਣਾ ਚਾਹੁੰਨਾ ਕਿ ਕੁਦਰਤ ਸਾਨੂੰ ਬਿਨਾਂ ਕਿਸੇ ਨਾਪ ਤੋਲ ਦੇ ਏਨਾ ਜ਼ਿਆਦਾ ਪਾਣੀ ਬਿਨਾਂ ਕੁਝ ਪ੍ਰਾਪਤ ਕੀਤੇ ਦੇ ਰਹੀ ਹੈ, ਅਸੀਂ ਉਸਦੀ ਮਿਹਰ ਦਾ ਕੀ ਮੁੱਲ ਪਾ ਸਕਦੇ ਹਾਂ?' ਬੀਰਬਲ ਦਾ ਸਵਾਲ ਸੁਣਕੇ ਸਾਰੇ ਦਰਬਾਰ ਵਿਚ ਸੰਨਾਟਾ ਛਾ ਗਿਆ।ਸਭ ਸਮਝ ਗਏ ਸਨ ਕਿ ਪਾਣੀ ਕਿੰਨੀ ਕੀਮਤੀ ਕੁਦਰਤੀ ਦਾਤ ਹੈ ਕਿ ਇਸਦੇ ਇਕ ਗਲਾਸ ਦਾ ਮੁੱਲ ਅਕਬਰ ਵਰਗੇ ਬਾਦਸ਼ਾਹ ਦਾ ਸਾਰਾ ਰਾਜਭਾਗ ਹੋ ਸਕਦਾ ਹੈ। ਇਸਦੀ ਬੱਚਤ ਕਰਨੀ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ।

• ਅਮਰਜੀਤ ਸਿੰਘ ਮਾਨ
ਮੋਬਾਈਲ 94634 45092

*ਕੁਦਰਤ ਸਾਨੂੰ ਬਿਨਾਂ ਕਿਸੇ ਨਾਪ ਤੋਲ ਦੇ ਏਨਾ ਪਾਣੀ ਮੁਫ਼ਤੋ ਮੁਫ਼ਤੀ ਦੇ ਰਹੀ ਹੈ। ਅਸੀਂ ਉਸ ਦੀ ਮਿਹਰ ਦਾ ਮੁੱਲ ਨਹੀਂ ਪਾ ਰਹੇ। ਕੁਦਰਤ ਦੀ ਇਸ ਦਾਤ ਦੀ ਬੱਚਤ ਕਰਨੀ ਸਾਡਾ ਸਭ ਦਾ ਫਰਜ਼ ਬਣਦਾ ਹੈ...*



*ਭਾਈ ਘਨ੍ਹੱਈਆ ਜੀ ਦੇ ਜਨਮ ਅਸਥਾਨ ਦਾ ਨਾਂ-ਸੌਦਰ ਸੋਹਦਰਾ ਅਤੇ ਹੁਣ ਸੋਧਰਾ (ਪਾਕਿਸਤਾਨ) ਹੈ।*

# ਧਰਮਸ਼ਾਲ ਦੀ ਸਾਜਨਾ

• ਫ਼ਕੀਰ ਚੰਦ ਤੁਲੀ

ਇਹੋ ਜਿਹੇ ਰੂਪ ਨੇ, ਜੋ ਸਾਜੇ ਕਰਤਾਰ,
ਜਲ ਨੂੰ ਪੀਵਣ ਵਾਲੜਾ ਤੇ ਜਲ-ਭਰਨੇ-ਹਾਰ।
ਥਾਂ-ਥਾਂ ਖੂਹ ਪਟਵਾਇਕੇ, ਜਲ ਥਲ ਮਹੀਅਲ ਹੋਇ
ਲਾਇ ਛਬੀਲਾਂ ਥਾਉਂ ਥਾਂ, ਪਿਆਸਾ ਰਹੇ ਨਾ ਕੋਇ।
ਰੈਣ ਬਸੇਰੇ ਸਾਜ ਕੇ, ਨਾਮ ਜਪਣ ਦਿਨ ਰੈਣ,
ਭੁੱਲੇ ਭਟਕੇ ਲੋਕ ਆ, ਧਰਮਸ਼ਾਲ ਵਿਚ ਰਹਿਣ।
ਨਾਨਕ-ਰੰਗ ਰਬਾਬੀਆਂ, ਹਵਾ 'ਚ ਦਿੱਤੇ ਘੋਲ,
ਡੋਲਣ ਤੋਂ ਹੈ ਰੱਖਦਾ, ਨਾਨਕ ਨਾਮ ਅਡੋਲ।

**ਨੌਵੇਂ ਪਾਤਸ਼ਾਹ ਦੀ ਸ਼ਹਾਦਤ ਦੀ ਖ਼ਬਰ**

ਭਾਈ ਘਨ੍ਹੱਈਆ ਜੀ ਦਿੱਲੀ ਦੀ ਖ਼ਬਰ ਪਾਈ,
ਕਿ ਨ੍ਹੇਰਾ ਚਾਂਦਨੀ ਚੌਕ ਵਿਚ ਹੋ ਗਿਆ ਹੈ
ਪਿਤਾ ਸਾਡੇ 'ਤੇ ਤੇਗ ਨੇ ਵਾਰ ਕੀਤਾ
ਉਸ ਦੇ ਜ਼ੁਲਮ 'ਤੇ ਵਕਤ ਖੜ੍ਹੋ ਗਿਆ ਹੈ
ਸੁਣ ਕੇ ਖ਼ਬਰ ਘਨ੍ਹੱਈਆ ਪੁਕਾਰ ਉਠੇ,
ਹੁਣ ਨਈਂ ਮੁਗ਼ਲ ਨੂੰ ਕੋਈ ਬਚਾਉਣ ਵਾਲਾ
ਓਹ ਨਹੀ ਜੀ ਸਕਦਾ ਏਸ ਧਰਤ ਉੱਤੇ
ਸਾਡੇ ਪਿਤਾ ਦੇ ਖ਼ੂਨ ਵਿਚ ਨ੍ਹਾਉਣ ਵਾਲਾ
ਅੰਨ ਤੇ ਜਲ ਛੱਡਿਆ, ਮਨ ਬੈਰਾਗ ਹੋਇਆ,
ਕਹਿਣ ਮੁਗ਼ਲ ਸਰਕਾਰ ਨੇ ਢਾ ਦਿੱਤਾ
ਸ੍ਰੀ ਅਨੰਦਪੁਰ ਵੱਲ ਭਾਈ ਸਾਹਿਬ ਜੀ ਨੇ,
ਸੰਗਤਾਂ ਨਾਲ ਲੈ ਕੇ ਚਾਲਾ ਪਾ ਦਿੱਤਾ
ਦਰਸ਼ਨ ਪਾਇਕੇ ਗੁਰੂ ਦਸਮੇਸ਼ ਜੀ ਦੇ
ਆਈਆਂ ਰਿਦ੍ਹੇ ਨੂੰ ਕੱਛੁ ਤਸੱਲੀਆਂ ਨੇ,
ਝੱਲ ਹੋਏ ਨਾ ਦੁੱਖੜਾ ਸੰਗਤਾਂ ਤੋਂ,
ਝੱਲੀਆਂ ਹੋ ਗਈਆਂ ਜਿੰਦਾਂ ਝੱਲੀਆਂ ਨੇ।

**ਸ੍ਰੀ ਅਨੰਦਪੁਰ ਸਾਹਿਬ 'ਤੇ ਹਮਲਾ**

ਛੇਵੇਂ ਪਾਤਸ਼ਾਹ ਕਿਲ੍ਹਾ ਗਵਾਲੀਅਰ ਤੋਂ
ਕਰੀਆਂ ਜਿਨ੍ਹਾਂ ਉੱਤੇ ਕ੍ਰਿਪਾ ਭਾਰੀਆਂ ਨੇ
ਉਹ ਬਵੰਜਾ ਪਹਾੜੀਆਂ ਖ਼ਾਨਦਾਨਾਂ,
ਕਰੀਆਂ ਪਾਤਸ਼ਾਹ ਨਾਲ ਗ਼ਦਾਰੀਆਂ ਨੇ।
ਔਰੰਗਜ਼ੇਬ ਸੰਗ ਲਾ ਕਾ ਅਟ-ਸੱਟਾ
ਤੇਗਾਂ ਸਿੱਖਾਂ ਦੇ ਵੱਲ ਉਭਾਰੀਆਂ ਨੇ
ਐਪਰ ਸਿੰਘਾਂ ਦੇ ਨੇਜ਼ਿਆਂ ਖੰਡਿਆਂ ਨੇ,
ਲਾਈਆਂ ਉਨ੍ਹਾਂ ਦੇ ਖ਼ੂਨ ਵਿਚ ਤਾਰੀਆਂ ਨੇ



ਤੁਰਕਾਂ ਅਤੇ ਪਹਾੜੀਆਂ ਬੇਮੁਖਾਂ ਨੂੰ
ਸਿੰਘ ਸਦਾ ਦੀ ਨੀਂਦ ਸੁਲਾਈ ਜਾਂਦੇ
ਤੁਰਕਾਂ, ਸਿੰਘਾਂ, ਪਹਾੜੀਆਂ ਡਿੱਗਦਿਆਂ ਨੂੰ
ਭਾਈ, ਘਨ੍ਹੱਈਆ ਜੀ ਪਾਣੀ ਪਿਲਾਈ ਜਾਂਦੇ

**ਆਦੇਸ਼ ਤੇਰਾ ਗੋਬਿੰਦ**

ਆਦੇਸ਼ ਤੇਰਾ ਗੋਬਿੰਦ, ਹਰ ਪਲ ਨਿਭਾ ਰਿਹਾ ਹਾਂ
ਜੋ ਜਲ ਪਿਆ ਰਿਹਾ ਹਾਂ, ਤੈਨੂੰ ਪਿਲਾ ਰਿਹਾ ਹਾਂ
ਏਕਮ ਪਿਤਾ ਹਮਾਰਾ, ਹਮ ਏਕ ਕੇ ਹੈਂ ਬਾਰਕ
ਮੰਨ ਕੇ ਮਨਾ ਰਿਹਾ ਹਾਂ, ਮੰਨ ਕੇ ਵਿਖਾ ਰਿਹਾ ਹਾਂ
ਤੇਰੀ ਮਸ਼ਕ 'ਚ ਭਰਕੇ, ਤੇਰੀ ਮਿਹਰ ਦਾ ਪਾਣੀ,
ਬੱਦਲਾਂ ਦੇ ਵਾਂਗ ਦਾਤਾ, ਸਭ ਤੋਂ ਵਰ੍ਹਾ ਰਿਹਾ ਹਾਂ।
ਦੂਈ-ਦਵੈਤ ਸਾਰੇ, ਸਭ ਵੈਰ-ਭਾਵ ਸਾਰੇ,
ਜੱਗ 'ਚੋਂ ਮੁਕਾ ਰਿਹਾ ਹਾਂ, ਜਲ ਵਿਚ ਵਹਾ ਰਿਹਾ ਹਾਂ।
ਮੇਰੇ ਮਨ 'ਚ ਤੇਰਾ ਮਨ ਹੈ, ਮੇਰੇ ਦਿਲ 'ਚ ਤੇਰਾ ਦਿਲ ਹੈ,
ਤੇਰਾ ਦਿਲ ਵਿਸ਼ਾਲ ਕਿੰਨਾ, ਤੇਰਾ ਦਿਲ ਵਿਖਾ ਰਿਹਾ ਹਾਂ।
ਸਭਨਾ ਦਾ ਮੀਤ ਹੋਣਾ, ਸਭ ਦਾ ਸਜਨ ਕਹਾਉਣਾ,
ਇਸ ਮਸ਼ਕ ਦੇ ਸਕੂਲੋਂ, ਮਸ਼ਕਾਂ ਕਰਾ ਰਿਹਾ ਹਾਂ।
ਜ਼ਖਮੀ ਜਦੋਂ ਪੁਕਾਰੇ, ਇਹ ਦਿਲ ਕਿਵੇਂ ਸਹਾਰੇ,
ਜਲ ਮਸ਼ਕ ਵਿਚੋਂ ਤੇਰੇ, ਮੁੱਖ ਨੂੰ ਲਗਾ ਰਿਹਾ ਹਾਂ
ਦੀਦੇ ਬੜੀ ਹੀ ਮੁਸ਼ਕਲ, ਤੇਰੇ ਦੁਆਰ ਮੰਨੇ
ਮਨ ਚਾੜ੍ਹ ਤੇਰੇ ਅੱਗੇ, ਤੈਨੂੰ ਮਨਾ ਰਿਹਾ ਹਾਂ
ਹਰ ਨਜ਼ਰ ਤੈਨੂੰ ਪਾਵੇ, ਦੂਜਾ ਨਜ਼ਰ ਨਾ ਆਵੇ,
ਨਜ਼ਰ 'ਚ ਵੱਸ ਵਸਾ ਕੇ, ਨਜ਼ਰਾਂ 'ਚ ਆ ਰਿਹਾ ਹਾਂ।
ਤੇਰੇ ਨੇ ਰੰਗ ਦਾਤਾ, ਤੇਰੇ ਹੀ ਰੰਗ-ਰਾਤਾ
ਤੇਰੇ ਹੀ ਰੰਗ ਦਾ ਪਾਣੀ, ਤੈਨੂੰ ਛਕਾ ਰਿਹਾ ਹਾਂ

ਚਲਦਾ..

ਮੋਬਾਈਲ : 90419-19908

# ਐਰਿਕਸਨ ਵੱਲੋਂ ਜੁਲਾਈ 'ਚ ਭਾਰਤ ਤੋਂ ਐਂਟੀਨਾ ਨਿਰਯਾਤ ਦੀ ਸ਼ੁਰੂਆਤ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 1 ਜੁਲਾਈ। ਐਰਿਕਸਨ ਨੇ ਸੋਮਵਾਰ ਨੂੰ ਵਿਸ਼ਵ ਬਾਜ਼ਾਰਾਂ ਲਈ ਭਾਰਤ ਵਿੱਚ ਨਿਰਮਿਤ ਆਪਣੇ ਪਹਿਲੇ ਐਂਟੀਨਾ ਮਾਡਲ ਦੀ ਰਿਲੀਜ਼ ਦਾ ਐਲਾਨ ਕੀਤਾ। ਕੰਪਨੀ ਨੇ ਇੱਕ ਬਿਆਨ 'ਚ ਕਿਹਾ ਕਿ ਇਹ ਐਂਟੀਨਾ ਜੂਨ ਤੋਂ ਵਪਾਰਕ ਤੌਰ 'ਤੇ ਉਪਲਬਧ ਹੋਇਆ, ਅੰਤਰਰਾਸ਼ਟਰੀ ਨਿਰਯਾਤ ਜੁਲਾਈ ਵਿੱਚ ਸ਼ੁਰੂ ਕੀਤਾ ਜਾਵੇਗਾ, ਜੋ ਕਿ ਨਵੀਨਤਾ ਅਤੇ ਡਿਲੀਵਰੀ ਲਈ ਇੱਕ ਰਣਨੀਤਕ ਅਧਾਰ ਵਜੋਂ ਭਾਰਤ ਪ੍ਰਤੀ ਕੰਪਨੀ ਦੀ ਵਚਨਬੱਧਤਾ ਨੂੰ ਹੋਰ ਮਜ਼ਬੂਤ ??ਕਰਦਾ ਹੈ। ਇਸਦਾ ਉਦਘਾਟਨ ਉੱਤਰ ਪੂਰਬੀ ਖੇਤਰ ਦੇ ਸੰਚਾਰ ਅਤੇ ਵਿਕਾਸ ਮੰਤਰੀ, ਜਯੋਤੀਰਾਦਿੱਤਿਆ ਸਿੰਧੀਆ ਦੀ ਮੌਜੂਦਗੀ ਵਿੱਚ ਕੀਤਾ ਗਿਆ। ਐਰਿਕਸਨ ਭਾਰਤ ਵਿੱਚ ਆਪਣੇ ਪੈਸਿਵ ਐਂਟੀਨਾ ਨਿਰਮਾਣ ਅਤੇ ਇੰਜੀਨੀਅਰਿੰਗ ਈਕੋਸਿਸਟਮ ਦਾ ਵਿਸਤਾਰ ਕਰ ਰਿਹਾ ਹੈ - ਇੱਕ ਐਂਡ-ਟੂ-ਐਂਡ ਸਮਰੱਥਾ ਦਾ ਨਿਰਮਾਣ ਕਰ ਰਿਹਾ ਹੈ ਜਿਸ ਵਿੱਚ ਸਥਾਨਕ ਸੋਰਸਿੰਗ, ਉਤਪਾਦਨ ਅਤੇ ਇੰਜੀਨੀਅਰਿੰਗ ਸ਼ਾਮਲ ਹਨ, ਜਿਸ ਵਿੱਚ ਹੱਲ ਵਿਸ਼ੇਸ਼ ਤੌਰ 'ਤੇ ਗਲੋਬਲ ਅਤੇ ਭਾਰਤੀ ਨੈੱਟਵਰਕ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਤਿਆਰ ਕੀਤੇ ਗਏ ਹਨ। ਐਰਿਕਸਨ ਨੇ ਇਹ ਯਾਤਰਾ ਇੱਕ ਸਾਲ ਪਹਿਲਾਂ ਸਥਾਨਕ ਈਕੋਸਿਸਟਮ ਨੂੰ ਬਣਾਉਣ ਅਤੇ ਭਾਰਤ ਵਿੱਚ ਕੰਪੋਨੈਂਟ ਅਤੇ ਐਂਟੀਨਾ ਨਿਰਮਾਣ ਸਥਾਪਤ ਕਰਨ ਦੇ ਕੇਂਦ੍ਰਿਤ ਯਤਨ ਨਾਲ ਸ਼ੁਰੂ ਕੀਤੀ ਸੀ। ਸਿੰਧੀਆ ਨੇ ਕਿਹਾ ਕਿ ਇਸ ਸਹੂਲਤ ਦੇ ਉਦਘਾਟਨ ਦਾ ਹਿੱਸਾ ਬਣਨਾ ਮੇਰੇ ਲਈ ਬਹੁਤ ਮਾਣ ਵਾਲੀ ਗੱਲ ਹੈ, ਜੋ ਕਿ ਭਾਰਤ ਵਿੱਚ ਸਾਡੇ ਲਈ ਇੱਕ ਇਤਿਹਾਸਕ ਪਲ ਹੈ। ਇਹ ਇੱਕ ਅਜਿਹਾ ਪਲ ਹੈ ਜੋ ਭਾਰਤ ਵਿੱਚ ਟੈਲੀਕਾਮ ਨਿਰਮਾਣ ਕ੍ਰਾਂਤੀ ਦੇ ਆਗਮਨ ਦਾ ਸੰਕੇਤ ਦਿੰਦਾ ਹੈ। ਕੇਂਦਰੀ ਮੰਤਰੀ ਨੇ ਕਿਹਾ ਕਿ ਐਰਿਕਸਨ 100 57 ਵਰਤੋਂ ਕੇਸ ਲੈਬ ਪਹਿਲਕਦਮੀ ਰਾਹੀਂ ਭਾਰਤ ਸਰਕਾਰ ਨਾਲ ਟੈਲੀਕਾਮ ਕੰਪਨੀਆਂ ਨਾਲ




ਸਾਂਝੇਦਾਰੀ ਕਰ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਐਰਿਕਸਨ ਸਾਡੀਆਂ 100 57 ਵਰਤੋਂ ਕੇਸ ਲੈਬਾਂ ਰਾਹੀਂ ਭਾਰਤ ਸਰਕਾਰ ਨਾਲ ਟੈਲੀਕਾਮ ਈਕੋਸਿਸਟਮ ਵਿੱਚ ਵੀ ਸਾਂਝੇਦਾਰੀ ਕਰ ਰਿਹਾ ਹੈ। ਕੰਪਨੀ ਆਈਆਈਟੀ ਮਦਰਾਸ, ਇੰਡੀਅਨ ਇੰਸਟੀਚਿਊਟ ਆਫ਼ ਕੁਆਂਟਮ ਕਮਿਊਨੀਕੇਸ਼ਨਜ਼ ਨਾਲ ਬਹੁਤ ਸਾਰੇ ਉੱਦਮਾਂ ਨਾਲ ਕੰਮ ਕਰਨ ਵਿੱਚ ਇੱਕ ਬਹੁਤ ਹੀ ਕੀਮਤੀ ਭਾਈਵਾਲ ਹੈ। ਐਰਿਕਸਨ ਐਂਟੀਨਾ ਸਿਸਟਮ ਐਰਿਕਸਨ ਦੇ ਮੁਖੀ ਮਿਕੇਲ ਏਰਿਕਸਨ ਨੇ ਕਿਹਾ ਕਿ ਅਸੀਂ ਭਾਰਤ 'ਚ ਇੱਕ ਐਂਡ-ਟੂ-ਐਂਡ ਐਂਟੀਨਾ ਈਕੋਸਿਸਟਮ ਬਣਾਉਣ ਲਈ ਵਚਨਬੱਧ ਹਾਂ - ਇੱਕ ਅਜਿਹਾ ਜਿਸ ਵਿੱਚ ਸਥਾਨਕ ਸੋਰਸਿੰਗ, ਉਤਪਾਦਨ ਅਤੇ ਇੰਜੀਨੀਅਰਿੰਗ ਸ਼ਾਮਲ ਹੈ। ਇਹ ਸਮਰੱਥਾ ਪ੍ਰਤਿਭਾ ਅਤੇ ਤਕਨਾਲੋਜੀ ਵਿੱਚ ਇੱਕ ਲੰਬੇ ਸਮੇਂ ਦਾ ਨਿਵੇਸ਼ ਹੈ। ਸਾਡੇ ਉੱਨਤ ਪੈਸਿਵ ਐਂਟੀਨਾ ਵਿਸ਼ਵ ਪੱਧਰ 'ਤੇ 57 ਨੈੱਟਵਰਕਾਂ ਦੇ ਵਿਕਾਸ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ, ਅਤੇ ਸਾਡੀ ਵਧਦੀ ਸਥਾਨਕ ਮੌਜੂਦਗੀ ਦੇ ਨਾਲ, ਅਸੀਂ ਭਵਿੱਖ ਲਈ ਤਿਆਰ ਹੱਲ ਪ੍ਰਦਾਨ ਕਰ ਸਕਦੇ ਹਾਂ ਜੋ ਸਾਡੇ ਗਾਹਕਾਂ ਦੀਆਂ ਬਦਲਦੀਆਂ ਜ਼ਰੂਰਤਾਂ ਨੂੰ ਪੂਰਾ ਕਰਦੇ ਹਨ। ਐਰਿਕਸਨ ਇੰਡੀਆ ਦੇ ਮੈਨੇਜਿੰਗ ਡਾਇਰੈਕਟਰ ਨਿਤਿਨ ਬਾਂਸਲ ਨੇ ਕਿਹਾ ਕਿ ਭਾਰਤ ਤੇਜ਼ੀ ਨਾਲ ਉੱਚ-ਤਕਨੀਕੀ ਨਿਰਮਾਣ ਅਤੇ ਨਵੀਨਤਾ ਲਈ ਇੱਕ ਗਲੋਬਲ ਹੱਬ ਵਜੋਂ ਉੱਭਰ ਰਿਹਾ ਹੈ। ਸਥਾਨਕ ਉਤਪਾਦਨ ਅਤੇ ਇੰਜੀਨੀਅਰਿੰਗ ਵਿੱਚ ਐਰਿਕਸਨ ਦਾ ਨਿਵੇਸ਼ ਨਾ ਸਿਰਫ਼ ਭਾਰਤ ਦੇ ਟੈਲੀਕਾਮ ਬੁਨਿਆਦੀ ਢਾਂਚੇ ਨੂੰ ਮਜ਼ਬੂਤ ??ਕਰਦਾ ਹੈ ਸਗੋਂ ਇੱਕ ਲਚਕੀਲਾ ਭਵਿੱਖ ਲਈ ਤਿਆਰ ਈਕੋਸਿਸਟਮ ਬਣਾਉਣ ਵਿੱਚ ਵੀ ਯੋਗਦਾਨ ਪਾਉਂਦਾ ਹੈ। ਭਾਰਤ ਵਿਚ ਤਿਆਰ ਕੀਤੇ ਗਏ ਐਂਟੀਨਾ ਐਰਿਕਸਨ ਦੇ ਗੁਣਵੱਤਾ ਅਤੇ ਪ੍ਰਦਰਸ਼ਨ ਲਈ ਸਖ਼ਤ ਵਿਸ਼ਵਵਿਆਪੀ ਮਾਪਦੰਡਾਂ ਦੀ ਪਾਲਣਾ ਕਰਨਗੇ, ਇਹ ਯਕੀਨੀ ਬਣਾਉਣਗੇ ਕਿ ਉਹ ਘਰੇਲੂ ਆਪਰੇਟਰਾਂ ਅਤੇ ਅੰਤਰਰਾਸ਼ਟਰੀ ਗਾਹਕਾਂ ਦੋਵਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦੇ ਹਨ।

## ਕਮਿਸ਼ਨਰੇਟ ਪੁਲਸ ਜਲੰਧਰ ਨੇ ਜੂਨ ਮਹੀਨੇ 'ਚ 15 ਭਗੌੜੇ ਮੁਲਜ਼ਮਾਂ ਨੂੰ ਕੀਤਾ ਗ੍ਰਿਫ਼ਤਾਰ

**ਕੌਮੀ ਪਤ੍ਰਿਕਾ**

ਜਲੰਧਰ 1 ਜੁਲਾਈ। ਸ਼ਹਿਰ ਵਿੱਚ ਕਾਨੂੰਨ ਵਿਵਸਥਾ ਬਣਾਈ ਰੱਖਣ ਤੇ ਆਪਣੇ ਇਰਾਦੇ ਨੂੰ ਮਜ਼ਬੂਤ ਕਰਦੇ ਹੋਏ ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਦੀ ਅਗਵਾਈ ਹੇਠ ਜੂਨ ਮਹੀਨੇ ਦੌਰਾਨ ਵੱਖ-ਵੱਖ ਮੁਕੱਦਮਿਆਂ ਵਿੱਚ 15 ਭਗੌੜੇ ਮੁਲਜ਼ਮਾਂ (ਪੀਓ) ਨੂੰ ਸਫਲਤਾਪੂਰਵਕ ਗ੍ਰਿਫ਼ਤਾਰ ਕੀਤਾ ਹੈ। ਵੇਰਵਾ ਸਾਂਝਾ ਕਰਦੇ ਹੋਏ, ਸੀਪੀ ਜਲੰਧਰ ਨੇ ਕਿਹਾ ਕਿ ਪੀਓ ਸਟਾਫ ਅਤੇ ਵੱਖ-ਵੱਖ ਪੁਲਸ ਥਾਣਿਆਂ ਦੀਆਂ ਟੀਮਾਂ ਨੇ ਕਈ ਨਿਸ਼ਾਨਾਬੱਧ ਛਾਪੇਮਾਰੀਆਂ ਕੀਤੀਆਂ। ਰਣਨੀਤਕ ਤਾਲਮੇਲ, ਤਕਨੀਕੀ ਜਾਣਕਾਰੀ ਅਤੇ ਉੱਨਤ ਨਿਗਰਾਨੀ ਦੇ ਸਮਰਥਨ ਨਾਲ ਜੂਨ ਮਹੀਨੇ ਦੇ ਵਿੱਚ 15 ਭਗੌੜਿਆਂ ਦੀ ਸਫਲਤਾਪੂਰਵਕ ਗ੍ਰਿਫ਼ਤਾਰ ਕੀਤਾ। ਮਾਰਚ ਤੋਂ ਲੈ ਕੇ, ਕਮਿਸ਼ਨਰੇਟ ਪੁਲਸ ਜਲੰਧਰ ਨੇ ਕੁੱਲ 54 ਭਗੌੜੇ ਅਪਰਾਧੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜੋ ਭਗੌੜਿਆਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਉਣ ਦੇ ਨਿਰੰਤਰ ਅਤੇ ਦ੍ਰਿੜ ਯਤਨਾਂ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਸਾਡੀਆਂ ਪੁਲਸ ਟੀਮਾਂ ਇਹ ਯਕੀਨੀ ਬਣਾਉਣ ਲਈ ਅਣਥੱਕ ਮਿਹਨਤ ਕਰ ਰਹੀਆਂ ਹਨ ਕਿ ਅਪਰਾਧੀ ਨਿਆਂ ਤੋਂ ਭੱਜ ਨਾ ਸਕਣ। ਕੁਝ ਹੀ ਮਹੀਨਿਆਂ ਵਿੱਚ 54 ਪੀਓ ਦੀ ਗ੍ਰਿਫਤਾਰੀ ਸਾਡੀ ਕਾਨੂੰਨ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਅਸੀਂ ਇਹ ਸਪੱਸ਼ਟ ਕਰ ਰਹੇ ਹਾਂ - ਨਿਆਂ ਤੋਂ ਭੱਜਣ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ ਫੜਿਆ ਜਾਵੇਗਾ ਅਤੇ ਉਹਨਾਂ ਖਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## 'ਬਲਾਕ ਦੀਆਂ ਗ੍ਰਾਮ ਪੰਚਾਇਤਾਂ ਦੀਆਂ ਰਹਿੰਦੀਆਂ ਚੋਣਾਂ/ਉਪ-ਚੋਣਾਂ 2025 ਲਈ ਵੋਟਾਂ ਦੀ ਅਪਡੇਸ਼ਨ ਦਾ ਪ੍ਰੋਗਰਾਮ ਜਾਰੀ'

**ਕੌਮੀ ਪਤ੍ਰਿਕਾ**

ਤਰਨਤਾਰਨ 1 ਜੁਲਾਈ। ਰਾਜ ਚੋਣ ਕਮਿਸ਼ਨ ਵੱਲੋਂ ਬਲਾਕ ਤਰਨਤਾਰਨ ਦੀਆਂ ਗ੍ਰਾਮ ਪੰਚਾਇਤ ਕਾਜੀਕੋਟ-(70), ਨਾਲਾਗੜ੍ਹ- (69), ਕੱਕਾ ਕੰਡਿਆਲਾ-(63), ਪੰਡੋਰੀ ਗੋਲਾ-(79) ਅਤੇ ਬਲਾਕ ਭਿੱਖੀਵਿੰਡ ਦੀ ਗ੍ਰਾਮ ਪੰਚਾਇਤ ਮਾੜੀ ਕੰਬੋਕੇ ਦੀਆਂ ਰਹਿੰਦੀਆਂ ਚੋਣਾਂ/ਉਪ-ਚੋਣਾਂ 2025 ਲਈ ਵੋਟਾਂ ਦੀ ਸੁਧਾਈ ਅਤੇ ਅਪਡੇਸ਼ਨ ਦਾ ਪ੍ਰੋਗਰਾਮ ਜਾਰੀ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਤਰਨਤਾਰਨ ਰਾਹੁਲ ਨੇ ਦੱਸਿਆ ਕਿ ਇਸ ਪ੍ਰੋਗਰਾਮ ਅਨੁਸਾਰ ਵੋਟਰ ਸੂਚੀਆਂ ਦੀ ਤਿਆਰੀ ਦੀ ਮਿਤੀ 30 ਜੂਨ ਤੋਂ 6 ਜੁਲਾਈ 2025, ਡਰਾਫਟ ਵੋਟਰ ਰੋਲ ਦੀ ਪ੍ਰਕਾਸ਼ਨਾ ਮਿਤੀ 07 ਜੁਲਾਈ 2025, ਦਾਅਵੇ ਤੇ ਇਤਰਾਜ ਦਰਜ ਕਰਵਾਉਣ ਦੀ ਮਿਤੀ 08 ਜੁਲਾਈ 2025 ਤੋਂ 16 ਜੁਲਾਈ 2025 ਤੱਕ, ਪ੍ਰਾਪਤ ਦਾਅਵੇ/ਇਤਰਾਜ ਮਿਤੀ 21 ਜੁਲਾਈ 2025 ਤੱਕ ਨਿਪਟਾਏ ਜਾਣਗੇ ਅਤੇ ਵੋਟਰ ਰੋਲ ਦੀ ਅੰਤਿਮ (ਫਾਈਨਲ) ਪ੍ਰਕਾਸ਼ਨਾ ਦੀ ਮਿਤੀ 22 ਜੁਲਾਈ 2025 ਨੂੰ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਮੰਤਵ ਲਈ ਜ਼ਿਲ੍ਹਾ ਤਰਨਤਾਰਨ ਦੇ ਚੋਣਕਾਰ ਰਜਿਸਟ?ਰੇਸ਼ਨ ਅਫਸਰ-ਕਮ-ਉਪ ਮੰਡਲ ਮੈਜਿਸਟਰੇਟ ਤਰਨਤਾਰਨ, ਖਡੂਰ ਸਾਹਿਬ ਅਤੇ ਭਿੱਖੀਵਿੰਡ ਬਤੌਰ ਚੋਣਕਾਰ ਰਜਿਸਟਰੇਸ਼ਨ ਅਫਸਰ ਵਜੋਂ ਕੰਮ ਕਰਨਗੇ। ਇਸ ਸਬੰਧ ਵਿਚ ਉਨ੍ਹਾਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ। ਬਲਾਕ ਤਰਨਤਾਰਨ, ਖਡੂਰ ਸਾਹਿਬ ਅਤੇ ਭਿੱਖੀਵਿੰਡ ਦੇ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਉਨ੍ਹਾਂ ਦੇ ਬਲਾਕ ਨਾਲ ਸਬੰਧਤ ਚੋਣਕਾਰ ਰਜਿਸਟਰੇਸ਼ਨ ਅਫਸਰ ਨਾਲ ਤੁਰੰਤ ਸੰਪਰਕ ਕਰਨਗੇ, ਆਮ ਲੋਕਾਂ ਦੀ ਜਾਣਕਾਰੀ ਲਈ ਪਿੰਡ ਵਿਚ ਸੁਧਾਈ ਸਬੰਧੀ ਮੁਨਿਆਦੀ ਕਰਵਾਉਣਗੇ ਅਤੇ ਸੁਧਾਈ ਨਾਲ ਸਬੰਧਤ ਕੰਮ ਲਈ ਆਪਣਾ ਪੂਰਨ ਸਹਿਯੋਗ ਦੇਣਗੇ। ਇਹ ਸਾਰੀ ਸੂਚਨਾ ਜ਼ਿਲ੍ਹੇ ਦੀ ਵੈੱਬ ਸਾਈਟ 'ਤੇ ਉਪਲੱਬਧ ਹੈ।

## ਜ਼ਿਲ੍ਹਾ ਮੈਜਿਸਟਰੇਟ ਨੇ ਖ਼ਾਲੀ ਪਏ ਪਲਾਟਾਂ ਦੀ ਤੁਰੰਤ ਸ.ਫ਼ਾਈ ਕਰਨ ਦੇ ਨਿਰਦੇਸ਼ ਕੀਤੇ ਜਾਰੀ

**ਕੌਮੀ ਪਤ੍ਰਿਕਾ**

ਗੁਰਦਾਸਪੁਰ 1 ਜੁਲਾਈ। ਜ਼ਿਲ੍ਹਾ ਮੈਜਿਸਟਰੇਟ ਦਲਵਿੰਦਰਜੀਤ ਸਿੰਘ, ਆਈ.ਏ.ਐੱਸ. ਨੇ ਭਾਰਤੀ ਨਾਗਰਿਕ ਸੁਰੱਖਿਆ ਸਹਿਤਾ, 2023 ਦੀ ਧਾਰਾ 163




ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਗੁਰਦਾਸਪੁਰ ਦੀ ਹਦੂਦ ਅੰਦਰ ਨਿੱਜੀ ਕਬਜ਼ੇ/ਮਾਲਕੀ ਵਾਲੇ ਖ਼ਾਲੀ ਪਏ ਪਲਾਟਾਂ ਵਿੱਚ ਕੂੜੇ-ਕਰਕਟ, ਗੰਦਗੀ ਅਤੇ ਗੰਦੇ ਪਾਣੀ ਦੇ ਇਕੱਠੇ ਹੋਣ ਕਾਰਨ ਹੋਣ ਵਾਲੀਆਂ ਬਿਮਾਰੀਆਂ ਦੇ ਬਚਾਅ ਲਈ ਅਗਾਊਂ ਢੁਕਵੇਂ ਪ੍ਰਬੰਧ ਯਕੀਨੀ ਬਣਾਉਣ ਲਈ ਹੁਕਮ ਜਾਰੀ ਕੀਤੀ ਹਨ। ਮਨਾਹੀ ਦੇ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਸ਼ਹਿਰਾਂ ਵਿੱਚ ਖ਼ਾਲੀ ਪਏ ਪਲਾਟਾਂ ਦੇ ਮਾਲਕ/ਕਾਬਜ਼ ਆਪਣੇ ਖ਼ਾਲੀ ਪਲਾਟਾਂ ਵਿੱਚ ਲੱਗੇ ਕੂੜੇ-ਕਰਕਟ ਦੇ ਢੇਰ ਗੰਦਗੀ ਅਤੇ ਮੀਂਹ ਦੇ ਰੁਕੇ ਹੋਏ ਗੰਦੇ ਪਾਣੀ ਦੀ ਤੁਰੰਤ ਸਾਫ਼-ਸਫ਼ਾਈ ਆਪਣੇ ਪੱਧਰ 'ਤੇ ਕਰਵਾਉਣੀ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਆਪਣੀ ਮਾਲਕੀ/ਕਬਜ਼ੇ ਵਾਲੇ ਖ਼ਾਲੀ ਪਲਾਟਾਂ ਦੇ ਆਲੇ-ਦੁਆਲੇ ਪੱਕੀ ਚਾਰ-ਦੀਵਾਰੀ ਜਾਂ ਵਾੜ ਕਰਵਾਉਣੀ ਯਕੀਨੀ ਬਣਾਉਣਗੇ ਤਾਂ ਜੋ ਪਲਾਟ ਵਿੱਚ ਕੂੜਾ-ਕਰਕਟ ਇਕੱਠਾ ਹੋਣ ਤੋਂ ਰੋਕਿਆ ਜਾਵੇ। ਉਨ੍ਹਾਂ ਕਿਹਾ ਕਿ ਇਹ ਹੁਕਮ ਮੌਜੂਦਾ ਸਥਿਤੀ ਨੂੰ ਮੁੱਖ ਰੱਖਦੇ ਇੱਕ ਤਰਫ਼ਾ ਪਾਸ ਕੀਤਾ ਜਾਂਦਾ ਹੈ ਜੋ ਆਮ ਜਨਤਾ ਨੂੰ ਸੰਬੋਧਿਤ ਹੈ। ਉਨ੍ਹਾਂ ਕਿਹਾ ਕਿ ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ ਅਤੇ ਕਮਿਸ਼ਨਰ ਨਗਰ ਨਿਗਮ ਬਟਾਲਾ ਆਪਣੇ-ਆਪਣੇ ਅਧਿਕਾਰ ਖੇਤਰ ਵਿੱਚ ਬੀ.ਐੱਨ.ਐੱਸ.ਐੱਸ. ਦੀ ਧਾਰਾ 163 ਰਾਹੀਂ ਜਾਰੀ ਇਨ੍ਹਾਂ ਹੁਕਮਾਂ ਦੀ ਪਾਲਣਾ ਪੰਜਾਬ ਮਿਊਂਸੀਪਲ ਕਾਰਪੋਰੇਸ਼ਨ ਐਕਟ 1976, ਐਨਵਾਇਰਨਮੈਂਟ (ਪ੍ਰੋਟੈਕਸ਼ਨ) ਐਕਟ, 1986 ਅਤੇ ਮਿਊਂਸੀਪਲ ਸਾਲਿਡ ਵੇਸਟ (ਮੈਨੇਜਮੈਂਟ ਐਂਡ ਹੈਂਡਲਿੰਗ) ਰੂਲਸ 2016 ਅਧੀਨ ਪ੍ਰਾਪਤ ਅਧਿਕਾਰਾਂ ਤਹਿਤ ਕਰਵਾਉਣੀ ਯਕੀਨੀ ਬਣਾਉਣਗੇ। ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਵਿਅਕਤੀਆਂ/ਅਦਾਰਿਆਂ ਵਿਰੁੱਧ ਜਨਤਕ ਸਿਹਤ ਨੂੰ ਨੁਕਸਾਨ ਪਹੁੰਚਾਉਣ ਦੇ ਸਿੱਟੇ ਵਜੋਂ ਉਕਤ ਨਿਯਮਾਂ ਤਹਿਤ ਜੁਰਮਾਨੇ ਅਤੇ ਕਾਨੂੰਨੀ ਕਾਰਵਾਈ ਕਰਦੇ ਹੋਏ ਮਾਮਲੇ ਦਰਜ ਕੀਤੇ ਜਾਣਗੇ। ਇਸ ਤੋਂ ਇਲਾਵਾ ਜੇਕਰ ਪਲਾਟ ਦੀ ਸਾਫ਼-ਸਫ਼ਾਈ ਦਾ ਕੰਮ ਨਗਰ ਨਿਗਮ ਜਾਂ ਨਗਰ ਕੌਂਸਲ/ਪੰਚਾਇਤ ਵੱਲੋਂ ਕਰਵਾਇਆ ਜਾਂਦਾ ਹੈ ਤਾਂ ਸਾਫ਼-ਸਫ਼ਾਈ 'ਤੇ ਹੋਣ ਵਾਲੇ ਖ਼ਰਚ ਦੀ ਰਿਕਵਰੀ ਪਲਾਟ ਦੇ ਕਾਬਜ਼/ਮਾਲਕ ਪਾਸੋਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਹੁਕਮ 01 ਜੁਲਾਈ 2025 ਤੋਂ ਅਗਲੇ ਹੁਕਮਾਂ ਤੱਕ ਲਾਗੂ ਰਹਿਣਗੇ।

## ਤੇਜ਼ ਰ.ਫ਼ਤਾਰ ਦਾ ਕਹਿਰ, ਘਰ ਅੱਗੇ ਬਣੀ ਦੁਕਾਨ 'ਚ ਜਾ ਵੜਿਆ ਟਰੱਕ

ਸ਼ਿਮਲਾ 1 ਜੁਲਾਈ। ਐਤਵਾਰ ਸਵੇਰੇ ਅੰਬ-ਊਨਾ ਮੁੱਖ ਸੜਕ 'ਤੇ ਪਿੰਡ ਦਿਆੜਾ ਵਿਚ ਇਕ ਵੱਡਾ ਸੜਕ ਹਾਦਸਾ ਵਾਪਰ ਗਿਆ। ਜਾਣਕਾਰੀ ਮੁਤਾਬਕ ਇਕ ਤੇਜ਼ ਰਫ਼ਤਾਰ ਟਰੱਕ ਬੇਕਾਬੂ ਹੋ ਕੇ ਸੜਕ ਕਿਨਾਰੇ ਇਕ ਦੁਕਾਨ 'ਚ ਜਾ ਵੜਿਆ। ਖ਼ੁਸ਼ਕਿਸਮਤੀ ਨਾਲ ਇਸ ਹਾਦਸੇ ਵਿਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਚਸ਼ਮਦੀਦਾਂ ਮੁਤਾਬਕ ਟਰੱਕ ਅਚਾਨਕ ਕੰਟਰੋਲ ਤੋਂ ਬਾਹਰ ਹੋ ਗਿਆ ਅਤੇ ਇਕ ਬਿਜਲੀ ਦੇ ਖੰਭੇ ਨਾਲ ਟਕਰਾਉਣ ਤੋਂ ਬਾਅਦ ਘਰ ਅੱਗੇ ਬਣੀ ਇਕ ਦੁਕਾਨ ਵਿਚ ਜਾ ਵੜਿਆ। ਟਰੱਕ ਦੀ ਟੱਕਰ ਕਾਰਨ ਜਿੱਥੇ ਖੰਭਾ ਨੁਕਸਾਨਿਆ ਗਿਆ, ਉੱਥੇ ਹੀ ਦੁਕਾਨ ਨੂੰ ਵੀ ਨੁਕਸਾਨ ਪਹੁੰਚਿਆ ਪਰ ਕੋਈ ਵੀ ਵਿਅਕਤੀ ਇਸ ਦੀ ਲਪੇਟ ਵਿਚ ਨਹੀਂ ਆਇਆ। ਸਾਮਾਨ ਨਾਲ ਭਰਿਆ ਟਰੱਕ ਊਨਾ ਤੋਂ ਦੌਲਤਪੁਰ ਜਾ ਰਿਹਾ ਸੀ। ਦੱਸਿਆ ਜਾ ਰਿਹਾ ਹੈ ਕਿ ਇਸ ਮਾਮਲੇ ਵਿਚ ਦੋਵਾਂ ਧਿਰਾਂ ਦਾ ਸਮਝੌਤਾ ਹੋ ਗਿਆ ਹੈ ਅਤੇ ਕਿਸੇ ਵੀ ਧਿਰ ਨੇ ਪੁਲਸ ਕੋਲ ਸ਼ਿਕਾਇਤ ਦਰਜ ਨਹੀਂ ਕਰਵਾਈ ਹੈ। ਡੀ. ਐੱਸ. ਪੀ. ਅੰਬ ਡਾ. ਵਸੁਧਾ ਸੂਦ ਨੇ ਕਿਹਾ ਕਿ ਪੁਲਸ ਨੂੰ ਇਸ ਸਬੰਧੀ ਕੋਈ ਜਾਣਕਾਰੀ ਨਹੀਂ ਮਿਲੀ ਹੈ।

## ਮੁਸਲਿਮ ਔਰਤ ਨੇ ਹਿੰਦੂ ਬਣ ਕੇ ਟੀਚਰ ਨਾਲ ਕਰਵਾਇਆ ਵਿਆਹ

ਕੁਸ਼ੀਨਗਰ 1 ਜੁਲਾਈ। ਉੱਤਰ ਪ੍ਰਦੇਸ਼ ਦੇ ਕੁਸ਼ੀਨਗਰ ਜ਼ਿਲ੍ਹੇ ਤੋਂ ਇਕ ਹੈਰਾਨ ਕਰਨ ਵਾਲੀ ਅਤੇ ਦਰਦਨਾਕ ਘਟਨਾ ਸਾਹਮਣੇ ਆਈ ਹੈ, ਜਿੱਥੇ ਇਕ ਮੁਸਲਿਮ ਔਰਤ ਨੇ ਆਪਣੇ ਆਪ ਨੂੰ ਹਿੰਦੂ ਦੱਸ ਕੇ ਮੱਧ ਪ੍ਰਦੇਸ਼ ਦੇ ਇਕ ਟੀਚਰ ਨਾਲ ਵਿਆਹ ਕਰਵਾ ਲਿਆ ਪਰ ਵਿਆਹ ਦੀ ਪਹਿਲੀ ਹੀ ਰਾਤ ਔਰਤ ਨੇ ਟੀਚਰ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ। ਦਰਅਸਲ ਦੇਵਰੀਆ ਦੀ ਰਹਿਣ ਵਾਲੀ ਮੁਸਲਿਮ ਔਰਤ ਨੇ ਟੀਚਰ ਇੰਦਰ ਸ੍ਰੀਵਾਸਤਵ ਨੂੰ ਆਪਣੇ ਜਾਲ ਵਿਚ ਫਸਾਇਆ। ਪਹਿਲਾਂ ਤਾਂ ਉਸ ਨੇ ਪਿਆਰ ਦਾ ਨਾਟਕ ਕਰਦਿਆਂ ਵਿਆਹ ਕਰ ਲਿਆ ਫਿਰ ਨਵ ਵਿਆਹੀ ਜੋੜਾ ਹੋਟਲ 'ਚ ਗਿਆ। ਉਥੇ ਸੁਹਾਗਰਾਤ ਦੇ ਦਿਨ ਹੀ ਉਸ ਨੇ ਆਪਣੇ ਪ੍ਰੇਮੀ ਦੀ ਮਦਦ ਨਾਲ ਇੰਦਰ ਦਾ ਕਤਲ ਕਰ ਦਿੱਤਾ। ਕਤਲ ਮਗਰੋ ਲਾਸ਼ ਨੂੰ 25 ਕਿਲੋਮੀਟਰ ਦੂਰ ਲੈ ਜਾ ਕੇ ਝਾੜੀਆਂ ਵਿਚ ਸੁੱਟ ਦਿੱਤਾ ਗਿਆ। ਇਸ ਤੋਂ ਬਾਅਦ ਔਰਤ ਟੀਚਰ ਦਾ ਮੋਬਾਇਲ, ਸੋਨੇ ਦੇ ਗਹਿਣੇ ਅਤੇ 1.5 ਲੱਖ ਰੁਪਏ ਲੈ ਕੇ ਗਾਇਬ ਹੋ ਗਈ। ਔਰਤ ਆਪਣੇ ਪ੍ਰੇਮੀ ਨਾਲ ਭੱਜ ਗਈ। ਔਰਤ ਨੇ ਟੀਚਰ ਇੰਦਰ ਨੂੰ ਫਸਾਉਣ ਦੀ ਪੂਰੀ ਯੋਜਨਾ ਇਕ ਕਥਾਵਾਚਕ ਦੀ ਵੀਡੀਓ ਦੇਖਣ ਤੋਂ ਬਾਅਦ ਬਣਾਈ ਗਈ ਸੀ, ਜਿੱਥੇ ਉਹ ਇਹ ਦੱਸ ਰਿਹਾ ਸੀ ਕਿ ਕਿਵੇਂ ਕਿਸੇ ਨੂੰ ਧੋਖਾ ਦੇ ਕੇ ਫਸਾਇਆ ਜਾ ਸਕਦਾ ਹੈ। ਮਾਮਲਾ ਉਦੋਂ ਖੁੱਲ੍ਹਿਆ ਜਦੋਂ ਔਰਤ ਅਤੇ ਉਸ ਦਾ ਪ੍ਰੇਮੀ ਫਰਾਰ ਹੋਏ। ਜਾਂਚ ਦੌਰਾਨ ਇਹ ਸਾਬਤ ਹੋਇਆ ਕਿ ਔਰਤ ਲੰਬੇ ਸਮੇਂ ਤੋਂ ਅਧਿਆਪਕ ਦਾ ਮੋਬਾਇਲ ਇਸਤੇਮਾਲ ਕਰ ਰਹੀ ਸੀ। ਫਿਲਹਾਲ ਦੋਸ਼ੀਆਂ ਦੀ ਭਾਲ ਜਾਰੀ ਹੈ। ਪੁਲਸ ਵਲੋਂ ਦਾਅਵਾ ਕੀਤਾ ਹੈ ਕਿ ਦੋਸ਼ੀਆਂ ਨੂੰ ਜਲਦ ਹੀ ਕਾਬੂ ਕਰ ਲਿਆ ਜਾਵੇਗਾ।

## ਨਵੇਂ ਡਿਜੀਟਲ ਪੋਰਟਲ ਨਾਲ ਭੂਮੀ ਸੀਮਾਂਕਨ ਦੀ ਸਹੂਲਤ ਮਿਲੇਗੀ: ਡਾ. ਸੁਮਿਤਾ ਮਿਸ਼ਰਾ

**ਕੌਮੀ ਪਤ੍ਰਿਕਾ**

ਚੰਡੀਗੜ੍ਹ, 1 ਜੁਲਾਈ: ਹਰਿਆਣਾ ਦੇ ਮਾਲ ਅਤੇ ਆਪਦਾ ਪ੍ਰਬੰਧਨ ਵਿਭਾਗ ਦੀ ਵਿੱਤ ਕਮਿਸ਼ਨਰ ਡਾ. ਸੁਮਿਤਾ ਮਿਸ਼ਰਾ ਨੇ ਕਿਹਾ ਕਿ ਸੂਬਾ ਸਰਕਾਰ ਭੂਮੀ ਸੀਮਾਂਕਨ ਪ੍ਰਕ੍ਰਿਆ ਨੂੰ ਸਰਲ ਅਤੇ ਪਾਰਦਰਸ਼ੀ ਬਣਾਉਣ ਲਈ ਇੱਕ ਨਵਾਂ ਡਿਜੀਟਲ ਪੋਰਟਲ ਸ਼ੁਰੂ ਕਰਨ ਜਾ ਰਿਹਾ ਹੈ। ਇਹ ਪਹਿਲ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੇ ਡਿਜੀਟਲ ਹਰਿਆਣਾ ਵਿਜਨ ਅਤੇ ਪਹਿਲਾਂ ਤੋਂ ਚੱਲ ਰਹੇ ਭੂਮੀ ਪ੍ਰਸ਼ਾਸ਼ਨ ਸੁਧਾਰਾਂ ਦਾ ਇੱਕ ਮਹਤੱਵਪੂਰਣ ਹਿੱਸਾ ਹੈ। ਮਾਲ ਅਤੇ ਆਪਦਾ ਪ੍ਰਬੰਧਨ ਵਿਭਾਗ ਦੇ ਅਧਿਕਾਰੀਆਂ ਦੇ ਨਾਲ ਸਮੀਖਿਆ ਮੀਟਿੰਗ ਦੀ ਅਗਵਾਈ ਕਰਨ ਦੇ ਬਾਅਦ ਡਾ. ਸੁਮਿਤਾ ਮਿਸ਼ਰਾ ਨੇ ਦਸਿਆ ਕਿ ਇਸ ਨਾਗਰਿਕ-ਕੇਂਦ੍ਰਿਤ ਪੋਰਟਲ ਦਾ ਉਦੇਸ਼ ਭੂਮੀ ਸੀਮਾਂਕਨ ਨੂੰ ਆਧੁਨਿਕ ਅਤੇ ਡਿਜੀਟਲ ਬਨਾਉਣਾ ਹੈ, ਜਿਸ ਨਾਲ ਰਿਵਾਇਤੀ ਦੇਰੀ ਅਤੇ ਪ੍ਰਕ੍ਰਿਆਤਮਕ ਰੁਕਾਵਟਾਂ ਨੂੰ ਦੂਰ ਕੀਤਾ ਜਾ ਸਕੇ। ਇਹ ਖੇਤੀਬਾੜੀ, ਰਿਹਾਇਸ਼ੀ ਜਾਂ ਵਪਾਰਕ ਭੂਮੀ ਦੇ ਮਾਲਿਕਾਂ ਨੂੰ ਆਪਣੀ ਸੀਮਾਂਕਨ ਸ਼ਿਕਾਇਤਾਂ ਆਨਲਾਇਨ ਪੇਸ਼ ਕਰਨ ਦੀ ਮੰਜੂਰੀ ਦਵੇਗਾ, ਜਿਸ ਨਾਲ ਸਰਕਾਰੀ ਮਾਲ ਦਫਤਰਾਂ ਦੇ ਕਈ ਚੱਕਰ ਲਗਾਉਣ ਦੀ ਜਰੂਰਤ ਖਤਮ ਹੋ ਜਾਵੇਗੀ ਅਤੇ ਲਾਲਫੀਤਾਸ਼ਾਹੀ ਘੱਟ ਹੋਵੇਗੀ। ਡਾ. ਮਿਸ਼ਰਾ ਨੇ ਕਿਹਾ ਕਿ ਸੀਮਾਂਕਨ ਬਿਨਿਆਂ ਨੂੰ ਸਮੇਂਬੱਧ ਢੰਗ ਨਾਲ ਸੋਧ ਕੀਤਾ ਜਾਵੇਗਾ, ਜਿਸ ਨਾਲ ਪ੍ਰਕ੍ਰਿਆ ਕਾਫੀ ਸੁਵਿਵਸਥਿਤ ਹੋਵੇਗੀ ਅਤੇ ਸਰਕਾਰੀ ਪ੍ਰਕ੍ਰਿਆ ਵਿੱਚ ਜਨਤਾ ਦਾ ਭਰੋਸਾ ਮਜਬੂਤ ਹੋਵੇਗਾ। ਪੋਰਟਲ ਮਾਲ ਵਿਭਾਗ ਦੀ ਮੌ?ੂਦਾ ਡਿਜੀਟਲ ਭੂਮੀ ਰਿਕਾਰਡ ਪ੍ਰਣਾਲੀ ਦੇ ਨਾਲ ਏਕੀਕ੍ਰਿਤ ਹੋਵੇਗੀ ਅਤੇ ਸਟੀਕ, ਮੌਜੂਦਾ ਸਮੇਂ ਸੀਮਾ ਸੀਮਾਂਕਨ ਲਈ ਭਗੌਲਿਕ ਸੂਚਨਾ ਪ੍ਰਣਾਲੀ (ਜੀਆਈਐਸ) ਤਕਨੀਕ ਦਾ ਲਾਭ ਚੁੱਕੇਗਾ। ਇਹ ਏਕੀਕਿਰਣ ਅੱਪਡੇਟ ਸੀਕਾਂਕਨ ਨਕਸ਼ਿਆਂ, ਮਾਲ ਸੰਪਦਾ ਰਿਕਾਡਰ ਅਤੇ ਇਤਹਾਸਿਕ ਡੇਟਾ ਤੱਕ ਪਹੁੰਚ ਪ੍ਰਦਾਨ ਕਰੇਗਾ, ਜਿਸ ਨਾਲ ਅਸਪਸ਼ਟਾ ਅਤੇ ਸੀਮਾ ਵਿਵਾਦ ਘੱਟ ਹੋਣਗੇ। ਸਟੀਕਤਾ ਯਕੀਨੀ ਕਰਨ ਲਈ ਡਿਜੀਟਲ ਰੋਵਰ ਰਿਵਾਇਤੀ ਮੈਨੂਅਲ ਟੂਲ ਦੀ ਥਾਂ ਲੈਣਗੇ। ਪੋਰਟਲ ਵਿੱਚ ਸ਼ਿਕਾਇਤ ਟ?ਰੈਕਿੰਗ ਸਿਸਟਮ ਹੋਵੇਗਾ, ਜਿਸ ਨਾਲ ਉਪਯੋਗਕਰਤਾ ਆਪਣੀ ਸ਼ਿਕਾਇਤ ਦੀ ਸਥਿਤੀ ਨੂੰ ਪੇਸ਼ ਕਰਨ ਤੋਂ ਲੈ ਕੇ ਹੱਲ ਤੱਕ ਮਾਨੀਟਰ ਕਰ ਸਕਣਗੇ। ਨਿਰਧਾਰਿਤ ਹੱਲ ਸਮੇਂ ਸੀਮਾ ਦੇ ਪ੍ਰਤੀ ਇਸ ਪ੍ਰਤੀਬੱਧਤਾ ਨਾਲ ਹਰਿਆਣਾ ਦੀ ਭੂਮੀ ਪ੍ਰਸ਼ਾਸ਼ਨ ਪ੍ਰਣਾਲੀ ਵਿੱਚ ਜਵਾਬਦੇਹੀ ਅਤੇ ਜਨਤਾ ਦਾ ਭਰੋਸਾ ਵੱਧਣ ਦੀ ਉਮੀਦ ਹੈ। ਇਸ ਮੀਅ?ਗ ਵਿੱਚ ਭੂਮੀ ਜੋਤ ਅਤੇ ਭੂਮੀ ਅਭਿਲੇਖਾਂ ਦੇ ਚੱਕਬੰਦੀ ਨਿਦੇਸ਼ਕ ਸ੍ਰੀ ਯੱਸ਼ਪਾਲ, ਮਾਲ ਅਤੇ ਆਪਦਾ ਪ੍ਰਬੰਧਨ ਵਿਭਾਗ ਦੇ ਵਿਸ਼ੇਸ਼ ਸਕੱਤਰ ਸ੍ਰੀ ਰਵੀ ਪ੍ਰਕਾਸ਼ ਗੁਪਤਾ, ਮਾਲ ਅਤੇ ਆਪਦਾ ਪ੍ਰਬੰਧਨ ਵਿਭਾਗ ਦੇ ਸਕੱਤਰ ਸ੍ਰੀ ਰਾਹੁਲ ਹੁਡਾ, ਮਾਲ ਅਤੇ ਆਪਦਾ ਪ੍ਰਬੰਧਨ ਵਿਭਾਗ ਦੇ ਵਿਸ਼ੇਸ਼ ਸਕੱਤਰ ਸ੍ਰੀ ਕਮਲੇਸ਼ ਕੁਮਾਰ ਭਾਟੂ ਮੌਜੂਦ ਸਨ।

## ਉਦਯੋਗ ਅਤੇ ਵਪਾਰ ਮੰਤਰੀ ਰਾਓ ਨਰਬੀਰ ਸਿੰਘ ਨੇ ਕੀਤੀ ਸਮੀਖਿਆ ਮੀਟਿੰਗ

**ਕੌਮੀ ਪਤ੍ਰਿਕਾ**

ਚੰਡੀਗੜ੍ਹ, 1 ਜੁਲਾਈ: ਹਰਿਆਣਾ ਦੇ ਉਦਯੋਗ ਅਤੇ ਵਪਾਰ ਤੇ ਵਾਤਾਵਰਣ ਮੰਤਰੀ ਰਾਓ ਨਰਬੀਰ ਸਿੰਘ ਨੇ ਕਿਹਾ ਕਿ ਸੂਬਾ ਸਰਕਾਰ ਦੀ ਪ੍ਰਾਥਮਿਕਤਾ ਆਮਜਨਤਾ ਦੀ ਸਹੂਲਤਾਂ ਅਤੇ ਪਾਰਦਰਸ਼ੀ ਪ੍ਰਸ਼ਾਸ਼ਨ ਨੂੰ ਯਕੀਨੀ ਕਰਨਾ ਹੈ। ਉਨ੍ਹਾਂ ਨੇ ਕਿਹਾ ਕਿ ਪਹਿਲਾਂ ਵਿੱਚ ਉਨ੍ਹਾਂ ਨੇ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀਆਂ ਨੂੰ ਗੁਰੂਗ੍ਰਾਮ ਜਿਲ੍ਹੇ ਵਿੱਚ ਅਵੈਧ ਰੂਪ ਨਾਲ ਸੰਚਾਲਿਤ ਰੇਡੀ-ਟੂ-ਕਿਮਸਚਰ (ਆਰਐਮਸੀ) ਪਲਾਂਟ ਦੇ ਖਿਲਾਫ ਨਿਯਮ ਅਨੁਸਾਰ ਕਾਰਵਾਈ ਕਰ ਉਨ੍ਹਾਂ ਨੂੰ ਸੀਲ ਕਰਨ ਦੇ ਨਿਰਦੇਸ਼ ਦਿੱਤੇ ਸਨ। ਪਰ ਇਹ ਜਾਣਕਾਰੀ ਦਿੱਤੀ ਆਇਆ ਹੈ ਕਿ ਵਿਭਾਗ ਦੀ ਕਾਰਵਾਈ ਬਾਵਜੁਦ ਕੁੱਝ ਆਰਐਮਸੀ ਪਲਾਂਟ ਸੀਲ ਹੋਣ ਦੇ ਬਾਅਦ ਵੀ ਮੁੜ ਸੰਚਾਲਿਤ ਹੋ ਰਹੇ ਹਨ। ਉਨ੍ਹਾਂ ਨੇ ਨਿਰਦੇਸ਼ ਦਿੱਤੇ ਕਿ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਡੀਐਚਬੀਵੀਐਨ ਦੇ ਅਧਿਕਾਰੀ ਸੰਯੁਕਤ ਰੂਪ ਨਾਲ ਅਜਿਹੇ ਅਵੈਧ ਆਰਐਮਸੀ ਦੇ ਖਿਲਾਫ ਕਾਰਵਾਈ ਕਰਨ। ਉਦਯੋਗ ਮੰਤਰੀ ਮੰਗਲਵਾਰ ਨੂੰ ਗੁਰੂਗ੍ਰਾਮ ਵਿੱਚ ਬਿਜਲੀ ਵਿਭਾਗ (ਡੀਐਚਬੀਵੀਐਨ) ਅਤੇ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀਆਂ ਦੇ ਨਾਲ ਮੀਟਿੰਗ ਕਰ ਜਿਲ੍ਹੇ ਵਿੱਚ ਵਿਭਾਗ ਦੇ ਕੰਮਾਂ, ਅਵੈਧ ਗਤੀਵਿਧੀਆਂ 'ਤੇ ਕਾਰਵਾਈ ਅਤੇ ਬੁਨਿਆਦੀ ਢਾਂਚੇ ਦੇ ਮਜਬੂਤੀਕਰਣ ਦੀ ਸਮੀਖਿਆ ਮੀਟਿੰਗ ਦੌਰਾਨ ਬੋਲ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਜਦੋਂ ਵੀ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਕਿਸੇ ਅਵੈਧ ਆਰਐਮਸੀ ਪਲਾਂਟ ਨੂੰ ਸੀਲ ਕੀਤਾ ਜਾਵੇ, ਉਸੀ ਸਮੇਂ ਬਿਜਲੀ ਵਿਭਾਗ ਉਸ ਦਾ ਬਿਜਲੀ ਕਨੈਕਸ਼ਨ ਤੁਰੰਤ ਪ੍ਰਭਾਵ ਨਾਲ ਕੱਟਣ, ਤਾਂ ਜੋ ਨਿਯਮਾਂ ਦਾ ਉਲੰਘਣ ਕਰਨ ਵਾਲਿਆਂ 'ਤੇ ਸਖਤ ਸੰਦੇਸ਼ ਜਾਵੇ। ਉਨ੍ਹਾਂ ਨੇ ਬਿਜਲੀ ਵਿਭਾਗ ਨੂੰ ਸਖਤ ਨਿਰਦੇਸ਼ ਦਿੱਤੇ ਕਿ ਗੁਰੂਗ੍ਰਾਮ ਦੀ ਆਵਾਜਾਈ ਵਿਵਸਥਾ ਨੂੰ ਸੁਚਾਰੂ ਬਣਾਏ ਰੱਖਣ ਲਈ ਸਾਰੇ ਪ੍ਰਮੁੱਖ ਸੜਕਾਂ 'ਤੇ ਲਟਕਦੀ ਤਾਰਾਂ ਨੂੰ ਜਲਦੀ ਤੋਂ ਜਲਦੀ ਠੀਕ ਕੀਤਾ ਜਾਵੇ। ਉਨ੍ਹਾ ਨੇ ਕਿਹਾ ਕਿ ਇੰਨ੍ਹਾਂ ਤਾਰਾਂ ਤੋਂ ਬਰਸਾਤ ਦੇ ਮੌਸਮ ਵਿੱਚ ਦੁਰਘਟਨਾ ਦੀ ਆਸ਼ੰਕਾ ਵੱਧ ਜਾਂਦੀ ਹੈ, ਅੰਤ: ਪ੍ਰਾਥਮਿਕਤਾ ਆਧਾਰ 'ਤੇ ਅਜਿਹੇ ਸਾਰੇ ਥਾਵਾਂ ਨੂੰ ਚੋਣ ਕਰ ਕੰਮ ਪੂਰਾ ਕੀਤਾ ਜਾਵੇ। ਇਸ ਤੋਂ ਇਲਾਵਾ, ਉਨ੍ਹਾਂ ਨੇ ਨਿਰਦੇਸ਼ ਦਿੱਤਾ ਕਿ ਜਿਨ੍ਹਾਂ ਸੜਕਾਂ ਦੇ ਵਿੱਚ ਬਿਜਲੀ ਦੇ ਪੋਲ ਖੜੇ ਹਨ, ਜਾਂ ਗ੍ਰਾਮੀਣ ਖੇਤਰਾਂ ਵਿੱਚ ਰਿਹਾਇਸ਼ੀ ਆਬਾਦੀ ਵਿੱਚ ਬਿਜਲੀ ਦੇ ਖੰਬੇ ਬਣੇ ਹੋਏ ਹਨ, ਉਨ੍ਹਾਂ ਨੂੰ ਨਿਯਮ ਅਨੁਸਾਰ ਟ?ਰਾਂਸਫਰ ਕੀਤਾ ਜਾਵੇ। ਉਨ੍ਹਾਂ ਨੇ ਕਿਹਾ ਕਿ ਇਹ ਕੰਮ ਨਾਗਰਿਕਾਂ ਦੀ ਸੁਰੱਖਿਆ ਅਤੇ ਸਹੂਲਤ ਦੋਵਾਂ ਦੇ ਦ੍ਰਿਸ਼ਟੀਕੋਣ ਨਾਲ ਬਹੁਤ ਮਹਤੱਵਪੂਰਣ ਹੈ। ਰਾਓ ਨਰਬੀਰ ਸਿੰਘ ਨੇ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਖੇਤਾਂ ਵਿੱਚ ਪੁਰਾਣੇ ਤੇ ਖਰਾਬ ਤਾਰਾਂ ਨੂੰ ਪੜਾਅਵਾਰ ਢੰਗ ਨਾਲ ਬਦਲਿਆ ਜਾਵੇ। ਉਨ੍ਹਾਂ ਨੇ ਕਿਹਾ ਕਿ ਫਸਲ ਕਟਾਈ ਦੇ ਬਾਅਦ ਜਿਨ੍ਹਾਂ ਖੇਤਰਾਂ ਵਿੱਚ ਬਿਜਲੀ ਦੇ ਤਾਰ ਹੇਠ ਝੁੱਕ ਰਹੇ ਹਨ, ਉੱਥੇ ਤੁਰੰਤ ਮੁਰੰਮਤ ਕਰਾਈ ਜਾਵੇ, ਤਾਂ ਜੋ ਕੋਈ ਦੁਰਘਟਨਾ ਨਾ ਹੋਵੇ। ਰਾਓ ਨੇ ਕਿਹਾ ਕਿ ਵਿਭਾਗ ਦੇ ਕੰਮਾਂ ਦੀ ਰੈਗੂਲਰ ਮਾਨੀਟਰਿੰਗ ਯਕੀਨੀ ਕੀਤੀ ਜਾਵੇ ਅਤੇ ਸਾਰੇ ਕੰਮ ਨਿਰਧਾਰਿਤ ਮਾਨਕਾਂ ਦੇ ਅਨੁਰੂਪ ਅਤੇ ਸਮੇਂਬੱਧ ਪੂਰੇ ਹੋਣ।

## ਜਸਟਿਸ ਵਰਮਾ ਵਿਰੁੱਧ ਮਹਾਦੋਸ਼ ਨੂੰ ਲੈ ਕੇ ਕਾਨੂੰਨੀ ਰੁਕਾਵਟ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 1 ਜੁਲਾਈ। ਇਲਾਹਾਬਾਦ ਹਾਈ ਕੋਰਟ ਦੇ ਜੱਜ ਯਸ਼ਵੰਤ ਵਰਮਾ ਵਿਰੁੱਧ ਕਥਿਤ ਭ੍ਰਿਸ਼ਟਾਚਾਰ ਮਾਮਲੇ 'ਤੇ ਸੰਸਦ ਦੇ ਮਾਨਸੂਨ ਸੈਸ਼ਨ ਦੌਰਾਨ ਮਹਾਦੋਸ਼ ਦਾ ਪ੍ਰਸਤਾਵ ਲਿਆਉਣ ਦੀ ਸਰਕਾਰ ਦੀ ਯੋਜਨਾ ਨੂੰ ਕਾਨੂੰਨੀ ਰੁਕਾਵਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸਰਕਾਰ ਨੂੰ ਸਲਾਹ ਦੇਣ ਵਾਲੇ ਕਾਨੂੰਨੀ ਮਾਹਿਰਾਂ ਦਾ ਮੰਨਣਾ ਹੈ ਕਿ ਜੱਜ (ਜਾਂਚ) ਐਕਟ, 1968 ਰਾਹੀਂ ਨਿਰਧਾਰਤ ਢੁੱਕਵੀਂ ਪ੍ਰਕਿਰਿਆ ਦੀ ਪਾਲਣਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਐਕਟ ਅਧੀਨ ਸੰਸਦ ਦੇ ਕਿਸੇ ਵੀ ਹਾਊਸ 'ਚ ਮਹਾਦੋਸ਼ ਦੇ ਪ੍ਰਸਤਾਵ ਨੂੰ ਪ੍ਰਵਾਨ ਕੀਤੇ ਜਾਣ ਤੋਂ ਬਾਅਦ ਸਪੀਕਰ ਜਾਂ ਚੇਅਰਮੈਨ ਨੂੰ ਦੋਸ਼ਾਂ ਦੀ ਜਾਂਚ ਲਈ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਜਾਂ ਸੁਪਰੀਮ ਕੋਰਟ ਦੇ ਕਿਸੇ ਜੱਜ, ਹਾਈ ਕੋਰਟ ਦੇ ਚੀਫ਼ ਜਸਟਿਸ ਤੇ ਇਕ ਪ੍ਰਸਿੱਧ ਕਾਨੂੰਨਦਾਨ 'ਤੇ ਆਧਾਰਿਤ 3 ਮੈਂਬਰੀ ਕਮੇਟੀ ਦਾ ਗਠਨ ਕਰਨਾ ਹੋਵੇਗਾ। ਹਾਲਾਂਕਿ, ਸਰਕਾਰ ਦੀ ਦਲੀਲ ਹੈ ਕਿ ਉਸ ਸਮੇਂ ਦੇ ਚੀਫ਼ ਜਸਟਿਸ ਖੰਨਾ ਵੱਲੋਂ ਗਠਿਤ ਇਕ ਅੰਦਰੂਨੀ ਕਮੇਟੀ ਪਹਿਲਾਂ ਹੀ ਆਪਣੇ ਨਤੀਜੇ ਪੇਸ਼ ਕਰ ਚੁੱਕੀ ਹੈ। ਇਸ ਲਈ ਨਵੀਂ ਕਮੇਟੀ ਬਣਾਉਣ ਦੀ ਕੋਈ ਲੋੜ ਨਹੀਂ। ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰੇਨ ਰਿਜਿਜੂ ਦਾ ਵੀ ਇਹੀ ਵਿਚਾਰ ਸੀ ਪਰ ਉਨ੍ਹਾਂ ਸਾਵਧਾਨੀ ਵਰਤਦਿਆਂ ਕਿਹਾ ਕਿ ਅਸੀਂ ਇਸ 'ਤੇ ਵਿਚਾਰ ਕਰਾਂਗੇ ਕਿ ਇਸ ਨੂੰ ਮੌਜੂਦਾ ਪ੍ਰਕਿਰਿਆ ਨਾਲ ਕਿਵੇਂ ਜੋੜਿਆ ਜਾਵੇ। ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਜਸਟਿਸ ਸੌਮਿੱਤਰ ਸੇਨ ਅਤੇ ਵੀ. ਰਾਮਾਸਵਾਮੀ ਮਾਮਲਿਆਂ 'ਚ ਉਸ ਵੇਲੇ ਦੇ ਮੁੱਖ ਜੱਜਾਂ ਵੱਲੋਂ ਗਠਿਤ ਅੰਦਰੂਨੀ ਜਾਂਚਾਂ ਦੇ ਬਾਵਜੂਦ ਸਰਕਾਰ ਨੇ 1968 ਦੇ ਐਕਟ ਅਧੀਨ ਇਕ ਨਵੀਂ ਕਮੇਟੀ ਦਾ ਗਠਨ ਕੀਤਾ ਸੀ। ਮੁੱਖ ਸੰਵਿਧਾਨਕ ਸਵਾਲ ਇਹ ਹੈ ਕਿ ਕੀ ਸਪੀਕਰ ਜਾਂ ਚੇਅਰਮੈਨ ਜੱਜ (ਜਾਂਚ) ਐਕਟ ਦੇ ਸਪੱਸ਼ਟ ਹੁਕਮ ਨੂੰ ਨਜ਼ਰਅੰਦਾਜ਼ ਕਰ ਸਕਦੇ ਹਨ ਤੇ ਇਕ ਕਾਨੂੰਨੀ ਕਮੇਟੀ ਦਾ ਗਠਨ ਕੀਤੇ ਬਿਨਾਂ ਅੱਗੇ ਵਧ ਸਕਦੇ ਹਨ? ਇਹ ਦੱਸਣਾ ਦਿਲਚਸਪ ਹੈ ਕਿ ਜਸਟਿਸ ਸੌਮਿੱਤਰ ਸੇਨ ਵਿਰੁੱਧ ਦੋਸ਼ਾਂ ਦੀ ਜਾਂਚ ਲਈ ਗਠਿਤ ਜਾਂਚ ਕਮੇਟੀ ਨੂੰ ਆਪਣੀ ਜਾਂਚ ਪੂਰੀ ਕਰਨ 'ਚ ਲਗਭਗ 18 ਮਹੀਨੇ ਲੱਗੇ ਸਨ। ਵੀ. ਰਾਮਾਸਵਾਮੀ ਮਾਮਲੇ 'ਚ ਵੀ ਜਾਂਚ ਕਮੇਟੀ ਨੇ ਆਪਣੀ ਰਿਪੋਰਟ ਪੇਸ਼ ਕਰਨ 'ਚ ਕਾਫੀ ਸਮਾਂ ਲਿਆ ਸੀ। ਇਹੀ ਕਾਰਨ ਹੈ ਕਿ ਬਹੁਤ ਸਾਰੇ ਉੱਘੇ ਵਕੀਲਾਂ ਨੇ ਜਸਟਿਸ ਯਸ਼ਵੰਤ ਵਰਮਾ ਨੂੰ ਮਹਾਦੋਸ਼ ਦੀ ਬਦਨਾਮੀ ਤੋਂ ਬਚਣ ਲਈ ਅਸਤੀਫਾ ਦੇਣ ਦੀ ਅਪੀਲ ਕੀਤੀ ਹੈ ਪਰ ਜਸਟਿਸ ਵਰਮਾ ਅਹੁਦਾ ਛੱਡਣ ਲਈ ਤਿਆਰ ਨਹੀਂ ਹਨ। ਸਰਕਾਰ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਅਹੁਦੇ ਤੋਂ ਹਟਾਉਣਾ ਚਾਹੁੰਦੀ ਹੈ।

### ਨੌਜਵਾਨਾਂ ਨੂੰ ਹਰ ਮਹੀਨੇ 4000 ਤੇ ਇਨ੍ਹਾਂ ਲੋਕਾਂ ਨੂੰ 3 ਹਜ਼ਾਰ ! ਕੈਬਨਿਟ ਨੇ 24 ਸਕੀਮਾਂ 'ਤੇ ਲਾਈ ਮੋਹਰ

ਪਟਨਾ 1 ਜੁਲਾਈ। ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਬਿਹਾਰ ਕੈਬਨਿਟ ਨੇ ਰੋਜ਼ੀ-ਰੋਟੀ ਦੇ ਸੰਕਟ ਨਾਲ ਜੂਝ ਰਹੇ ਸੂਬੇ ਦੇ ਸੀਨੀਅਰ ਕਲਾਕਾਰਾਂ ਦੀ ਮਦਦ ਲਈ ਮੁੱਖ ਮੰਤਰੀ ਕਲਾਕਾਰ ਪੈਨਸ਼ਨ ਯੋਜਨਾ ਸ਼ੁਰੂ ਕਰਨ ਸਣੇ 24 ਪ੍ਰਸਤਾਵਾਂ ਨੂੰ ਮਨਜ਼ੂਰੀ ਦਿੱਤੀ ਹੈ। ਇਸ ਯੋਜਨਾ ਦੇ ਅਧੀਨ ਯੋਗ ਕਲਾਕਾਰਾਂ ਨੂੰ 3 ਹਜ਼ਾਰ ਰੁਪਏ ਹਰ ਮਹੀਨੇ ਪੈਨਸ਼ਨ ਮਿਲੇਗੀ। ਮੰਗਲਵਾਰ ਨੂੰ ਕੈਬਨਿਟ ਸਕੱਤਰ ਦੇ ਐਡੀਸ਼ਨਲ ਚੀਫ਼ ਸਕੱਤਰ ਐੱਸ. ਸਿਧਾਰਥ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਅਗਵਾਈ 'ਚ ਕੈਬਨਿਟ ਨੇ ਰਵਾਇਤੀ ਤਰੀਕਿਆਂ ਅਤੇ ਕੌਸ਼ਲ ਨੂੰ ਉਤਸ਼ਾਹ ਦੇਣ ਲਈ 'ਮੁੱਖ ਮੰਤਰੀ ਗੁਰੂ ਸ਼ਿਸ਼ਯ ਪਰੰਪਰਾ ਯੋਜਨਾ' ਨੂੰ ਮਨਜ਼ੂਰੀ ਦਿੱਤੀ, ਜਿਸ ਲਈ 2025-26 ਲਈ 1.11 ਕਰੋੜ ਰੁਪਏ ਦੀ ਪ੍ਰਸ਼ਾਸਨਿਕ ਮਨਜ਼ੂਰੀ ਦਿੱਤੀ ਗਈ। ਕੇਂਦਰ ਸਪਾਂਸਰਡ ਰਾਸ਼ਟਰੀ ਕੁਦਰਤੀ ਖੇਤੀ ਮਿਸ਼ਨ ਯੋਜਨਾ ਦੇ ਅਧੀਨ ਵਿੱਤੀ ਸਾਲ 2025-26 ਲਈ 36.35 ਕਰੋੜ ਰੁਪਏ ਦੀ ਪ੍ਰਸ਼ਾਸਨਿਕ ਮਨਜ਼ੂਰੀ ਦਿੱਤੀ ਗਈ। ਇਸ ਤੋਂ ਇਲਾਵਾ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਉਪਲੱਬਧ ਕਰਵਾਉਣ ਲਈ 'ਮੁੱਖ ਮੰਤਰੀ ਪ੍ਰਤਿਗਿਆ ਯੋਜਨਾ' ਦਾ ਐਲਾਨ ਕੀਤਾ ਗਿਆ ਹੈ। ਇਸ ਯੋਜਨਾ ਦੇ ਅਧੀਨ ਯੋਗ ਉਮੀਦਵਾਰਾਂ ਨੂੰ ਇੰਟਰਨਸ਼ਿਪ ਵਜੋਂ ਹਰ ਮਹੀਨੇ 4 ਤੋਂ 6 ਹਜ਼ਾਰ ਰੁਪਏ ਮਿਲਣਗੇ।

## ਸਾਡੇ ਬੱਚੇ ਨੌਕਰੀ ਲੈਣ ਵਾਲੇ ਨਹੀਂ ਸਗੋਂ ਨੌਕਰੀ ਦੇਣ ਵਾਲੇ ਬਣਨਗੇ: ਅਮਨ ਅਰੋੜਾ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 1 ਜੁਲਾਈ। ਜ਼ਿਲਾ ਪ੍ਰਸ਼ਾਸਨ ਅਤੇ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਆਯੋਜਿਤ ਫਿਊਚਰ ਟੌਈਕੋਨ ਪ੍ਰੋਗਰਾਮ ਦੇ ਗ੍ਰੈਂਡ ਫਿਨੈਲੇ ਵਿਚ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਸਾਡੇ ਪੰਜਾਬ ਦੇ ਬੱਚੇ ਨੌਕਰੀ ਲੈਣ ਵਾਲੇ ਨਹੀਂ, ਨੌਕਰੀ ਦੇਣ ਵਾਲੇ ਬਣਨਗੇ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੇ ਨੌਜਵਾਨਾਂ ਨੂੰ ਵੱਧ ਤੋਂ ਵੱਧ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰ ਰਹੀ ਹੈ, ਤਾਂ ਜੋ ਸਾਡੇ ਨੌਜਵਾਨ ਵਿਦੇਸ਼ਾਂ ਵਿਚ ਜਾਣ ਦੀ ਬਜਾਏ ਆਪਣੇ ਸੂਬੇ ਵਿਚ ਕਾਰੋਬਾਰ ਸਥਾਪਿਤ ਕਰਨ ਅਤੇ ਆਪਣੇ ਨਾਲ-ਨਾਲ ਹੋਰ ਨੌਜਵਾਨਾਂ ਨੂੰ ਵੀ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ। ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਵੱਲੋਂ ਅੰਮ੍ਰਿਤਸਰ ਜ਼ਿਲ੍ਹੇ ਵਿਚ ਪਹਿਲੀ ਵਾਰ ਆਯੋਜਿਤ ਫਿਊਚਰ ਟੌਈਕੋਨ ਪ੍ਰੋਗਰਾਮ ਦੀ ਸ਼ਲਾਘਾ ਕਰਦਿਆਂ ਅਰੋੜਾ ਨੇ ਕਿਹਾ ਕਿ ਇਸ ਤੋਂ ਪਹਿਲਾਂ ਪਟਿਆਲਾ ਅਤੇ ਲੁਧਿਆਣਾ ਵਿਚ ਵੀ ਡੀ. ਸੀ. ਵੱਲੋਂ ਅਜਿਹੇ ਪ੍ਰੋਗਰਾਮ ਆਯੋਜਿਤ ਕੀਤੇ ਜਾ ਚੁੱਕੇ ਹਨ, ਜੋ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਅਤੇ ਕਾਰੋਬਾਰ ਵਧਾਉਣ ਵਿਚ ਮਦਦ ਕਰਦੇ ਹਨ। ਗ੍ਰੈਂਡ ਫਿਨੈਲੇ ਪ੍ਰੋਗਰਾਮ ਵਿਚ ਜੇਤੂ ਨੌਜਵਾਨਾਂ ਨੂੰ ਇਨਾਮ ਵੰਡਦੇ ਹੋਏ ਅਰੋੜਾ ਨੇ ਕਿਹਾ ਕਿ ਫਿਊਚਰ ਟੌਈਕੋਨ ਪ੍ਰੋਗਰਾਮ ਵਿਹਾਰਕ ਸਿਖਲਾਈ, ਮਾਹਰ ਸਲਾਹ ਪ੍ਰਦਾਨ ਕਰਦਾ ਹੈ ਅਤੇ ਕਾਰੋਬਾਰ ਵਿਚ ਅਸਲ-ਸੰਸਾਰ ਦੀਆਂ ਵਪਾਰਕ ਚੁਣੌਤੀਆਂ ਨੂੰ ਜੋੜਨ ਅਤੇ ਇੱਕ ਸਫਲ ਉੱਦਮੀ ਬਣਨ, ਨੌਜਵਾਨਾਂ ਦੇ ਹੁਨਰ ਨੂੰ ਤਿੱਖਾ ਕਰਨ ਅਤੇ ਵਿਚਾਰਾਂ ਨੂੰ ਲਾਗੂ ਕਰਨ ਵਿਚ ਮਦਦ ਕਰਦਾ ਹੈ ਤਾਂ ਜੋ ਬੱਚੇ ਭਵਿੱਖ ਵਿਚ ਵੱਡੇ ਕਾਰੋਬਾਰੀ ਬਣ ਸਕਣ। ਜ਼ਿਲੇ ਦੇ 1300 ਨੌਜਵਾਨਾਂ ਨੇ ਇਸ



ਪ੍ਰੋਗਰਾਮ ਵਿਚ ਹਿੱਸਾ ਲਿਆ ਹੈ ਅਤੇ ਸਰਕਾਰ ਸਾਰੇ ਭਾਗੀਦਾਰਾਂ ਨੂੰ ਹਰ ਸੰਭਵ ਮਦਦ ਪ੍ਰਦਾਨ ਕਰੇਗੀ। ਸਰਕਾਰ ਹਰ ਜ਼ਿਲੇ ਵਿਚ ਅਜਿਹੇ ਪ੍ਰੋਗਰਾਮ ਆਯੋਜਿਤ ਕਰਨ ਦੀ ਕੋਸ਼ਿਸ਼ ਕਰੇਗੀ। ਇਸ ਮੌਕੇ ਡੀ. ਸੀ. ਸਾਕਸ਼ੀ ਸਾਹਨੀ ਨੇ ਕਿਹਾ ਕਿ ਵਿਦੇਸ਼ ਜਾਣ ਦੀ ਬਜਾਏ, ਨੌਜਵਾਨਾਂ ਲਈ ਆਪਣੇ ਰਾਜ ਵਿਚ ਰਹਿ ਕੇ ਆਪਣੇ ਕਾਰੋਬਾਰ 'ਤੇ ਧਿਆਨ ਕੇਂਦਰਿਤ ਕਰਨਾ ਬਿਹਤਰ ਹੈ ਅਤੇ ਉਨ੍ਹਾਂ ਨੂੰ ਵਿਦੇਸ਼ਾਂ ਨਾਲੋਂ ਇੱਥੇ ਕਾਰੋਬਾਰ ਸਥਾਪਤ ਕਰਨ ਦੇ ਵਧੇਰੇ ਮੌਕੇ ਮਿਲਣੇ ਚਾਹੀਦੇ ਹਨ। ਇਸ ਸਬੰਧ ਵਿਚ ਨੌਜਵਾਨਾਂ ਲਈ ਕਰੈਸ਼ ਕੋਰਸ ਵੀ ਕਰਵਾਏ ਗਏ ਹਨ, ਸਟਾਰਟਅੱਪ ਪੰਜਾਬ ਰਾਹੀਂ ਬੱਚਿਆਂ ਨੂੰ ਸਹੂਲਤਾਂ ਵੀ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਹਰ ਨੌਜਵਾਨ ਦੀ ਆਪਣੀ ਕਲਾ ਹੁੰਦੀ ਹੈ, ਜਿਸ ਨੂੰ ਮਜ਼ਬੂਤ ??ਹਿੰਮਤ ਅਤੇ ਮਜ਼ਬੂਤ ??ਦ੍ਰਿੜ ਇਰਾਦੇ ਨਾਲ ਨਿਖਾਰਨਾ ਚਾਹੀਦਾ ਹੈ। ਫਿਊਚਰ ਟੌਇਕੋਨ ਦੇ ਗ੍ਰੈਂਡ ਫਿਨੈਲੇ ਵਿਚ 6 ਸ਼?ਰੇਣੀਆਂ, ਜਿਸ ਵਿਚ ਓਪਨ ਕੈਟਾਗਰੀ, ਵਿਦਿਆਰਥੀ, ਪੀ. ਡਬਲਯੂਡੀ, ਯੰਗਮੈਨ, ਹੋਸਪੀਟੈਲਿਟੀ ਐਂਡ ਵੂਮਨ ਕੈਟਾਗਿਰੀ ਦੇ ਨੌਜਵਾਨਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਹਰੇਕ ਸ਼੍ਰੇਣੀ ਦੇ ਜੇਤੂਆਂ ਨੂੰ ਜੱਜਾਂ ਵਲੋਂ 50 ਹਜ਼ਾਰ ਰੁਪਏ, ਦੂਜਾ ਇਨਾਮ 20 ਹਜ਼ਾਰ ਰੁਪਏ ਅਤੇ ਤੀਜਾ ਇਨਾਮ 10 ਹਜ਼ਾਰ ਰੁਪਏ ਦੇ ਨਕਦ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿਚ ਪਿੰਗਲਵਾੜੀ ਦੇ ਵਿਦਿਆਰਥੀਆਂ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਮਹਿਮਾਨਾਂ ਦਾ ਸਵਾਗਤ ਜੀ. ਐੱਨ. ਡੀ. ਯੂ ਦੇ ਉਪ ਕੁਲਪਤੀ ਕਰਮਜੀਤ ਸਿੰਘ ਨੇ ਕੀਤਾ। ਗ੍ਰੈਂਡ ਫਿਨੈਲੇ ਸਮਾਰੋਹ ਵਿਚ ਕੈਬਨਿਟ ਮੰਤਰੀ ਹਰਭਜਨ ਸਿੰਘ ਈ. ਟੀ. ਓ, ਵਿਧਾਇਕ ਡਾ. ਅਜੇ ਗੁਪਤਾ, ਵਿਧਾਇਕ ਜਸਵਿੰਦਰ ਸਿੰਘ ਰਮਦਾਸ, ਜਸਬੀਰ ਸਿੰਘ ਸੰਧੂ, ਮੇਅਰ ਜਤਿੰਦਰ ਸਿੰਘ ਮੋਤੀ ਭਾਟੀਆ, ਡਿਪਟੀ ਮੇਅਰ ਪ੍ਰਿਯੰਕਾ ਸ਼ਰਮਾ ਅਤੇ ਹੋਰ ਬਹੁਤ ਸਾਰੇ ਪਤਵੰਤੇ ਮੌਜੂਦ ਸਨ।